# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 7 | Issue 07 | 14 February 2018 to 20 February 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਜੌਰਜੀਆ ਸੂਬੇ ਵਿਚ ਭੂਤਰੇ ਬੰਦੂਕਧਾਰੀ ਵਲੋਂ ਪਰਮਜੀਤ ਸਿੰਘ ਦੀ ਗੋਲੀਆਂ ਮਾਰ ਕੇ ਹਤਿਆ

**ਵਸਿੰਬਿਊਰੋ ਨਿਊਜ਼:** ਜੌਰਜੀਆ ਸੂਬੇ ਦੀ ਫਲੋਇਡ ਕਾਉਂਟੀ 'ਚ ਇੱਕ ਕਨਵੀਨੀਐਂਸ ਸਟੋਰ ਉੱਤੇ ਇਕ ਬੰਦੂਕਧਾਰੀ ਨੇ ਦੋ ਥਾਈਂ ਗੋਲੀਆਂ ਚਲਾ ਕੇ ਇੱਕ ਪੰਜਾਬੀ ਨੌਜਵਾਨ ਪਰਮਜੀਤ ਸਿੰਘ ਦੀ ਹਤਿਆ ਤੇ



ਇੱਕ ਭਾਰਤੀ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਸ਼ੱਕੀ ਮੁਜਰਿਮ ਲਮਰ ਰਸ਼ਦ ਨਿਕੋਲਸਨ (28 ਸਾਲ) ਨੇ ਪਿਛਲੇ ਹਫ਼ਤੇ ਸ਼ਾਮੀਂ ਬਰਨੇ ਫੈਰੀ ਰੋਡ ਉੱਤਲੇ ਹਾਈ ਟੈੱਕ ਕੁਇਕ ਸਟਾਪ ਵਿਖੇ ਸ਼ਾਮੀਂ ਅਚਾਨਕ ਹਮਲਾ ਕਰਕੇ ਹਾਈ ਸਕੂਲ ਪੜ੍ਹਦੇ ਦੋ ਬੱਚਿਆ ਦੇ ਪਿਓ 44 ਸਾਲਾ ਪਰਮਜੀਤ ਸਿੰਘ ਨੂੰ ਥਾਏਂ ਮਾਰ ਦਿੱਤਾ। ਪੁਲੀਸ ਦੇ ਦਸਣ ਅਨੁਸਾਰ ਹਮਲਵਾਰ ਨੇ ਸਟੋਰ ਵਿੱਚ ਵੜ੍ਹਦਿਆਂ ਹੀ ਕਾਉਂਟਰ ਪਿੱਛੇ ਖੜ੍ਹੇ ਪਰਮਜੀਤ ਸਿੰਘ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਥੋੜਾ ਪਾਸੇ ਖੜ੍ਹੀ ਮਹਿਲਾ ਇੰਪਲਾਈ ਨੂੰ ਹਮਲਾਵਰ ਨੇ ਕੁਝ ਨਹੀਂ ਕਿਹਾ। ਬੰਦੂਕਧਾਰੀ ਨੇ ਸਟੋਰ ਲੁੱਟਣ ਦਾ ਯਤਨ ਨਹੀਂ ਕੀਤਾ। ਹਮਲਾਵਰ ਨੇ ਉਸਤੋਂ 10 ਕੁ ਮਿੰਟ ਬਾਅਦ ਐਲਮ ਸਟਰੀਟ

ਬਾਕੀ ਸਫ਼ਾ 29 'ਤੇ

# 'ਆਪ' ਦਾ ਪੰਜਾਬ ਵਿਚਲਾ ਕਾਟੋ ਕਲੇਸ਼ ਮੁੜ ਉਭਰਿਆ

## ਕੁਝ ਵਿਧਾਇਕਾਂ ਨੇ ਭਗਵੰਤ ਮਾਨ ਨੂੰ ਅਹੁਦਿਓਂ ਲਾਹੁਣ 'ਤੇ ਦਿੱਤਾ ਜੋਰ

**ਚੰਡੀਗੜ੍ਹ/ਬਿਊਰੋ ਨਿਊਜ਼,** ਪੰਜਾਬ ਵਿਧਾਨ ਸਭਾ ਦੀਆਂ ਇੱਕ ਸਾਲ ਪਹਿਲਾਂ ਹੋਈਆਂ ਚੋਣਾਂ ਬਾਅਦ ਅੱਕੀਂ-ਪਲਾਹੀਂ ਹੱਥ ਮਾਰ ਰਹੀ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਵਿਚਲਾ ਕਾਟੋ-ਕਲੇਸ਼ ਥੋੜੇ ਸਮੇਂ ਬਾਅਦ ਕਿਸੇ ਨਾ ਕਿਸੇ ਰੂਪ ਵਿੱਚ ਮੁੜ ਤੇਜ ਹੋ ਕੇ ਸਾਹਮਣੇ ਆ ਜਾਂਦਾ ਹੈ। ਹੁਣ ਇਹ ਲੋਕਾਂ 'ਚ ਹਰਮਨਪਿਆਰੇ ਰਹੇ ਤੇ ਅਪਣੀਆਂ ਤਿਖੀਆਂ ਟਿਪਣੀਆਂ ਰਾਹੀ ਪੰਜਾਬ ਦੀ ਰਾਜਨੀਤੀ ਵਿੱਚ ਇਕ ਸਮੇਨ ਤਰਥੱਲੀ ਮਚਾਉਣ ਵਾਲੇ ਲੋਕ ਸਭਾ ਮੈਂਬਰ ਭਗਵੰਤ ਮਾਨ ਨੂੰ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਇਹ ਮੰਗ ਆਮ ਆਦਮੀ ਪਾਰਟੀ ਦੇ ਕੁਝ ਵਿਧਾਇਕਾਂ ਨੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਦੀ ਹਾਲੀਆ ਜਲੰਧਰ ਫੇਰੀ ਦੌਰਾਨ ਕੀਤੀ। ਸੂਤਰਾਂ ਅਨੁਸਾਰਾਂ ਸਿਸੋਦੀਆ ਨੇ ਚਾਰ ਫਰਵਰੀ ਨੂੰ ਵਿਧਾਇਕਾਂ ਨਾਲ ਵੱਖਰੀ ਵੱਖਰੀ ਮੁਲਾਕਾਤ ਕੀਤੀ ਸੀ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਇਕਾਈ ਤੋਂ ਸੂਬਾਈ ਮਾਮਲਿਆਂ ਬਾਰੇ ਉਨ੍ਹਾਂ ਦੀ ਰਾਇ ਲਈ। ਪਾਰਟੀ ਦੇ ਚਾਰ ਵਿਧਾਇਕਾਂ ਨੇ ਇਸ ਪੱਤਰਕਾਰ ਨੂੰ ਦੱਸਿਆ ਕਿ ਉਨ੍ਹਾਂ ਨੇ ਅਤੇ ਹੋਰਨਾਂ ਨੇ ਸਿਸੋਦੀਆ ਸਾਹਮਣੇ



ਭਗਵੰਤ ਮਾਨ ਦਾ ਮੁੱਦਾ ਉਠਾਇਆ ਸੀ।

ਸੂਤਰਾਂ ਅਨੁਸਾਰ ਜ਼ਿਆਦਾਤਰ ਵਿਧਾਇਕਾਂ ਨੇ ਸ੍ਰੀ ਸਿਸੋਦੀਆ ਤੋਂ ਮੰਗ ਕੀਤੀ ਕਿ ਭਗਵੰਤ ਮਾਨ ਨੂੰ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਲਈ ਤੁਰਤ ਕਾਰਵਾਈ ਕੀਤੀ ਜਾਵੇ। ਇਕ ਵਿਧਾਇਕ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਸਿਸੋਦੀਆ ਨੂੰ ਦੱਸਿਆ ਗਿਆ ਕਿ ਭਗਵੰਤ ਮਾਨ ਦੀ ਅਗਵਾਈ ਵਿੱਚ ਜ਼ਮੀਨੀ ਪੱਧਰ 'ਤੇ ਪਾਰਟੀ ਦੀ ਸਾਖ ਨੂੰ ਖੋਰਾ ਲੱਗਾ ਹੈ। ਮਾਲਵਾ ਦੇ ਇਕ ਵਿਧਾਇਕ ਨੇ ਦੱਸਿਆ ਕਿ ਉਨ੍ਹਾਂ ਵਿੱਚ ਆਮ ਵਿਚਾਰ ਹੈ ਕਿ ਮਾਨ ਪਾਰਟੀ ਵਿਧਾਇਕਾਂ ਦੀ ਪਹੁੰਚ ਤੋਂ ਵੀ ਦੂਰ ਹਨ। ਵਿਧਾਇਕਾਂ ਦੀ ਰਾਇ ਜਾਣਨ ਬਾਅਦ ਸਿਸੋਦੀਆ ਨੇ ਉਨ੍ਹਾਂ ਨੂੰ ਪੁੱਛਿਆ ਸੀ ਕਿ ਉਹ ਕਿਸੇ ਅਜਿਹੇ ਆਗੂ ਦਾ ਨਾਂ ਸੁਝਾਉਣ ਜਿਸ ਨੂੰ ਉਸ ਦੀ ਥਾਂ ਲਾਇਆ ਜਾ ਸਕੇ।

ਸੁਨਾਮ ਤੋਂ ਵਿਧਾਇਕ ਅਤੇ ਪੰਜਾਬ ਇਕਾਈ ਦੇ ਸਹਿ ਪ੍ਰਧਾਨ ਅਮਨ ਅਰੋੜਾ ਨੇ ਇਸ ਸਬੰਧੀ ਪੁੱਛੇ ਜਾਣ 'ਤੇ ਪੁਸ਼ਟੀ ਕੀਤੀ ਕਿ ਇਸ ਮੀਟਿੰਗ ਦੌਰਾਨ ਸਿਸੋਦੀਆ ਨੇ ਇਕੱਲੇ ਇਕੱਲੇ ਵਿਧਾਇਕ ਨਾਲ ਗੱਲਬਾਤ ਕੀਤੀ ਸੀ। ਸਿਸੋਦੀਆ ਦਾ ਏਜੰਡਾ ਬਿਲਕੁਲ ਸਪਸ਼ਟ ਸੀ, ਕਿਵੇਂ ਜਨਤਕ ਮੁੱਦਿਆਂ ਨੂੰ ਉਠਾਇਆ ਜਾਵੇ ਅਤੇ 2019 ਲੋਕ ਸਭਾ ਚੋਣਾਂ ਦੀ ਤਿਆਰੀ ਕੀਤੀ ਜਾਵੇ। ਉਨ੍ਹਾਂ ਦੀ ਇਹ ਮੀਟਿੰਗ ਜ਼ਮੀਨੀ ਹਕੀਕਤ ਦੀ ਸਹੀ ਸਮੀਖਿਆ ਲਈ ਸੀ। ਉਨ੍ਹਾਂ ਕਿਹਾ ਕਿ ਇਹ ਮੀਟਿੰਗ ਕਿਸੇ ਇਕੱਲੇ ਵਿਅਕਤੀ ਬਾਰੇ ਨਹੀਂ ਸੀ।

ਦੂਜੇ ਪਾਸੇ ਸੂਬਾਈ ਪ੍ਰਧਾਨ ਭਗਵੰਤ ਮਾਨ ਨੇ ਅਜਿਹਾ ਕੁਝ ਹੋਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸੰਸਦ ਦੇ ਸੈਸ਼ਨ ਦੌਰਾਨ ਉਨ੍ਹਾਂ ਨੇ ਮਨੀਸ਼ ਨਾਲ ਮੀਟਿੰਗ ਕੀਤੀ ਸੀ ਪਰ ਇਸ ਦੌਰਾਨ ਉਨ੍ਹਾਂ ਦੀ ਭੂਮਿਕਾ ਬਾਰੇ ਕੋਈ ਚਰਚਾ ਨਹੀਂ ਹੋਈ। ਇਸ ਦੌਰਾਨ 2019 ਲੋਕ ਸਭਾ ਤੇ ਸਥਾਨਕ ਚੋਣਾਂ ਸਬੰਧੀ ਪਾਰਟੀ ਦੀਆਂ ਤਿਆਰੀਆਂ ਬਾਰੇ ਲੰਮੀ ਚਰਚਾ ਹੋਈ ਸੀ।

ਜ਼ਿਕਰਯੋਗ ਹੈ ਕਿ ਅਪਰੈਲ ਵਿੱਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਤੁਰਤ ਬਾਅਦ ਮਾਨ ਨੇ ਪਾਰਟੀ ਦੀ ਹੋਰੀ ਹਾਰ ਲਈ ਦਿੱਲੀ ਦੀ ਲੀਡਰਸ਼ਿਪ ਨੂੰ ਦੋਸ਼ੀ ਠਹਿਰਾਇਆ ਸੀ।

# ਸੌਦਾ ਸਾਧ ਨੇ ਕਰਵਾਇਆ ਸੀ ਮੌੜ ਬੰਬ ਧਮਾਕਾ ?

- ਪੁਲੀਸ ਨੇ ਮੁੱਖ ਸ਼ੱਕੀ ਮੁਲਜ਼ਮ ਦੀ ਪੈੜ ਨੱਪੀ
- ਡੇਰੇ ਦੀ ਵਰਕਸ਼ਾਪ 'ਚ ਕਾਰ ਨੂੰ ਰੰਗ ਰੋਗਨ ਕਰਨ ਵਾਲੇ ਡੈਂਟਰ ਤੇ ਪੇਂਟਰ ਪੁਲੀਸ ਹਿਰਾਸਤ 'ਚ

**ਬਠਿੰਡਾ/ਬਿਊਰੋ ਨਿਊਜ਼:** ਬਦਨਾਮ ਸਿਰਸਾ ਡੇਰੇ ਦੇ ਮੋਹਰੀ ਅਤੇ ਬਲਾਤਕਾਰ ਦੇ ਦੋਸ਼ 'ਚ ਸਜ਼ਾ ਮਿਲਣ ਬਾਅਦ ਹਰਿਆਣਾ ਦੀ ਰੋਹਤਕ ਜੇਲ੍ਹ 'ਚ ਸਜ਼ਾ ਕੱਟ ਰਹੇ ਸਾਧ ਗੁਰਮੀਤ ਰਾਮ ਰਹੀਮ ਨੇ ਸਿਆਸੀ ਹਿੱਤਾਂ ਤੇ ਨਿੱਜੀ ਦੁਸ਼ਮਣੀ ਅਧੀਨ ਪੰਜਾਬ ਦੇ ਤਲਵੰਡੀ ਸਾਬੋ ਹਲਕੇ ਵਿੱਚ ਪੈਂਦੇ ਮੌੜ ਮੰਡੀ ਸ਼ਹਿਰ ਦੇ ਇੱਕ ਹਿੱਸੇ ਵਿੱਚ ਬੰਬ ਧਮਾਕਾ ਕਰਵਾਇਆ। ਇਹ ਸੰਕੇਤ ਇੱਕ ਸਾਲ ਪਹਿਲਾਂ ਪੰਜਾਬ ਵਿਧਾਨ ਸਭ ਦੀਆਂ ਚੋਣਾਂ ਮੌਕੇ ਕੀਤੇ ਗਏ ਤੇ 7 ਲੋਕਾਂ ਲਈ ਜਾਨ ਲੇਵਾ ਬਣੇ ਮੌੜ ਬੰਬ ਧਮਾਕੇ ਦੀ ਪੈੜ ਡੇਰਾ ਸਿਰਸਾ ਪੁੱਜਣ ਅਤੇ ਪੰਜਾਬ ਪੁਲੀਸ ਵਲੋਂ ਮੁੱਖ ਦੋਸ਼ੀਆਂ ਨੂੰ ਕਾਬੂ ਕਰਨ ਲਈ ਸਰਗਰਮੀ ਨਾਲ ਕੀਤੀ ਜਾ ਰਹੀ ਕਾਰਵਾਈ ਦੌਰਾਨ ਸਾਹਮਣੇ ਆਏ ਹਨ।

ਵਰਨਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 31 ਜਨਵਰੀ, 2017 ਦੀ ਰਾਤ ਨੂੰ ਮੌੜ ਮੰਡੀ ਵਿੱਚ ਮਾਰੂਤੀ ਕਾਰ ਵਿੱਚ ਬੰਬ ਧਮਾਕਾ ਹੋਇਆ ਸੀ, ਜਿਸ 'ਚ ਚਾਰ ਬੱਚਿਆਂ ਸਮੇਤ ਸੱਤ ਜਣੇ ਮਾਰੇ ਗਏ ਸਨ। ਇਹ ਧਮਾਕਾ ਡੇਰਾ ਮੁਖੀ ਦੇ ਰਿਸ਼ਤੇਦਾਰ ਅਤੇ ਕਾਂਗਰਸੀ ਨੇਤਾ ਹਰਮਿੰਦਰ ਜੱਸੀ ਦੀ ਰੈਲੀ ਦੌਰਾਨ ਹੋਇਆ ਸੀ।

ਤਾਜ਼ਾ ਖ਼ਬਰਾਂ ਅਨੁਸਾਰ ਪੁਲੀਸ ਨੇ ਮੌੜ ਬੰਬ ਧਮਾਕੇ ਦੇ ਮੁੱਖ ਸ਼ੱਕੀ

ਬਾਕੀ ਸਫ਼ਾ 29 'ਤੇ



ਮੌੜ ਧਮਾਕੇ ਲਈ ਵਰਤੀ ਗਈ ਕਾਰ ਦੀ ਫਾਈਲ ਫੋਟੋ।

### ਗਰਮਦਲੀਆਂ ਸਿਰ ਥੋਪੀ ਜਾ ਰਹੀ ਜੁੰਮੇਵਾਰੀ

ਦੱਸਣਯੋਗ ਹੈ ਕਿ ਪੁਲੀਸ ਵੱਲੋਂ ਪਹਿਲਾਂ ਇਸ ਧਮਾਕੇ ਨੂੰ ਗਰਮਦਲੀਆਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਸੀ। ਸੂਤਰਾਂ ਮੁਤਾਬਕ ਜਿਸ ਵਰਕਸ਼ਾਪ ਵਿੱਚ ਇਹ ਮਾਰੂਤੀ ਕਾਰ ਨੂੰ ਰੰਗ ਹੋਇਆ ਸੀ, ਉਸ 'ਚ ਸਿਰਫ਼ ਡੇਰਾ ਮੁਖੀ ਅਤੇ ਹਨੀਪ੍ਰੀਤ ਦਾ ਹੀ ਦਾਖਲਾ ਸੀ। ਪੁਲੀਸ ਇਸ ਮਾਮਲੇ 'ਚ ਡੇਰਾ ਮੁਖੀ ਤੇ ਹਨੀਪ੍ਰੀਤ ਨੂੰ ਵੀ ਘੇਰੇ ਵਿੱਚ ਲੈ ਸਕਦੀ ਹੈ। ਹਾਲਾਂਕਿ ਇਸ ਧਮਾਕੇ ਦਾ ਨਿਸ਼ਾਨਾ ਡੇਰਾ ਮੁਖੀ ਦਾ ਰਿਸ਼ਤੇਦਾਰ ਹਰਮਿੰਦਰ ਜੱਸੀ ਸੀ ਪਰ ਪੁਲੀਸ ਕਿਸੇ ਡੂੰਘੀ ਸਾਜ਼ਿਸ਼ ਦੀਆਂ ਪਰਤਾਂ ਫਰੋਲ

ਬਾਕੀ ਸਫ਼ਾ 29 'ਤੇ

# 'ਮੈਂ ਤੇ ਮੇਰੀ ਜਾਨ' ਦੀਆਂ ਪਈਆਂ ਧੁੰਮਾਂ

## ਸੂਫ਼ੀ ਗਾਇਕ ਸਤਿੰਦਰ ਸਰਤਾਜ ਦਾ ਯੂ.ਕੇ. ਟੂਰ 25 ਫਰਵਰੀ ਤੋਂ

**ਲੰਡਨ/ਬਿਊਰੋ ਨਿਊਜ਼:** ਪੰਜਾਬੀ ਸੂਫ਼ੀ ਗਾਇਕ ਸਤਿੰਦਰ ਸਰਤਾਜ ਦੇ ਨਵੇਂ ਤਟ ਪਹਿਲੇ ਸੋਲੋ ਗਾਣੇ 'ਮੈਂ ਤੇ ਮੇਰੀ ਜਾਨ' ਰਿਲੀਜ਼ ਹੋ ਗਈ ਹੈ ਇਹ ਗੀਤ ਉਸਦੀ ਛੇਤੀ ਹੀ ਆ ਰਹੀ ਸੀਜਨਜ਼ ਆਫ਼ ਸਰਤਾਜ (ਮੁਹੱਬਤ ਦੇ ਮੌਸਮ) ਐਲਬਮ ਦਾ ਹਿੱਸਾ ਹੈ। 7 ਗੀਤਾਂ ਵਾਲੀ ਸੰਗੀਤਕ ਵੀਡੀਓ ਲਈ ਜਤਿੰਦਰ ਸ਼ਾਹ ਦੇ ਸੰਗੀਤ ਵਾਲੀ ਸੀਜਨਜ਼ ਆਫ਼ ਸਰਤਾਜ, ਜਿਹੜੀ ਪ੍ਰੇਮੀਆਂ ਦੇ ਮਹੀਨੇ ਨੂੰ ਸਮਰਪਿੱਤ ਹੋਣ ਕਾਰਨ ਅਗਲੇ ਕੁਝ ਹਫ਼ਤਿਆਂ ਵਿੱਚ ਸਰੋਤਿਆਂ ਦੇ ਰੂਬਰੂ ਹੋਵੇਗੀ, ਵਿੱਚ ਪਿਆਰ ਦੇ ਪਲਾਂ ਨੂੰ ਰੂਪਮਾਨ ਕਰਦੇ ਗੀਤ ਹਨ। 'ਮੈਂ ਤੇ ਮੇਰੀ ਜਾਨ' ਬੀਟ ਵਾਲਾ ਪਿਆਰ ਗੀਤ ਹੈ ਜਿਹੜਾ ਦੁਨੀਆਂ 'ਚ ਧੁੰਮਾਂ ਪਾਉਣ ਵਾਲੇ ਪੰਜਾਬੀ ਗੀਤਾਂ ਦੀ ਪਹਿਲੀ ਸ਼੍ਰੇਣੀ ਵਿੱਚ ਆਉਂਦਾ ਹੈ। ਉੱਘੇ ਕਲਾਕਾਰ ਸੰਦੀਪ ਸ਼ਰਮਾ ਦੀ ਨਿਰਦੇਸ਼ਨਾਂ ਵਾਲੀ ਵੀਡੀਓ 4 ਮਿੰਟਾਂ ਦੇ ਵਿੱਚ ਹੀ ਖ਼ੂਬਸੂਰਤ ਪਿਆਰ ਕਹਾਣੀ ਰਾਹੀਂ ਸਰੋਤਿਆਂ/ਦਰਸ਼ਕਾਂ ਦੇ ਮਨ ਮੋਹ ਲੈਂਦੀ ਹੈ।




'ਮੈਂ ਤੇ ਮੇਰੀ ਜਾਨ' ਗੀਤ ਸਤਿੰਦਰ ਸਰਤਾਜ, ਜਿਸਨੇ ਬਹੁ ਚਰਚਿਤ ਹੌਲੀਵੁੱਡ ਫਿਲਮ ਦ ਬਲੈਕ ਪ੍ਰਿੰਸ 'ਚ ਆਖ਼ਰੀ ਸਿੱਖ ਮਹਾਰਾਜਾ ਦਲੀਪ ਸਿੰਘ ਦਾ ਕਿਰਦਾਰ ਬਾਖ਼ੂਬੀ ਨਿਭਾਉਂਦਿਆਂ ਸਿਨਮਾ ਪ੍ਰੇਮੀਆਂ ਦੇ ਦਿਲਾਂ ਵਿੱਚ ਅਪਣੀ ਥਾਂ ਬਣਾਈ ਹੈ, ਦੇ 25 ਫਰਵਰੀ ਨੂੰ ਸ਼ੁਰੂ ਹੋ ਰਹੇ ਮਹਾਰਾਜਾ ਟੂਰ ਪ੍ਰੋਗਰਾਮ ਤੋਂ ਪਹਿਲਾਂ ਹੀ ਇੱਕ ਤਰ੍ਹਾਂ ਨਾਲ ਖਲਬਲੀ ਮਚਾ ਦਿੱਤੀ ਹੈ।

ਬਾਕੀ ਸਫ਼ਾ 29 'ਤੇ
















# GLOBAL MULTI SERVICES

## ONE STOP SHOP FOR ALL TRUCKING NEEDS

**Ask for Special Parking Rates. 1st Come 1st Serve.**

**Truck Parking Available for 500+ Trucks**

i5 TRUCK WASH AND REPAIR

GET A SHOWROOM SHINE, EVERY TIME

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

HOME OF ALL TRUCKING SERVICES

GLOBAL TRUCK TERMINAL

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

**Call Maneet Deol for more info : 209-982-9996**

# ਸਾਕਾ ਨਕੋਦਰ ਦੇ ਸ਼ਹੀਦਾਂ ਦੀ ਕੁਰਬਾਨੀ ਨੂੰ ਕੀਤਾ ਗਿਆ ਸਿਜਦਾ

## ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ 32ਵੀਂ ਬਰਸੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ





**ਫਰੀਮਾਂਟ/ਬਿਊਰੋ ਨਿਊਜ਼:**
ਸਾਕਾ ਨਕੋਦਰ ਦੇ ਸ਼ਹੀਦਾਂ ਨੂੰ ਉਨ੍ਹਾਂ 32ਵੀਂ ਬਰਸੀ ਮੌਕੇ ਸ਼ਰਧਾ ਦੇ ਫੂਲ ਭੇਟ ਕਰਨ ਲਈ ਵੱਡੀ ਗਿਣਤੀ ਨੇ ਇਕੱਤਰ ਹੋ ਕੇ ਉਨ੍ਹਾਂ ਦੀ ਕੁਰਬਾਨੀ ਨੂੰ ਸਿੱਜਦਾ ਕੀਤਾ। ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਇਨ੍ਹਾਂ ਸ਼ਹੀਦਾਂ ਦੀ ਬਰਸੀ 11 ਫਰਵਰੀ ਐਤਵਾਰ ਨੂੰ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਗਈ। ਇਸ ਸਬੰਧੀ ਵਿਸ਼ੇਸ਼ ਸਮਾਰੋਹ 'ਚ ਸਮੂਹ ਪੰਥਕ ਜਥੇਬੰਦੀਆਂ ਅਤੇ ਸੰਗਤਾਂ ਤੋਂ ਇਲਾਵਾ ਰਾਗੀ ਜਥੇ ਭਾਈ ਇੰਦਰਜੀਤ ਸਿੰਘ, ਭਾਈ ਹਰਚਰਨ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ, ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਗੁਰੂਦਵਾਰਾ ਸਾਹਿਬ ਫਰੀਮਾਂਟ, ਭਾਈ ਸੁਖਵਿੰਦਰ ਸਿੰਘ ਕਥਾਵਾਚਕ ਦਮਦਮੀ ਟਕਸਾਲ, ਸਾਕਾ ਨਕੋਦਰ ਦੇ ਸ਼ਹੀਦ ਭਾਈ ਰਵਿੰਦਰ ਸਿੰਘ ਦੇ ਛੋਟੇ ਭਰਾ ਡਾਕਟਰ ਹਰਿੰਦਰ ਸਿੰਘ (ਸਟੈਂਫਰਡ ਯੂਨੀਵਰਸਿਟੀ) ਨੇ ਹਾਜ਼ਰੀ ਭਰੀ .

ਕਥਾਵਾਚਕ ਭਾਈ ਸੁਖਵਿੰਦਰ ਸਿੰਘ ਨੇ ਸਿੱਖ ਕੌਮ ਦੇ ਅਣਗੌਲੇ ਹੀਰੇ ਸ਼ਾਮ ਸਿੰਘ ਅਟਾਰੀ ਵਾਲੇ, ਅਤੇ ਭਾਈ ਜੱਸਾ ਸਿੰਘ ਆਹਲੂਵਾਲੀਆ ਦੀ ਸ਼ਹੀਦੀ ਬਾਰੇ ਸੰਖੇਪ ਵਿਚ ਚਾਨਣਾ ਪਾਇਆ ਅਤੇ ਸਾਕਾ ਨਕੋਦਰ ਕਾਂਡ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁਲ ਭੇਂਟ ਕਰਕੇ ਸ਼ਰਧਾਂਜਲੀ ਭੇਂਟ ਕੀਤੀ। ਭਾਈ ਦਵਿੰਦਰ ਸਿੰਘ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ।

ਇਸ ਸ਼ਰਧਾਂਜਲੀ ਸਮਾਰੋਹ ਵਿਚ ਡਾ. ਹਰਿੰਦਰ ਸਿੰਘ ਵਲੋਂ ਸਾਕਾ ਨਕੋਦਰ ਦੌਰਾਨ ਹੋਈ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ ਹੋਏ ਸਿੱਖ ਪ੍ਰਤੀਕਰਮ ਬਾਰੇ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਤੱਥਾਂ ਅਤੇ ਸਬੂਤਾਂ ਸਮੇਤ ਪੇਸ਼ ਕੀਤੀ ਗਈ। ਡਾ. ਹਰਿੰਦਰ ਸਿੰਘ ਨੇ ਸਾਕੇ ਦਾ ਹਾਲ ਸੰਗਤਾਂ ਨੂੰ ਵਰਨਣ ਕਰਦਿਆਂ ਦੱਸਿਆ ਕਿ ਪੁਲਿਸ ਅਤੇ ਨੀਮ ਫ਼ੌਜੀ ਦਸਤਿਆਂ ਨੇ ਸਤਿਨਾਮ ਵਾਹਿਗੁਰੂ ਜੀ ਦਾ ਜਾਪ ਕਰਦੀਆਂ ਸਿੱਖ ਸੰਗਤਾਂ ਜੋ ਕਿ ਗੁਰਦੁਆਰਾ ਸਾਹਿਬ ਵਿਖੇ ਦੁਸ਼ਟਾਂ ਵਲੋਂ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਗਨ ਭੇਂਟ ਕੀਤੇ ਸਰੂਪਾਂ ਦੀ ਸੰਭਾਲ਼ ਹਿੱਤ ਜਾ ਰਹੀਆਂ ਸਨ, ਉੱਪਰ ਬਿਨਾਂ ਕਿਸੇ ਭੜਕਾਹਟ ਜਾਂ ਚਿਤਾਵਨੀ ਦੇ ਗੋਲ਼ੀਆਂ ਦੀ ਬੁਸ਼ਾੜ ਕਰ ਦਿੱਤੀ। ਪੁਲਿਸ ਨੇ ਨੇੜੇ ਦੇ ਪਿੰਡਾਂ ਸ਼ੇਰਪੁਰ, ਹੁਸੈਨਪੁਰ ਤੱਕ ਜਾਕੇ ਸਿੱਖ ਨੌਜਵਾਨਾਂ ਨੂੰ ਘਰਾਂ ਅਤੇ ਖੂਹਾਂ/ਡੇਰਿਆਂ ਤੋਂ ਫੜ ਕੇ ਝੂਠੇ ਕੇਸ ਪਾਏ ਅਤੇ ਅਣਮਨੁੱਖੀ ਤਸ਼ੱਦਦ ਵੀ ਕੀਤਾ । ਡਾ. ਹਰਿੰਦਰ ਸਿੰਘ ਨੇ ਸ਼ਹੀਦ ਸਿੰਘਾਂ ਭਾਈ ਹਰਮਿੰਦਰ ਸਿੰਘ ਚਲੂਪੁਰ ਅਤੇ ਭਾਈ ਬਲਧੀਰ ਸਿੰਘ ਜੀ ਦੀਆਂ ਪੋਸਟ ਮਾਰਟਮ ਰਿਪੋਰਟਾਂ ਪੇਸ਼ ਕੀਤੀਆਂ, ਜਿਨ੍ਹਾਂ ਤੇ ਇਨ੍ਹਾਂ ਸਿੰਘਾਂ ਦੇ ਅਤੇ ਸਿੰਘਾਂ ਦੇ ਪਿਤਾ ਜੀ ਦੇ ਨਾਮ ਅਤੇ ਉਨ੍ਹਾਂ ਦੇ ਪਤੇ ਵੀ ਦਰਜ ਹਨ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸਭਾ ਦੀ ਰਿਪੋਰਟ ਵੀ ਪੇਸ਼ ਕੀਤੀ ਗਈ, ਜਿਸ ਵਿੱਚ ਮੌਕੇ ਦੇ ਐੱਸ.ਡੀ. ਐੱਮ. ਨੇ ਮੰਨਿਆ ਹੈ ਕਿ ਤਿੰਨ ਸ਼ਹੀਦ ਸਿੰਘਾਂ ਦੀ ਪਹਿਚਾਣ 4 ਫਰਵਰੀ ਦੀ ਸ਼ਾਮ ਨੂੰ ਹੋ ਗਈ ਸੀ। ਇਸ ਰਿਪੋਰਟ ਵਿੱਚ ਇਹ ਵੀ ਲਿਖਿਆ ਹੈ ਕਿ ਭਾਈ ਹਰਮਿੰਦਰ ਸਿੰਘ ਚਲੂਪੁਰ ਨੂੰ ਪੁਲੀਸ ਅਧਿਕਾਰੀਆਂ ਵਲੋਂ ਫੜ ਕੇ ਕਤਲ ਕੀਤਾ ਗਿਆ। ਯਾਦ ਰਹੇ ਕਿ ਪੁਲੀਸ ਵਲੋਂ ਉਸ ਮੌਕੇ ਇਨ੍ਹਾਂ ਸਿੰਘਾਂ ਨੂੰ ਅਣਪਛਾਤੇ ਅਤੇ ਲਾਵਾਰਿਸ ਕਹਿ ਕੇ ਸਾੜ ਦਿੱਤਾ ਗਿਆ ਸੀ। ਡਾ. ਹਰਿੰਦਰ ਸਿੰਘ ਵਲੋਂ ਇਹ ਪੋਸਟ ਮਾਰਟਮ ਰਿਪੋਰਟਾਂ ਪੇਸ਼ ਕਰਕੇ ਇਹ ਸਾਬਤ ਕੀਤਾ ਕਿ ਪੁਲੀਸ ਨੇ ਇਨ੍ਹਾਂ ਸਿੰਘਾਂ ਦੀ ਪਛਾਣ ਨਾ ਹੋਣ ਬਾਰੇ ਝੂਠ ਬੋਲਿਆ। ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਪਿਤਾ ਜੀ ਉਸ ਸਮੇਂ ਮੌਕੇ 'ਤੇ ਹਾਜ਼ਰ ਸਨ ਅਤੇ ਉਨ੍ਹਾਂ ਵਲੋਂ ਆਪਣੇ ਪੁੱਤਰ ਦੀ ਪਹਿਚਾਣ ਕਰਕੇ ਪੁਲੀਸ ਤੋਂ ਆਪਣੇ ਪੁੱਤਰ ਦਾ ਮ੍ਰਿਤਕ ਸਰੀਰ ਲੈਣ ਲਈ ਮੰਗ ਕੀਤੀ ਸੀ, ਜੋ ਇਹ ਸਾਬਿਤ ਕਰਦਾ ਹੈ ਕਿ ਪੁਲੀਸ ਵਲੋਂ ਇਨ੍ਹਾਂ ਸਿੰਘਾਂ ਨੂੰ ਜਾਣ ਬੁੱਝ ਕੇ ਲਾਵਾਰਿਸ ਕਰਾਰ ਦਿੱਤਾ ਗਿਆ। ਡਾ. ਹਰਿੰਦਰ ਸਿੰਘ ਵਲੋਂ ਪੇਸ਼ ਕੀਤੀਆਂ ਚਾਰੇ ਪੋਸਟ ਮਾਰਟਮ ਰਿਪੋਰਟਾਂ ਵਿੱਚ ਲਿਖਿਆ ਹੈ ਕਿ ਪੁਲੀਸ ਵਲੋਂ ਤਿੰਨ ਸਿੰਘਾਂ ਦੀਆਂ ਛਾਤੀਆਂ ਵਿੱਚ ਗੋਲੀਆਂ ਮਾਰੀਆਂ ਸਨ ਅਤੇ ਇੱਕ ਸਿੰਘ ਦੇ ਮੂੰਹ ਵਿੱਚ ਗੋਲੀਆਂ ਮਾਰੀਆਂ ਸਨ।

ਡਾਕਟਰ ਹਰਿੰਦਰ ਸਿੰਘ ਨੇ ਦੱਸਿਆ ਕਿ ਜੇ 32 ਸਾਲ ਬਾਦ ਵੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਅਤੇ ਨਿਹੱਥੇ ਸਿੰਘਾਂ ਦੀਆਂ ਸ਼ਹੀਦੀਆਂ ਦਾ ਇਨਸਾਫ ਨਹੀਂ ਮਿਲਿਆ ਤਾਂ ਅੱਗੋਂ ਵੀ ਕੋਈ ਆਸ ਨਹੀਂ ਰੱਖਣੀ ਚਾਹੀਦੀ। ਉਨ੍ਹਾਂ ਆਖਿਆ ਕਿ ਇਨਸਾਫ ਤਾਂ ਕੀ ਸਗੋਂ ਸਰਕਾਰ ਵਲੋਂ ਸਬੂਤ ਤੱਕ ਮਿਟਾਉਣ ਦੀ ਵੀ ਕੋਸ਼ਿਸ਼ ਕੀਤੀ ਗਈ ਤਾਂ ਕਿ ਆਉਣ ਵਾਲੀਆਂ ਨਸਲਾਂ ਆਪਣਾ ਇਤਿਹਾਸ ਨਾਂ ਜਾਣ ਸਕਣ ਅਤੇ ਜਿਹੜੀਆਂ ਕੌਮਾਂ ਆਪਣਾ ਇਤਿਹਾਸ ਭੁੱਲ ਜਾਂਦੀਆਂ ਨੇ, ਉਹ ਦੁਨੀਆ ਦੇ ਨਕਸ਼ੇ ਤੋਂ ਮਿਟ ਜਾਂਦੀਆਂ ਨੇ। ਉਨ੍ਹਾਂ ਆਖਿਆ ਕਿ ਇਹ ਸਰੀਰ ਨਾਸ਼ਵਾਨ ਹੈ ਅਤੇ ਮੌਤ ਅਤੇ ਮੌਤ ਦਾ ਸਮਾਂ ਨਿਸ਼ਚਿਤ ਹੈ। ਇਸ ਲਈ ਸਾਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੇਧ ਲੈ ਕੇ ਸ਼ਹੀਦਾਂ ਦੇ ਨਕਸ਼ੇ ਕਦਮਾਂ ਉਪਰ ਚਲਦਿਆਂ ਸ਼ਰੋਮਣੀ ਕਮੇਟੀ ਅਤੇ ਅਕਾਲ ਤਖਤ ਸਾਹਿਬ ਦੀ ਕਮਾਂਡ ਆਪਣੇ ਹੱਥਾਂ ਵਿਚ ਲੈਣ ਅਤੇ ਕੌਮ ਦਾ ਆਪਣਾ ਘਰ ਬਨਾਉਣ ਲੋੜ ਹੈ। ਇਹ ਹੀ ਸ਼ਹੀਦਾਂ ਨੂੰ ਸੱਚੀ ਸ਼ਰਾਂਧਜਲੀ ਹੋਵੇਗੀ।




# ਵਿਸ਼ਵ ਪੰਜਾਬੀ ਵਿਕਾਸ ਕਾਨਫਰੰਸ ਦੇ 'ਦੇਸੀ ਅੰਗਰੇਜ' ਮਹਿਮਾਨਾਂ ਨੇ ਅੰਗਰੇਜੀ 'ਚ ਦਸਤਖ਼ਤ ਕਰਕੇ ਵਧਾਈ ਮਾਂ ਬੋਲੀ ਦੀ ਸ਼ਾਨ

**ਪਟਿਆਲਾ/ਸਿੱਖ ਸਿਆਸਤ ਬਿਊਰੋ:**
ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਦੇ ਕਾਲੀਦਾਸ ਆਡੀਟੋਰੀਅਮ ਵਿੱਚ ਵਿਸ਼ਵ ਪੰਜਾਬੀ ਵਿਕਾਸ ਕਾਨਫਰੰਸ ਕਰਵਾਈ ਗਈ। ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕਰਵਾਈ ਇਸ ਕਾਨਫਰੰਸ ਵਿੱਚ ਪਹੁੰਚੇ ਕਰੀਬ ਅੱਧੇ ਮਹਿਮਾਨਾਂ ਵੱਲੋਂ ਆਪਣੀ ਆਮਦ ਦੇ ਦਸਤਖ਼ਤ ਅੰਗਰੇਜ਼ੀ ਵਿੱਚ ਕੀਤੇ ਗਏ। ਇਸ ਤੋਂ ਇਲਾਵਾ ਕਾਨਫਰੰਸ ਵਿੱਚ ਮੰਚ 'ਤੇ ਇੱਕ ਸਨਮਾਨ ਦਾ ਟਾਈਟਲ ਵੀ ਅੰਗਰੇਜ਼ੀ 'ਚ ਹੀ ਸੀ। ਇਸ ਕਾਨਫਰੰਸ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਇਸ ਤਰਾਂ ਦਾ ਵੱਡਮੁੱਲਾ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਜਿਨ੍ਹਾਂ ਵਿੱਚ ਹਰਜਿੰਦਰ ਕੌਰ ਕੰਗ, ਯਸ਼ਵੀਰ ਗੋਇਲ, ਪ੍ਰਿੰਸੀਪਲ ਜਸਵਿੰਦਰ ਸਿੰਘ, ਡਾ. ਹਰਬੰਸ ਸਿੰਘ, ਚਰਨਜੀਤ ਸਿੰਘ ਬਾਠ, ਡਾ. ਗੁਰਮੇਲ ਸਿੰਘ, ਡਾ. ਰਵੇਲ ਸਿੰਘ, ਹਰਮੀਤ ਸਿੰਘ ਹੇਅਰ, ਅਜੈਬ ਸਿੰਘ ਚੱਠਾ, ਡਾ. ਬੀ ਐੱਸ ਘੁੰਮਣ, ਰਾਜੇਸ਼ ਪੰਜੋਲਾ, ਕਰਅਜੈਬ ਸਿੰਘ ਸੰਘਾ, ਰਾਜਵਿੰਦਰ ਸਿੰਘ ਅਤੇ ਚਰਨਜੀਤ ਸਰੋਆ ਸ਼ਾਮਲ ਹਨ।



ਕਾਨਫਰੰਸ ਮੌਕੇ ਨੈਤਿਕ ਨਿਯਮ ਵਿਸ਼ੇ ਦੀ ਕਿਤਾਬ ਰਿਲੀਜ਼ ਕਰਦੇ ਹੋਏ ਮੁੱਖ ਮਹਿਮਾਨ ਪ੍ਰਨੀਤ ਕੌਰ ਤੇ ਹੋਰ ।

ਇਸ ਵਿਸ਼ਵ ਪੰਜਾਬੀ ਵਿਕਾਸ ਕਾਨਫਰੰਸ ਵਿੱਚ ਰਜਿੰਦਰ ਬਰਾੜ, ਡਾ. ਹਰਬੰਸ ਸਿੰਘ, ਡਾ. ਜਤਿੰਦਰ ਸਿੰਘ ਸਿੱਧੂ, ਡਾ. ਸਰਬਜਿੰਦਰ ਸਿੰਘ, ਡਾ. ਧਰਮਿੰਦਰ ਸਿੰਘ ਉੱਭਾ, ਡਾ. ਤਾਰਾ ਸਿੰਘ ਤੇ ਡਾ. ਜਸਵਿੰਦਰ ਨੇ ਪਰਚੇ ਪੜ੍ਹੇ। ਇਸ ਕਾਨਫਰੰਸ ਦੇ ਮਹਿਮਾਨ ਡੀਸੀ ਕੁਮਾਰ ਅਮਿਤ, ਉਜਾਗਰ ਸਿੰਘ, ਡਾ. ਗੁਰਮੀਤ ਮਾਨ, ਡਾ. ਦਰਸ਼ਨ ਸਿੰਘ ਆਸ਼ਟ, ਇੰਦਰਜੀਤ ਸਿੰਘ ਖਰੋੜ, ਜਗਜੀਤ ਸਿੰਘ ਦਰਦੀ ਤੇ ਬਲਜਿੰਦਰ ਕੌਰ ਚੱਠਾ ਸਮੇਤ ਹੋਰ ਹਾਜ਼ਰ ਸਨ। ਇਸ ਕਾਨਫਰੰਸ ਦੀ ਮੁੱਖ ਮਹਿਮਾਨ ਪ੍ਰਨੀਤ ਕੌਰ ਨੇ ਕਿਹਾ ਕਿ ਨੈਤਿਕ ਸਿੱਖਿਆ ਬੱਚਿਆਂ ਨੂੰ ਸਕੂਲ ਵਿੱਚ ਨਰਸਰੀ ਤੋਂ ਹੀ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਉਹ ਭਵਿੱਖ ਵਿੱਚ ਚੰਗੇ ਨਾਗਰਿਕ ਬਣ ਸਕਣ। ਪੀਪਲ ਆਰਗੇਨਾਈਜੇਸ਼ਨ ਕੈਨੇਡਾ' ਦੇ ਪ੍ਰਧਾਨ ਇੰਦਰਜੀਤ ਸਿੰਘ ਵੱਲੋਂ ਵਿਦਵਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਡਾ. ਦਲਬੀਰ ਸਿੰਘ ਢਿੱਲੋਂ ਵੱਲੋਂ ਪਤਵੰਤਿਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਵਿਸ਼ਵ ਪੰਜਾਬੀ ਕਾਨਫਰੰਸ ਦੇ ਚੇਅਰਮੈਨ ਅਜੈਬ ਸਿੰਘ ਚੱਠਾ ਨੇ ਕਿਹਾ ਕਿ ਇਹ ਕਾਨਫਰੰਸਾਂ ਕਰਵਾਉਣ ਦਾ ਮੁੱਖ ਮਕਸਦ ਵਿਦੇਸ਼ਾਂ ਵਿੱਚ ਵਸੇ ਪੰਜਾਬੀਆਂ ਨੂੰ ਆਪਣੀ ਭਾਸ਼ਾ ਨਾਲ ਜੋੜਨਾ ਹੈ। ਇਸ ਮੌਕੇ ਡਾ. ਸਤੀਸ਼ ਵਰਮਾ ਨੇ ਕਿਹਾ ਕਿ ਜਿਸ ਭਾਸ਼ਾ ਵਿੱਚ ਸਾਡਾ ਧਰਮ ਗ੍ਰੰਥ ਹੋਵੇ, ਉਸ ਭਾਸ਼ਾ ਦੇ ਕਦੇ ਖ਼ਤਮ ਹੋਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਇਸ ਮੌਕੇ ਐੱਸ ਐੱਸ ਬੋਰਡ ਦੇ ਸਾਬਕਾ ਚੇਅਰਮੈਨ ਤੇਜਿੰਦਰਪਾਲ ਸਿੰਘ ਸੰਧੂ ਨੇ ਕਿਹਾ ਕਿ ਇਹ ਕਾਨਫਰੰਸ ਇੱਥੇ ਕਰਵਾਉਣ ਦਾ ਮੁੱਖ ਕਾਰਨ ਹੀ ਇਹ ਸੀ ਕਿ ਪਟਿਆਲਾ ਵਿੱਚ ਹੀ ਕਾਹਨ ਸਿੰਘ ਨਾਭਾ ਨੇ ਵਿਸ਼ਵਕੋਸ਼ ਲਿਖਿਆ ਸੀ।

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CALIFORNIA IMMIGRATION SERVICES
CIS
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਸੀਨੀਅਰ ਅਕਾਲੀ ਆਗੂ ਟਾਈਟਲਰ ਖ਼ਿਲਾਫ਼ ਕਾਰਵਾਈ ਕੀਤੇ ਜਾਣ ਲਈ ਜੇਤਲੀ ਤੇ ਸੀਬੀਆਈ ਮੁਖੀ ਨੂੰ ਮਿਲੇ

**ਨਵੀਂ ਦਿੱਲੀ/ਬਿਊਰੋ ਨਿਊਜ਼:**
ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵੀਡੀਓ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦਾ ਇਕ ਵਫ਼ਦ ਵੀਰਵਾਰ ਨੂੰ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਮਿਲਿਆ। ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਅਗਵਾਈ ਹੇਠ ਮਿਲੇ ਇਸ ਵਫ਼ਦ ਨੂੰ ਸ੍ਰੀ ਜੇਤਲੀ ਨੇ ਭਰੋਸਾ ਦਿੱਤਾ ਕਿ ਸਰਕਾਰ ਇਸ ਮਾਮਲੇ ਵਿੱਚ ਸਖ਼ਤ ਹੈ ਤੇ ਸਾਰੇ ਮਾਮਲੇ ਨੂੰ ਤੁਰੰਤ ਵਾਚਿਆ ਜਾਵੇਗਾ। ਵਫ਼ਦ ਵਿੱਚ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਤੇ ਬਲਵਿੰਦਰ ਸਿੰਘ ਭੂੰਦੜ, ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਨਰੇਸ਼ ਗੁਜਰਾਲ ਅਤੇ ਦਿੱਲੀ ਦੇ ਅਕਾਲੀ ਆਗੂ ਮਨਜੀਤ ਸਿੰਘ ਜੀਕੇ ਅਤੇ ਮਨਜਿੰਦਰ ਸਿੰਘ ਸਿਰਸਾ ਵੀ ਸ਼ਾਮਲ ਸਨ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਿੱਲੀ ਵਿੱਚ ਕਿਹਾ ਕਿ ਜਗਦੀਸ਼ ਟਾਈਟਲਰ ਬਾਰੇ ਕਥਿਤ ਸੀਡੀ ਦੀ ਜਾਂਚ ਕਿਸੇ ਏਜੰਸੀ ਤੋਂ ਕਰਵਾਈ ਜਾਵੇ।

ਅਕਾਲੀ ਆਗੂਆਂ ਦਾ ਵਫ਼ਦ ਮਗਰੋਂ ਸੀਬੀਆਈ ਮੁਖੀ ਆਲੋਕ ਵਰਮਾ ਨੂੰ ਵੀ ਮਿਲਿਆ, ਪਰ ਬੀਬੀ ਬਾਦਲ ਇਸ ਵਿੱਚ ਸ਼ਾਮਲ ਨਹੀਂ ਸਨ। ਵਫ਼ਦ ਨੇ ਸ੍ਰੀ ਵਰਮਾ ਨੂੰ ਮੰਗ ਪੱਤਰ ਸੌਂਪਦਿਆਂ ਵੀਡੀਓ ਮਾਮਲੇ ਦੀ ਜਾਂਚ ਕਰਾਏ ਜਾਣ ਦੀ ਮੰਗ ਕੀਤੀ। ਸ੍ਰੀ ਜੀਕੇ ਨੇ ਦੱਸਿਆ ਕਿ ਸੀਬੀਆਈ ਮੁਖੀ ਨੇ ਜਗਦੀਸ਼ ਟਾਈਟਲਰ ਨਾਲ ਜੁੜੇ ਮਾਮਲੇ ਦੇਖ ਰਹੇ ਅਧਿਕਾਰੀ ਨੂੰ ਜਾਂਚ ਲਈ ਕਹਿ ਦਿੱਤਾ ਹੈ। ਉਪਰੰਤ ਵਫ਼ਦ ਦਿੱਲੀ ਪੁਲੀਸ ਕਮਿਸ਼ਨਰ ਅਮੁੱਲ ਪਟਨਾਇਕ ਨੂੰ ਵੀ ਮਿਲਿਆ। ਸ੍ਰੀ ਪਟਨਾਇਕ ਨੇ ਸਾਰੇ ਮਾਮਲੇ ਨੂੰ ਘੋਖਣ ਤੇ ਸਬੰਧਤਾਂ ਖ਼ਿਲਾਫ਼ ਢੁੱਕਵੀਂ ਕਾਰਵਾਈ ਦਾ ਭਰੋਸਾ ਦਿੱਤਾ। ਇਸ ਦੌਰਾਨ ਸ੍ਰੀ ਜੀਕੇ ਨੇ ਕਿਹਾ ਕਿ 9 ਫਰਵਰੀ ਨੂੰ '84 ਸਿੱਖ ਕਤਲੇਆਮ ਦੀਆਂ ਪੀੜਤ ਵਿਧਵਾਵਾਂ ਤੇ ਬੱਚੇ ਕਾਂਗਰਸ ਦੇ ਕੌਮੀ ਦਫ਼ਤਰ ਵਿੱਚ ਰੋਸ ਪ੍ਰਦਰਸ਼ਨ ਕਰਕੇ ਟਾਈਟਲਰ ਤੇ ਸੱਜਣ ਕੁਮਾਰ ਨੂੰ ਪਾਰਟੀ ਵਿੱਚੋਂ ਕੱਢਣ ਦੀ ਮੰਗ ਕਰਨਗੇ।



ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦਿੱਲੀ ਦੇ ਪੁਲੀਸ ਕਮਿਸ਼ਨਰ ਨੂੰ ਮਿਲਣ ਬਾਅਦ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ। ਉਨ੍ਹਾਂ ਨਾਲ ਬਲਵਿੰਦਰ ਸਿੰਘ ਭੂੰਦੜ, ਡੀਐਸਜੀਐਮਸੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਵੀ ਨਜ਼ਰ ਆ ਰਹੇ ਹਨ।

## ਟਾਈਟਲਰ ਖ਼ਿਲਾਫ਼ 'ਨਵੇਂ ਸਬੂਤਾਂ' ਸਬੰਧੀ ਕਾਰਵਾਈ ਦਾ ਜਿੰਮਾ ਸਿੱਟ ਨੂੰ ਸੌਂਪਿਆ

**ਨਵੀਂ ਦਿੱਲੀ/ਬਿਊਰੋ ਨਿਊਜ਼:** ਕੇਂਦਰੀ ਗ੍ਰਹਿ ਮੰਤਰਾਲੇ ਨੇ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਦਿੱਤੇ ਗਏ 'ਨਵੇਂ ਸਬੂਤਾਂ' ਨੂੰ ਸਿੱਖ ਕਤਲੇਆਮ ਦੀ ਜਾਂਚ ਕਰ ਰਹੀ ਜਸਟਿਸ ਐਸ ਐਨ ਢੀਂਗਰਾ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ (ਸਿੱਟ) ਹਵਾਲੇ ਕਰ ਦਿੱਤੇ ਹਨ। ਗ੍ਰਹਿ ਮੰਤਰਾਲੇ ਨੇ ਸ਼ੁੱਕਰਵਾਰ ਨੂੰ ਜਸਟਿਸ ਢੀਂਗਰਾ ਨੂੰ ਪੱਤਰ ਲਿਖ ਕੇ ਦੱਸਿਆ ਕਿ ਉਨ੍ਹਾਂ ਨੂੰ ਦਿੱਲੀ ਕਮੇਟੀ ਤੋਂ ਟਾਈਟਲਰ ਖ਼ਿਲਾਫ਼ ਨਵੇਂ ਸਬੂਤਾਂ ਵਾਲੀ ਵੀਡੀਓ ਮਿਲਣ ਦੀ ਸ਼ਿਕਾਇਤ ਅਤੇ ਨਾਲ ਹੀ ਟੀਵੀ ਚੈਨਲ ਨੂੰ ਦਿੱਤੀ ਇੰਟਰਵਿਊ ਦੀ ਸੀਡੀ ਅਤੇ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਮਿਲੀ ਹੈ। ਉਨ੍ਹਾਂ ਕਿਹਾ,"ਇੰਟਰਵਿਊ 'ਚ ਜਗਦੀਸ਼ ਟਾਈਟਲਰ, ਕਮਲ ਨਾਥ, ਐਚ ਕੇ ਐਲ ਭਗਤ ਅਤੇ ਸੱਜਣ ਕੁਮਾਰ ਦੀ ਕੇਸ 'ਚ ਸ਼ਮੂਲੀਅਤ ਬਾਰੇ ਨਵੇਂ ਤੱਥ, ਸਬੂਤ ਅਤੇ ਖ਼ੁਲਾਸੇ ਹੋਏ ਹਨ।" ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਜਾਂਚ ਕੀਤੇ ਜਾਣ ਦੀ ਲੋੜ ਹੈ। ਗ੍ਰਹਿ ਮੰਤਰਾਲੇ ਦੀ ਕਾਰਵਾਈ ਉਸ ਸਮੇਂ ਹੋਈ ਹੈ ਜਦੋਂ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ 2011 'ਚ ਬਣੀ ਵੀਡਿਓ ਸੋਮਵਾਰ ਨੂੰ ਜਾਰੀ ਕੀਤੀ ਸੀ ਜਿਸ 'ਚ ਟਾਈਟਲਰ ਕੁਝ ਲੋਕਾਂ ਨਾਲ ਗੱਲਬਾਤ ਕਰਦਿਆਂ ਨਜ਼ਰ ਆਉਂਦਾ ਹੈ। ਪੱਤਰ 'ਚ ਕਿਹਾ ਗਿਆ ਹੈ ਕਿ ਸਿੱਟ ਵੱਲੋਂ ਕੀਤੀ ਜਾ ਰਹੀ 186 ਕੇਸਾਂ ਦੀ ਜਾਂਚ 'ਚ ਇਹ ਸਬੂਤ ਸਹਾਈ ਹੋ ਸਕਦੇ ਹਨ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਵੱਲੋਂ ਸਿੱਖ ਕਤਲੇਆਮ ਦੇ 186 ਕੇਸਾਂ ਦੀ ਅੱਗੇ ਜਾਂਚ ਲਈ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਹੇਠ 11 ਜਨਵਰੀ ਨੂੰ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਸੀ।

## ਰਾਜ ਨਾਥ ਨੂੰ ਮਿਲ ਕੇ ਟਾਈਟਲਰ ਵਿਰੁੱਧ ਕਾਰਵਾਈ ਦੀ ਕੀਤੀ ਮੰਗ

**ਨਵੀਂ ਦਿੱਲੀ/ਬਿਊਰੋ ਨਿਊਜ਼:** ਕਾਂਗਰਸ ਆਗੂ ਜਗਦੀਸ਼ ਟਾਈਟਲਰ ਦੀ ਨਸ਼ਰ ਹੋਈ ਵੀਡਿਓ ਮਗਰੋਂ ਉਸ ਨੂੰ ਗ੍ਰਿਫ਼ਤਾਰ ਕਰਕੇ ਨਵੇਂ ਸਿਰੇ ਤੋਂ ਜਾਂਚ ਕਰਾਉਣ ਦੀ ਮੰਗ ਨੂੰ ਲੈ ਕੇ ਅੱਜ ਭਾਜਪਾ ਦੇ ਸਿੱਖ ਅਤੇ ਅਕਾਲੀ ਦਲ ਦੇ ਆਗੂਆਂ ਨੇ ਵੱਖੋ ਵੱਖਰੇ ਤੌਰ 'ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ। ਪਾਰਟੀ ਦੇ ਕੌਮੀ ਸਕੱਤਰ ਆਰ ਪੀ ਸਿੰਘ ਸਮੇਤ ਭਾਜਪਾ ਦੇ ਵਫ਼ਦ ਨੇ ਗ੍ਰਹਿ ਮੰਤਰੀ ਨੂੰ ਮੰਗ ਪੱਤਰ ਸੌਂਪ ਕੇ ਟਾਈਟਲਰ ਖ਼ਿਲਾਫ਼ ਤੁਰੰਤ ਨਵੇਂ ਸਿਰੇ ਤੋਂ ਵਿਸ਼ੇਸ਼ ਜਾਂਚ ਟੀਮ (ਸਿੱਟ) ਬੈਠਾਉਣ ਅਤੇ ਮੁਕੱਦਮਾ ਚਲਾਉਣ ਲਈ ਕਿਹਾ। ਇਸ ਬਾਬਤ ਭਾਜਪਾ ਦੀ ਦਿੱਲੀ ਇਕਾਈ ਦੇ ਮੁਖੀ ਮਨੋਜ ਤਿਵਾੜੀ ਨੇ ਵੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ। ਉਧਰ ਕੇਂਦਰੀ ਮੰਤਰੀ ਤੇ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਨੇ ਵੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰਕੇ ਟਾਈਟਲਰ ਦਾ ਪੌਲੀਗ੍ਰਾਫ਼ ਅਤੇ ਨਾਰਕੋ ਟੈਸਟ ਕਰਵਾਉਣ ਦੀ ਮੰਗ ਕੀਤੀ। ਮੰਗ ਪੱਤਰ 'ਤੇ ਸ੍ਰੀਮਤੀ ਬਾਦਲ, ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ, ਨਰੇਸ਼ ਗੁਜਰਾਲ ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਦੇ ਦਸਤਖ਼ਤ ਹਨ। ਮੰਗ ਪੱਤਰ ਵਿੱਚ ਟਾਈਟਲਰ ਦੀ ਵੀਡਿਓ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ 34 ਸਾਲਾਂ ਮਗਰੋਂ ਸਬੂਤ ਦੱਸ ਰਹੇ ਹਨ ਕਿ ਰਾਜੀਵ ਗਾਂਧੀ ਵੱਲੋਂ ਕਤਲੇਆਮ ਦੀ ਕਥਿਤ ਤੌਰ 'ਤੇ ਯੋਜਨਾ ਤਿਆਰ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਵੀਡਿਓ ਵਿੱਚ ਟਾਈਟਲਰ 100 ਸਿੱਖਾਂ ਨੂੰ ਮਾਰਨ ਦੀ ਗੱਲ ਕਰ ਰਿਹਾ ਹੈ ਅਤੇ ਦਿੱਲੀ ਦੇ ਮੁੱਖ ਮੰਤਰੀ ਦੇ ਕਤਲ ਅਤੇ ਵੱਡੀ ਰਕਮ ਹੋਰਾਂ ਨੂੰ ਦੇਣ ਦਾ ਜ਼ਿਕਰ ਵੀ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਵੀਡਿਓ ਦੇ ਆਧਾਰ 'ਤੇ ਆਰ ਪੀ ਸਿੰਘ ਨੇ ਟਾਈਟਲਰ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਹੈ। ਉਧਰ ਟਾਈਟਲਰ ਨੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ 'ਤੇ ਵੀਡਿਓ ਨਾਲ ਛੇੜਛਾੜ ਕਰਕੇ ਉਨ੍ਹਾਂ ਦੇ ਅਕਸ ਨੂੰ ਵਿਗਾੜਨ ਦੇ ਦੋਸ਼ ਲਾਉਂਦਿਆਂ ਪੁਲੀਸ ਕੋਲ ਸ਼ਿਕਾਇਤ ਕੀਤੀ।

## *ਟਾਈਟਲਰ ਕਹਿੰਦਾ : ਵੀਡੀਓ ਬਾਰੇ ਮਾਣਹਾਨੀ ਦਾ ਕੇਸ ਕਰਾਂਗਾ*



**ਨਵੀਂ ਦਿੱਲੀ/ਬਿਊਰੋ ਨਿਊਜ਼**, ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੇ 1984 ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਸਟਿੰਗ ਵੀਡੀਓ, ਜਿਸ ਨਾਲ ਉਸਦਾ ਨਾਂ ਜੋੜਿਆ ਜਾ ਰਿਹੈ, ਨਾਲ ਛੇੜਛਾੜ ਕੀਤੇ ਜਾਣ ਦਾ ਦਾਅਵਾ ਕਰਦਿਆਂ ਧਮਕੀ ਦਿੱਤੀ ਕਿ ਉਹ ਇਸ ਵੀਡੀਓ ਨੂੰ ਬਣਾਉਣ ਵਾਲਿਆਂ ਖ਼ਿਲਾਫ਼ ਅਪਰਾਧਿਕ ਮਾਣਹਾਨੀ ਦਾ ਕੇਸ ਦਰਜ ਕਰਵਾਏਗਾ। ਗ੍ਰਹਿ ਮੰਤਰਾਲੇ ਨੂੰ ਦਿੱਤੇ ਯਾਦ ਪੱਤਰ ਵਿੱਚ ਟਾਈਟਲਰ ਨੇ ਕਿਹਾ ਕਿ ਵੀਡੀਓ ਨਾਲ ਛੇੜਛਾੜ ਕਰਕੇ ਇਸ ਵਿੱਚ ਉਸ ਦੀਆਂ ਤਸਵੀਰਾਂ ਪਾਉਣ ਸਬੰਧੀ ਇਕ ਸ਼ਿਕਾਇਤ ਪੁਲੀਸ ਕੋਲ ਦਰਜ ਕਰਾ ਦਿੱਤੀ ਗਈ ਹੈ। ਕਾਂਗਰਸੀ ਆਗੂ ਨੇ ਦਾਅਵਾ ਕੀਤਾ ਕਿ ਉਸਨੇ ਆਪਣੇ ਪੱਧਰ 'ਤੇ ਵੀਡੀਓ ਦੀ ਫੋਰੈਂਸਿਕ ਜਾਂਚ ਕਰਾਈ ਹੈ ਜਿਸ ਤੋਂ ਸਾਫ਼ ਹੋ ਗਿਆ ਹੈ ਕਿ ਇਸ ਨਾਲ ਛੇੜਛਾੜ ਕੀਤੀ ਗਈ ਹੈ।


Global Solution for Transportation

Global Solution For Transportation ਵਲੋਂ Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਭਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ ਸਾਰੇ ਪਰਮਿਟ ਕੇਵਲ 99 ਡਾਲਰ 'ਚ
ਕੰਡੀਸ਼ਨ ਅਪਲਾਈ

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing


Rajinder Singh Tanda

Call For Our Special Promotion -
All Permits For $99.00 only, For A New Company (condition apply)

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

Address: 4646 Qantas Ln, Ste B14 Stockton CA 95206
Office - 1-800- 936 4011, 209-636-0880 Cell - (510) 557-6988, Fax - (209) 636 0850
email info@etruckingsolution.com www.etruckingsolution.com


Lakhvir Singh

# ਸਿੱਖ ਕੌਮ ਦੀਆਂ ਗੌਰਵਮਈ ਰਵਾਇਤਾਂ ਨੇ ਪ੍ਰਭਾਵਿਤ ਕੀਤਾ-ਮਾਰਟਿਨ ਸਿੰਘ

**ਜਲੰਧਰ/ਬਿਊਰੋ ਨਿਊਜ਼:** ਕਲੀਨਸ਼ੇਵ ਨੌਜਵਾਨ ਤੋਂ ਅੰਮ੍ਰਿਤ ਛੱਕ ਕੇ ਸਿੰਘ ਸਜੇ ਕੈਨੇਡੀਅਨ ਗੋਰੇ ਮਾਰਟਿਨ ਸਿੰਘ ਸੂਝਵਾਨ ਪੜਿਆ ਲਿਖਿਆ ਹੈ। ਸਿੱਧਾ ਸਾਦਾ ਬੋਲਚਾਲ, ਹਰ ਗੱਲ ਬਹੁਤ ਹੀ ਨਾਪ ਤੋਲ ਕੇ ਕਰਨਾ ਉਸਦੀ ਸ਼ਖਸ਼ੀਅਤ ਨੂੰ ਹੋਰ ਵੀ ਨਿਖਾਰਦਾ ਹੈ।ਲੋੜਵੰਦ ਦੀ ਮਦਦ ਲਈ ਹਰ ਵੇਲੇ ਤੱਤਪਰ ਰਹਿਣਾ ਅਤੇ ਧਾਰਮਿਕ ਅਕੀਦੇ ਵਿੱਚ ਪ੍ਰਪੱਕ ਰਹਿੰਦੇ ਹੋਏ,ਹਰ ਇੱਕ ਨੂੰ ਬਰਾਬਰ ਸਮਝਣਾ। ਇਹ ਗੁਣ ਪ੍ਰਮਾਤਮਾ ਨੇ ਮਾਰਟਿਨ ਸਿੰਘ ਦੇ ਧੁਰ ਅੰਦਰ ਪੈਦਾ ਕੀਤੇ ਹਨ। ਮਾਰਟਿਨ ਸਿੰਘ ਦਾ ਕਹਿਣਾ ਹੈ ਕਿ ਉਹ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਅਤੇ ਮਹਾਨ ਰਵਾਇਤਾਂ ਤੋਂ ਏਨੇ ਪ੍ਰਭਾਵਿਤ ਹੋਏ ਕਿ ਪਰਿਵਾਰ ਦੇ ਵਿਰੋਧ ਦੇ ਬਾਵਜੂਦ ਉਸ ਨੇ ਸਿੱਖ ਧਰਮ ਅਪਨਾਇਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸਿੱਖ ਧਰਮ ਅਪਣਾਉਣ ਤੋਂ ਪਹਿਲਾਂ ਵੱਖ-ਵੱਖ ਧਰਮਾਂ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ ਪਰ ਉਹ ਸਿੱਖ ਧਰਮ ਦੇ ਮਾਨਵਤਾਵਾਦੀ ਸਿਧਾਂਤ ਨੇ ਉਨ੍ਹਾਂ ਦੇ ਮਨ 'ਤੇ ਡੂੰਘਾ ਅਸਰ ਕੀਤਾ। ਉਨ੍ਹਾਂ ਦੱਸਿਆ ਕਿ ਉਸ ਦੀ ਮਾਤਾ ਜਰਮਨੀ ਦੀ ਰਹਿਣ ਵਾਲੀ ਹੈ, ਜਦੋਂ ਕਿ ਪਿਤਾ ਉੱਤਰੀ ਆਈਸਲੈਂਡ ਦੇ ਵਸਨੀਕ ਹਨ। ਮਾਰਟਿਨ ਸਿੰਘ ਨੇ ਦੱਸਿਆ ਕਿ ਉਹ ਅਜੇ ਮਸਾਂ 14 ਕੁ ਸਾਲ ਦੇ ਸਨ ਤਾਂ ਉਸ ਅੰਦਰ ਵੱਖ-ਵੱਖ ਧਰਮਾਂ ਬਾਰੇ ਜਾਨਣ ਦੀ ਤਾਂਘ ਪੈਦਾ ਹੋਈ ਤੇ ਇਸ ਦੌਰਾਨ ਉਸ ਨੇ ਕਾਫੀ ਧਰਮਾਂ ਬਾਰੇ ਗਿਆਨ ਹਾਸਲ ਕੀਤਾ। ਬਹੁਤ ਕੁੱਝ ਪੜ੍ਹਨ ਦੇ ਬਾਵਜੂਦ ਵੀ ਉਹ ਸੰਤੁਸ਼ਟ ਨਹੀਂ ਸਨ। ਇਕ ਦਿਨ ਉਹ ਪੋਲੀਟੀਕਲ ਯੂਥ ਦੀ ਕਾਨਫਰੰਸ ਦੇ ਸਿਲਸਿਲੇ 'ਚ ਕੈਲਗਿਰੀ ਗਏ ਹੋਏ ਸਨ ਜਿੱਥੇ ਕੁੱਝ ਪ੍ਰਕਾਸ਼ ਕੀਤੇ ਹੋਏ ਦਾਹੜੇ ਤੇ ਸੋਹਣੀਆਂ ਸਜਾਈਆਂ ਹੋਈਆ ਪੱਗਾਂ ਵਾਲੇ ਸਿੱਖ ਨੌਜਵਾਨ ਵੀ ਆਏ ਹੋਏ ਸਨ। ਮਾਰਟਿਨ ਸਿੰਘ ਨੇ ਉਹਨਾਂ ਨੂੰ ਕਿਹਾ ਕਿ ਮੈਂ ਤੁਹਾਡੇ ਧਰਮ ਬਾਰੇ ਜਾਣਨਾ ਚਾਹੁੰਦਾ ਹਾ।ਉਹਨਾਂ ਨੇ ਇੰਗਲਿਸ਼ ਵਿੱਚ ਚੰਗੀਆਂ ਕਿਤਾਬਾਂ ਮਾਰਟਿਨ ਸਿੰਘ ਨੂੰ ਹਾਲੀਫੈਕਸ ਭੇਜੀਆਂ। ਇਨ੍ਹਾ ਕਿਤਾਬਾਂ ਦੇ ਪੜ੍ਹਨ ਉਪਰੰਤ ਮਾਰਟਿਨ ਸਿੰਘ ਨੂੰ ਇਹ ਤਾਂ ਤਸੱਲੀ ਹੋ ਗਈ ਕਿ ਜੋ ਕੁੱਝ ਉਹ ਲੱਭ ਰਿਹਾ ਸੀ ਉਹ ਉਸ ਨੂੰ ਮਿਲ ਗਿਆ ਹੈ। ਆਖਰ ਨੂੰ ਮਾਰਟਿਨ ਸਿੰਘ "23 ਸਾਲ ਦੀ ਉਮਰ ਵਿਚ ਅੰਮ੍ਰਿਤ ਛੱਕ ਕੇ ਸਿੰਘ ਸਜ ਗਿਆ। ਉਸ ਨੇ ਉਸ ਧਰਮ ਨੂੰ ਆਪਣਾਇਆ ਜੋ ਨਵਾਂ ਨਿਰੋਆ ਹੈ, ਜ਼ਿਆਦਾ ਸਾਈਂਟੇਫਿਕ ਤੇ ਨਿਰੋਲ ਸੱਚ ਹੈ। ਬਾਅਦ ਵਿਚ 1997 ਵਿਚ ਉਸ ਨੇ ਅੰਮ੍ਰਿਤਸਰ ਦੀ ਇਕ ਸਿੱਖ ਲੜਕੀ ਅਮਨਦੀਪ ਕੌਰ ਭੁੱਲਰ ਨਾਲ ਵਿਆਹ ਕਰਵਾਇਆ ਤੇ ਇਸ ਸਮੇਂ ਉਸ ਦੇ ਤਿੰਨ ਬੱਚੇ, 2 ਬੇਟੇ ਤੇ 1 ਬੇਟੀ ਹਨ, ਜੋ ਕਿ ਸਾਰੇ ਗੁਰਸਿੱਖ ਹਨ।ਬੀ.ਐਸ.ਸੀ. ਕੈਮਿਸਟਰੀ, ਕੈਮੀਕਲ ਇੰਜ਼ਨੀਅਰਿੰਗ, ਫਾਰਮਿਸਟ ਅਤੇ ਐਮ.ਬੀ.ਏ. ਕਰਨ ਤੋਂ ਬਾਅਦ ਸਪੈਸ਼ਲ ਮੈਂਟਲ ਕੇਅਰਫਾਰਮੇਸੀਜ਼ ਅਤੇ ਕੇਅਰ ਹੋਮਜ਼ ਆਪਣੇ ਹਿੱਸੇਦਾਰਾਂ ਨਾਲ ਚਲਾਉਣ ਵਿਚ ਕਾਮਯਾਬ ਇਨਸਾਨ ਹੈ ਮਾਰਟਿਨ ਸਿੰਘ। ਅੱਜ ਦੇ ਜ਼ਮਾਨੇ ਵਿਚ ਹਿੱਸੇਦਾਰਾਂ ਨਾਲ ਹਿੱਸੇਦਾਰੀ ਨਿਭਾਉਣੀ ਵੀ ਆਪਣੇ ਆਪ ਵਿਚ ਇਕ ਵਧੀਆ ਇਨਸਾਨ ਹੋਣ ਦੀ ਨਿਸ਼ਾਨੀ ਹੈ। ਅੰਗਰੇਜ਼ੀ ਦੇ ਨਾਲ ਨਾਲ ਫਰੈਂਚ ਦੀ ਮੁਹਾਰਤ ਮਾਰਟਿਨ ਸਿੰਘ ਦੀ ਕਾਬਲੀਅਤ ਦੀ ਮੂੰਹ ਬੋਲਦੀ ਤਸਵੀਰ ਹੈ। ਮਾਰਟਿਨ ਸਿੰਘ ਨੇ ਦੱਸਿਆ ਕਿ ਇਸ ਸਮੇਂ ਉਹ ਕੈਨੇਡਾ ਵਿਚ ਚਲੋ ਕੈਨੇਡਾ' ਨਾਂਅ ਦੀ ਇਕ ਸੰਸਥਾ ਚਲਾ ਰਹੇ ਹਨ, ਜਿਸ ਦੇ ਉਹ ਸੀ. ਈ. ਓ. ਹਨ ਤੇ ਇਹ ਸੰਸਥਾ ਵੱਖ-ਵੱਖ ਮੁਲਕਾਂ ਦੇ ਨਾਲ ਸਿੱਖਿਆ ਦੇ ਆਦਾਨ-ਪ੍ਰਦਾਨ ਦੇ ਖੇਤਰ ਵਿਚ ਕੰਮ ਰਹੀ ਹੈ। ਪੰਜਾਬ ਫੇਰੀ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਇਸੇ ਮਿਸ਼ਨ ਤਹਿਤ ਸੂਬੇ ਦੇ ਵੱਖ-ਵੱਖ ਵਿੱਦਿਅਕ ਅਦਾਰਿਆਂ ਨਾਲ ਸੰਪਰਕ ਕਰ ਰਹੇ ਹਨ। ਕੈਨੇਡਾ ਦੀ ਸਿਆਸਤ ਵਿਚ ਸਰਗਰਮ ਅਤੇ ਫਾਰਮੇਸੀ ਦੇ ਕਾਰੋਬਾਰ ਨਾਲ ਜੁੜੇ ਮਾਰਟਿਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਮਕਸਦ ਪੰਜਾਬ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਵੱਖ-ਵੱਖ ਕੋਰਸਾਂ ਦੀ ਚੋਣ ਵਿਚ ਉਨ੍ਹਾਂ ਦਾ ਸਹੀ ਮਾਰਗ ਦਰਸ਼ਨ ਕਰਨਾ ਵੀ ਹੈ।



## ਟਰੰਪ ਵਲੋਂ ਲਾਟਰੀ ਵੀਜ਼ੇ ਖ਼ਤਮ ਕਰਨ ਨਾਲ ਗਰੀਨ ਕਾਰਡਾਂ ਦੇ ਰੁਕੇ ਕੇਸਾਂ ਦਾ ਛੇਤੀ ਨਿਪਟਾਰਾ ਹੋਵੇਗਾ

**ਵਾਸ਼ਿੰਗਟਨ/ਬਿਊਰੋ ਨਿਊਜ਼,** ਵ੍ਹਾਈਟ ਹਾਊਸ ਨੇ ਦੱਸਿਆ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦਾ ਆਵਾਸ ਢਾਂਚਾ ਲਾਟਰੀ ਵੀਜ਼ੇ ਨੂੰ ਖ਼ਤਮ ਕਰੇਗਾ, ਜਿਸ ਨਾਲ ਗਰੀਨ ਕਾਰਡ ਦਾ ਬੈਕਲਾਗ ਘਟਾਉਣ ਵਿੱਚ ਮਦਦ ਮਿਲੇਗੀ। ਐਚ-1ਬੀ ਵੀਜ਼ਾ ਧਾਰਕ ਭਾਰਤੀਆਂ ਵੱਲੋਂ ਗਰੀਨ ਕਾਰਡ ਵੰਡ ਤੋਂ ਪ੍ਰਤੀ ਮੁਲਕ ਸੀਮਾ ਹਟਾਉਣ ਦੀ ਮੰਗ ਕੀਤੀ ਜਾ ਰਹੀ ਹੈ। ਭਾਰਤੀ-ਅਮੈਰਿਕਨਾਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਹੁਨਰਮੰਦ ਹਨ ਅਤੇ ਪ੍ਰਮੁੱਖ ਤੌਰ 'ਤੇ ਐਚ-1ਬੀ ਵਰਕ ਵੀਜ਼ੇ 'ਤੇ ਅਮਰੀਕਾ ਆਏ ਹਨ, ਨੂੰ ਮੌਜੂਦਾ ਆਵਾਸ ਪ੍ਰਣਾਲੀ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਆਵਾਸ ਪ੍ਰਣਾਲੀ ਗਰੀਨ ਕਾਰਡਾਂ ਜਾਂ ਪੱਕੀ ਕਾਨੂੰਨੀ ਰਿਹਾਇਸ਼ ਲਈ ਪ੍ਰਤੀ ਮੁਲਕ ਸੱਤ ਫ਼ੀਸਦ ਕੋਟਾ ਲਾਗੂ ਕਰਦੀ ਹੈ। ਇਸ ਨਾਲ ਮੌਜੂਦਾ ਸਮੇਂ ਹੁਨਰਮੰਦ ਭਾਰਤੀ ਪਰਵਾਸੀਆਂ ਨੂੰ ਗਰੀਨ ਕਾਰਡ ਲਈ ਤਕਰੀਬਨ 70 ਸਾਲ ਉਡੀਕ ਕਰਨੀ ਪੈ ਸਕਦੀ ਹੈ। 'ਸਾਡੀ ਆਵਾਸ ਪ੍ਰਣਾਲੀ ਦੇ ਮਾਲੀ ਨੁਕਸਾਨ ਦਾ ਖ਼ਾਤਮਾ' ਬਾਰੇ ਤੱਥ ਸ਼ੀਟ ਵਿੱਚ ਵ੍ਹਾਈਟ ਹਾਊਸ ਨੇ ਕਿਹਾ, 'ਰਾਸ਼ਟਰਪਤੀ ਟਰੰਪ ਦਾ ਆਵਾਸ ਢਾਂਚਾ ਲਾਟਰੀ ਵੀਜ਼ਾ ਪ੍ਰੋਗਰਾਮ ਦਾ ਅੰਤ ਕਰੇਗਾ, ਜਿਸ ਨਾਲ ਹੁਨਰਮੰਦ ਅਤੇ ਸਵੈ-ਰੁਜ਼ਗਾਰ ਆਧਾਰਤ ਪਰਵਾਸ ਕੇਸਾਂ ਦਾ ਬੈਕਲਾਗ ਘਟਾਉਣ ਵਿੱਚ ਮਦਦ ਮਿਲੇਗੀ।' ਟਰੰਪ ਨੇ ਟਵੀਟ ਕੀਤਾ, 'ਲਾਟਰੀ ਵੀਜ਼ਾ ਖ਼ਤਮ ਕਰਨ ਦਾ ਸਮਾਂ ਆ ਗਿਆ ਹੈ। ਕਾਂਗਰਸ ਨੂੰ ਆਵਾਸ ਪ੍ਰਣਾਲੀ ਦੀ ਸੁਰੱਖਿਆ ਅਤੇ ਅਮਰੀਕਾ ਵਾਸੀਆਂ ਦੀ ਰੱਖਿਆ ਕਰਨੀ ਚਾਹੀਦੀ ਹੈ।' ਵ੍ਹਾਈਟ ਹਾਊਸ ਦੇ ਡਿਪਟੀ ਪ੍ਰੈੱਸ ਸੈਕਟਰੀ ਰਾਜ ਸ਼ਾਹ ਨੇ ਆਪਣੀ ਪਲੇਠੀ ਵ੍ਹਾਈਟ ਹਾਊਸ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ, 'ਮੈਨੂੰ ਲੱਗਦਾ ਹੈ ਕਿ ਰਾਸ਼ਟਰਪਤੀ ਕਾਨੂੰਨੀ ਆਵਾਸ ਸੁਧਾਰ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਅਸੀਂ ਮੌਜੂਦਾ ਲੜੀਵਾਰ ਪਰਿਵਾਰਕ ਪਰਵਾਸ ਤੋਂ ਮੈਰਿਟ ਆਧਾਰਤ ਆਵਾਸ ਸੁਧਾਰਾਂ ਵੱਲ ਵਧੀਏ।'

## ਪਾਕਿ ਨੇ ਦਹਿਸ਼ਤੀ ਜਥੇਬੰਦੀਆਂ ਵਿਰੁਧ ਸਿਕੰਜਾ ਕਸਣ ਵਾਸਤੇ ਕਾਨੂੰਨ ਵਿੱਚ ਕੀਤੀਆਂ ਸੋਧਾਂ

**ਇਸਲਾਮਾਬਾਦ/ਬਿਊਰੋ ਨਿਊਜ਼:** ਕੌਮਾਂਤਰੀ ਪਾਬੰਦੀਆਂ ਤੋਂ ਬਚਣ ਲਈ ਪਾਕਿਸਤਾਨ ਨੇ ਚੁੱਪ-ਚੁਪੀਤੇ ਦਹਿਸ਼ਤਗਰਦੀ ਵਿਰੋਧੀ ਕਾਨੂੰਨਾਂ 'ਚ ਸੋਧ ਕਰ ਦਿੱਤੀ ਹੈ। ਹਾਫ਼ਿਜ਼ ਸਈਦ ਨਾਲ ਜੁੜੀਆਂ ਜਮਾਤ-ਉਦ-ਦਾਵਾ ਅਤੇ ਫਲਾਹ-ਇ-ਇਨਸਾਨੀਅਤ ਫਾਊਂਡੇਸ਼ਨ ਅਤੇ ਸੰਯੁਕਤ ਰਾਸ਼ਟਰ 'ਚ ਨਾਮਜ਼ਦ ਦਹਿਸ਼ਤੀ ਜਥੇਬੰਦੀਆਂ ਇਸ ਐਕਟ ਦੇ ਘੇਰੇ 'ਚ ਆ ਜਾਣਗੀਆਂ। ਪੈਰਿਸ 'ਚ ਵਿੱਤ ਐਕਸ਼ਨ ਟਾਸਕ ਫੋਰਸ (ਐਫਏਟੀਐਫ) ਦੀ 18 ਤੋਂ 23 ਫਰਵਰੀ ਤਕ ਹੋਣ ਵਾਲੀ ਅਹਿਮ ਬੈਠਕ ਤੋਂ ਪਹਿਲਾਂ ਇਹ ਕਦਮ ਚੁੱਕਿਆ ਗਿਆ ਹੈ। 'ਡਾਅਨ' ਮੁਤਾਬਕ ਰਾਸ਼ਟਰਪਤੀ ਮਮਨੂਨ ਹੁਸੈਨ ਵੱਲੋਂ ਲਿਆਂਦੇ ਨਵੇਂ ਆਰਡੀਨੈਂਸ ਦਾ ਵੱਡਾ ਅਸਰ ਬਾਕੀ ਸਫ਼ਾ 29 'ਤੇ


# WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205


ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਵਾਅਦਿਆਂ ਤੋਂ ਮੁਕਰਨ ਵਾਲੇ ਕੈਪਟਨ ਦਾ ਲੋਕਾਂ ਨੇ ਅਟਾਰੀ ਵਿਚ ਕੀਤਾ 'ਸਵਾਗਤ' !

## ਉਜੜੇ ਦਰਬਾਰ 'ਚ ਕੁਰਸੀਆਂ ਨੇ ਕੀਤਾ ਮੁੱਖ ਮੰਤਰੀ ਦਾ ਸਵਾਗਤ

**ਸਿੰਘ। ਅਟਾਰੀ/ਬਿਊਰੋ ਨਿਊਜ਼:** ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੇ 172ਵੇਂ ਸ਼ਹੀਦੀ ਦਿਹਾੜੇ ਸਬੰਧੀ ਪਿੰਡ ਅਟਾਰੀ ਸਥਿਤ ਸਮਾਧ 'ਤੇ ਪੰਜਾਬ ਸਰਕਾਰ ਵੱਲੋਂ ਮੁੱਖ ਸਮਾਗਮ ਰੱਖਿਆ ਗਿਆ ਸੀ ਪਰ ਲੋਕਾਂ ਦੇ ਘੱਟ ਗਿਣਤੀ ਵਿੱਚ ਪਹੁੰਚਣ ਕਾਰਨ ਸਮਾਗਮ ਵਿੱਚ ਕੁਰਸੀਆਂ ਖਾਲੀ ਪਈਆਂ ਸਨ। ਇਕੱਤਰਤਾ ਘੱਟ ਹੋਣ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤਕਰੀਬਨ ਅੱਧਾ ਘੰਟਾ ਬੈਠਣ ਮਗਰੋਂ ਸਮਾਗਮ ਨੂੰ ਸੰਬੋਧਨ ਕੀਤੇ ਬਗ਼ੈਰ ਹੀ ਵਾਪਸ ਚਾਲੇ ਪਾ ਦਿੱਤੇ। ਹਾਲਾਂਕਿ ਸਰਕਾਰੀ ਬੁਲਾਰੇ ਨੇ ਦਾਅਵਾ ਕੀਤਾ ਹੈ ਕਿ ਅਟਾਰੀ ਵਿੱਚ ਮੁੱਖ ਮੰਤਰੀ ਦੇ ਸੰਬੋਧਨ ਦਾ ਕੋਈ ਪ੍ਰੋਗਰਾਮ ਨਹੀਂ ਸੀ।

ਪੰਜਾਬ ਸਰਕਾਰ ਨੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਜੀਵਨੀ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪੁਸਤਕਾਂ ਵਿੱਚ ਸ਼ਾਮਲ ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਅਟਾਰੀ ਰੇਲਵੇ ਸਟੇਸ਼ਨ ਅਤੇ ਆਈਸੀਪੀ ਅਟਾਰੀ ਦਾ ਨਾਂ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੇ ਨਾਂ 'ਤੇ ਰੱਖਣ ਲਈ ਕੇਂਦਰ ਸਰਕਾਰ ਕੋਲ ਪਹੁੰਚ ਕੀਤੀ ਗਈ ਹੈ। ਨਰਾਇਣਗੜ੍ਹ ਵਿੱਚ ਸ਼ਾਮ ਸਿੰਘ ਅਟਾਰੀਵਾਲਾ ਦੇ ਸ਼ਹੀਦੀ ਦਿਹਾੜੇ ਮੌਕੇ ਕਰਾਏ ਗਏ ਰਾਜ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਸ ਸਿੱਖ ਜਰਨੈਲ ਦੇ ਆਦਮਕੱਦ ਬੁੱਤ 'ਤੇ ਫੁੱਲ ਮਲਾਵਾਂ ਭੇਟ ਕੀਤੀਆਂ। ਪਿੰਡ ਅਟਾਰੀ ਵਿਖੇ ਸ਼ਾਮ ਸਿੰਘ ਅਟਾਰੀਵਾਲਾ ਦੀ ਸਮਾਧ 'ਤੇ ਅਖੰਡ ਪਾਠ ਦੇ ਭੋਗ 'ਚ ਮੁੱਖ ਮੰਤਰੀ ਸ਼ਾਮਲ ਹੋਏ ਅਤੇ ਭਾਰਤੀ ਫ਼ੌਜ ਵੱਲੋਂ ਦਿੱਤੇ ਵਿਜਯੰਤ ਟੈਂਕ ਨੂੰ ਸਥਾਪਤ ਕਰਨ ਦੀ ਰਸਮ ਨਿਭਾਈ। ਉਨ੍ਹਾਂ ਨੇ ਸ਼ਹੀਦ ਜਰਨੈਲ ਦੀ ਯਾਦ 'ਚ ਅਜਾਇਬਘਰ ਤੇ ਖੇਡ ਮੈਦਾਨ ਬਣਾਉਣ ਲਈ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਛੇਤੀ ਹੀ ਸ਼ਾਮ ਸਿੰਘ ਅਟਾਰੀਵਾਲਾ ਯਾਦਗਾਰੀ ਕੰਪਲੈਕਸ ਵਿੱਚ ਮਿੱਗ ਜਹਾਜ਼ ਸਥਾਪਤ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਹਦਾਇਤ ਕੀਤੀ ਹੈ ਕਿ ਉਹ ਸਰਦਾਰ



**ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ**

ਅਟਾਰੀਵਾਲਾ ਦੀ ਜੀਵਨੀ ਨੂੰ ਪਾਠ ਪੁਸਤਕਾਂ 'ਚ ਸ਼ਾਮਲ ਕਰਨ, ਜਿਸ ਤੋਂ ਬੱਚੇ ਦੇਸ਼ਭਗਤੀ ਦੀ ਪ੍ਰੇਰਨਾ ਲੈ ਸਕਣ। ਉਨ੍ਹਾਂ ਦੱਸਿਆ ਕਿ ਇਹ ਲੇਖ ਸ਼ਾਮਲ ਕਰਨ ਲਈ ਐਨਸੀਈਆਰਟੀ ਨੂੰ ਵੀ ਪੱਤਰ ਲਿਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਰੱਖਿਆ ਮੰਤਰਾਲੇ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਹਰ ਸਾਲ ਅਟਾਰੀ ਵਿੱਚ ਪੱਛਮੀ ਕਮਾਂਡ ਦੇ ਸਾਬਕਾ ਫ਼ੌਜੀਆਂ ਦੀ ਰੈਲੀ ਕਰਵਾਇਆ ਕਰਨ। ਉਨ੍ਹਾਂ ਦੱਸਿਆ ਕਿ ਅਟਾਰੀ 'ਚ ਹਰ ਸਾਲ ਲੱਖਾਂ ਸੈਲਾਨੀਆਂ ਦੀ ਆਮਦ ਦੇ ਮੱਦੇਨਜ਼ਰ ਇਸ ਪਿੰਡ ਨੂੰ ਵਾਈ-ਫਾਈ ਜ਼ੋਨ ਬਣਾਉਣ ਲਈ ਸੰਚਾਰ ਮੰਤਰਾਲੇ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਨੇ ਅਟਾਰੀ 'ਚ ਹਰ ਸਾਲ ਖੇਡ ਮੇਲਾ ਕਰਾਉਣ ਲਈ ਖੇਡ ਵਿਭਾਗ ਨੂੰ ਹਦਾਇਤ ਕੀਤੀ ਹੈ।

ਜਨਰਲ ਸ਼ਾਮ ਸਿੰਘ ਅਟਾਰੀਵਾਲਾ ਯਾਦਗਾਰੀ ਟਰੱਸਟ ਵੱਲੋਂ ਕੀਤੀ ਮੰਗ 'ਤੇ ਮੁੱਖ ਮੰਤਰੀ ਨੇ ਅਟਾਰੀ ਪਿੰਡ ਦੇ ਤਿੰਨ ਨੌਜਵਾਨਾਂ ਨੂੰ ਬਤੌਰ ਗਾਈਡ ਅਟਾਰੀ ਵਿਖੇ ਲਗਾਉਣ ਲਈ ਪੰਜਾਬ ਹੈਰੀਟੇਜ ਅਤੇ ਟੂਰਿਜ਼ਮ ਬੋਰਡ ਨੂੰ ਨਾਂ ਭੇਜਣ ਦੀ ਹਦਾਇਤ ਕੀਤੀ ਹੈ। ਕਰਨਲ ਕੁਲਦੀਪ ਸਿੰਘ ਸਿੱਧੂ ਨੇ ਕਿਹਾ ਕਿ ਸ਼ਾਮ ਸਿੰਘ ਅਟਾਰੀਵਾਲਾ ਟਰੱਸਟ ਵੱਲੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਕਿ ਅਟਾਰੀ ਵਿਖੇ ਸਰਕਾਰੀ ਕਾਲਜ ਖੋਲ੍ਹਿਆ ਜਾਵੇ ਤਾਂ ਜੋ ਸਰਹੱਦੀ ਪਿੰਡਾਂ ਦੇ ਬੱਚੇ ਉਚੇਰੀ ਸਿੱਖਿਆ ਪ੍ਰਾਪਤ ਕਰ ਸਕਣ। ਉਨ੍ਹਾਂ ਕਿਹਾ ਕਿ 1947 ਬਾਅਦ ਅਟਾਰੀ ਹਸਪਤਾਲ ਅਪਗ੍ਰੇਡ ਨਹੀਂ ਹੋਇਆ, ਜੋ ਮਹਿਜ਼ ਚਾਰ ਬੈੱਡ ਦੀ ਡਿਸਪੈਂਸਰੀਨੁਮਾ ਹੈ। ਉਨ੍ਹਾਂ ਮੰਗ ਕੀਤੀ ਕਿ ਅਟਾਰੀ ਵਿਖੇ ਸਿਵਲ ਹਸਪਤਾਲ ਖੋਲ੍ਹਿਆ ਜਾਵੇ ਤਾਂ ਜੋ ਅਟਾਰੀ ਦੇ ਆਸ-ਪਾਸ ਪੈਂਦੇ 20-25 ਪਿੰਡਾਂ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਮਿਲ ਸਕਣ। ਉਨ੍ਹਾਂ ਸਰਹੱਦੀ ਖੇਤਰ ਦੇ ਪਿੰਡਾਂ ਦੇ ਨੌਜਵਾਨਾਂ ਲਈ ਵਿਸ਼ੇਸ਼ ਰੁਜ਼ਗਾਰ ਸਕੀਮ ਸ਼ੁਰੂ ਕਰਨ ਦੀ ਮੰਗ ਵੀ ਕੀਤੀ। ਇਸ ਮੌਕੇ ਬ੍ਰਿਗੇਡੀਅਰ ਵਿਨੀਤ ਮਿੱਤਲ ਤੇ ਕਰਨਲ ਅਰੁਣ ਜਸਰੋਟੀਆ, ਮੀਡੀਆ ਸਲਾਹਕਾਰ ਰਵੀਨ ਠੁਕਰਾਲ ਅਤੇ ਸਥਾਨਕ ਸਰਕਾਰਾਂ ਮੰਤਰੀ ਨਵਜੋਤ ਸਿੰਘ ਸਿੱਧੂ ਹਾਜ਼ਰ ਸਨ।


AutoNation Acura
ACURA
Stevens Creek
4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

*ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।*

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।



**Rashpal Singh Aulakh**
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ

**Cell : 510.299.4326**

Email : aulakhr1@autonation.com


## ਓਐਨਜੀਸੀ ਦੇ ਜਹਾਜ਼ ਦੀ ਮੁਰੰਮਤ ਮੌਕੇ ਧਮਾਕੇ 5 ਮੌਤਾਂ

ਕੋਚੀ/ਬਿਊਰੋ ਨਿਊਜ਼ > ਕੋਚਿਨ ਸ਼ਿਪਯਾਰਡ ਲਿਮਟਿਡ (ਸੀਐਸਐਲ) ਦੇ ਅਹਾਤੇ ਵਿੱਚ ਮੁਰੰਮਤ ਦੌਰਾਨ ਓਐਨਜੀਸੀ ਬੇੜੇ ਵਿੱਚ ਹੋਏ ਧਮਾਕੇ ਮਗਰੋਂ ਲੱਗੀ ਅੱਗ ਕਰਕੇ ਪੰਜ ਜਣੇ ਹਲਾਕ ਹੋ ਗਏ। ਧਮਾਕੇ 'ਚ ਸੱਤ ਵਿਅਕਤੀ ਜ਼ਖ਼ਮੀ ਹੋਏ ਹਨ। ਫ਼ੌਤ ਹੋਏ ਲੋਕ ਠੇਕੇ 'ਤੇ ਕੰਮ ਕਰਨ ਵਾਲੇ ਕਾਮੇ ਮੰਨੇ ਜਾਂਦੇ ਹਨ। ਸੀਐਸਐਲ ਦੇ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਮਧੂ ਐਸ ਨਾਇਰ ਨੇ ਕਿਹਾ ਕਿ ਧਮਾਕਾ ਓਐਨਜੀਸੀ ਬੇੜੇ ਸਾਗਰ ਭੂਸ਼ਨ ਦੇ ਮੂਹਰਲੇ ਟੈਂਕ 'ਚ ਸਵੇਰੇ ਸਵਾ 9 ਵਜੇ ਹੋਇਆ। ਉਨ੍ਹਾਂ ਕਿਹਾ,"ਟੈਂਕ ਅੰਦਰ ਗੈਸ ਜਮਾਂ ਹੋਣ ਕਰਕੇ ਇਹ ਧਮਾਕਾ ਹੋਇਆ ਜਾਪਦਾ ਹੈ।" ਉਂਜ ਉਨ੍ਹਾਂ ਕਿਹਾ ਕਿ ਪੂਰੀ ਜਾਂਚ ਮਗਰੋਂ ਹੀ ਧਮਾਕੇ ਦੇ ਅਸਲ ਕਾਰਨਾਂ ਦਾ ਪਤਾ ਲੱਗੇਗਾ। ਧਮਾਕੇ ਮਗਰੋਂ ਅੱਗ ਬੁਝਾਊ ਕਰਮੀਆਂ ਨੂੰ ਸੱਦ ਕੇ 12 ਵਿਅਕਤੀਆਂ ਨੂੰ ਮੌਕੇ ਤੋਂ ਤੁਰੰਤ ਹਟਾਇਆ ਗਿਆ। ਇਨ੍ਹਾਂ 'ਚੋਂ ਪੰਜ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ 7 ਹੋਰਾਂ ਨੂੰ ਵੱਖ ਵੱਖ ਹਸਪਤਾਲਾਂ 'ਚ ਦਾਖ਼ਲ ਕਰਵਾਇਆ ਗਿਆ। ਇਨ੍ਹਾਂ 'ਚੋਂ ਇਕ ਕਾਮੇ ਦੀ 40 ਫ਼ੀਸਦ ਝੁਲਸਣ ਕਰਕੇ ਹਾਲਤ ਗੰਭੀਰ ਹੈ। ਸੀਐਸਐਲ ਨੇ ਕਿਹਾ ਕਿ ਸਵੇਰੇ ਫੋਨ 'ਤੇ ਬੇੜੇ ਦੇ ਏਅਰ ਕੰਡੀਸ਼ਨਡ ਵਾਲੇ ਖੇਤਰ ਨੇੜੇ ਗੈਸ ਲੀਕ ਹੋਣ ਦੀ ਜਾਣਕਾਰੀ ਮਿਲੀ ਸੀ ਜਿਥੇ ਮੁਰੰਮਤ ਦਾ ਕੰਮ ਚਲ ਰਿਹਾ ਸੀ। ਸਾਰੇ ਕਾਮਿਆਂ ਨੂੰ ਤੁਰੰਤ ਕੰਮ ਰੋਕਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ ਪਰ ਇਸੇ ਦੌਰਾਨ ਧਮਾਕਾ ਹੋ ਗਿਆ। ਸੀਐਸਐਲ ਨੇ ਮ੍ਰਿਤਕਾਂ ਦੇ ਨੇੜਲੇ ਪਰਿਵਾਰਾਂ ਨੂੰ 10 ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ।


# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

**6120 Faith Home Rd Ceres, CA 95307**

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਵਿਦੇਸ਼ੀ ਵਿਆਹਾਂ ਦੇ ਨਾਮ 'ਤੇ ਹੋ ਰਹੇ ਨੇ ਵਪਾਰ

## ਵਿਦੇਸ਼ਾਂ 'ਚ ਪਰਿਵਾਰ ਸਹਿਤ ਵਸਣ ਲਈ ਮਾਂ-ਬਾਪ 40-50 ਸਾਲਾਂ ਦੇ ਵਿਦੇਸ਼ੀ ਲਾੜਿਆਂ ਨਾਲ ਆਪਣੀਆਂ ਪੜ੍ਹੀਆਂ-ਲਿਖੀਆਂ ਤੇ ਨੌਜਵਾਨ ਧੀਆਂ ਦਾ ਕਰ ਦਿੰਦੇ ਨੇ ਵਿਆਹ

ਵਿਸ਼ੇਸ਼ ਰਿਪੋਰਟ

**ਪ੍ਰੋ. ਬਲਵਿੰਦਰਪਾਲ ਸਿੰਘ**
(ਮੋਬਾਇਲ: 9815700916)

ਪੰਜਾਬ ਵਿਚ ਵਿਦੇਸ਼ ਵਿਚ ਵਸਣ ਦਾ ਰੁਝਾਨ ਅਜੋਕੇ ਸਮੇਂ ਬਹੁਤ ਤੇਜ਼ੀ ਨਾਲ ਚਲ ਰਿਹਾ ਹੈ। ਇਸ ਰੁਝਾਨ ਕਾਰਨ ਝੂਠ, ਕਪਟ ਤੇ ਰਿਸ਼ਤਿਆਂ ਦੇ ਕਤਲ, ਧੋਖੇਬਾਜ਼ੀ ਸਭ ਸਾਹਮਣੇ ਆ ਰਹੇ ਹਨ, ਜੋ ਸਾਡੇ ਦੁਖਾਂਤ ਦਾ ਵਿਸ਼ਾ ਬਣ ਰਹੇ ਹਨ। ਐਨ ਆਰ ਆਈ ਲਾੜੇ ਲੱਭਣ ਵੇਲੇ ਆਰਥਿਕ ਪੱਖ 'ਤੇ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ। ਜਿਸ ਵਿਅਕਤੀ ਕੋਲ ਬਹੁਤ ਪੈਸਾ ਹੈ, ਉਸ ਦੇ ਬਾਕੀ ਗੁਣ-ਔਗੁਣ ਨਹੀਂ ਦੇਖੇ ਜਾਂਦੇ। ਹੈਰਾਨੀ ਵਾਲੀ ਗੱਲ ਹੈ ਕਿ ਆਪਣੀ ਧੀ ਨੂੰ ਵਿਦੇਸ਼ ਭੇਜਣ ਦਾ ਲਾਲਚ ਮਾਪਿਆਂ ਨੂੰ ਏਨਾ ਅੰਨ੍ਹਾ ਕਰ ਦਿੰਦਾ ਹੈ ਕਿ ਉਹ ਐਨ ਆਰ ਆਈ ਲੜਕੇ ਦੀ ਪੁਛ-ਪੜਤਾਲ ਜਾਂ ਜਾਂਚ ਕੀਤੇ ਬਿਨਾਂ ਹੀ ਵੀ ਅਪਣਾ ਲੈਂਦੇ ਹਨ। ਬਹੁਤ ਸਾਰੇ ਪੰਜਾਬੀ ਪਰਿਵਾਰ ਇਨ੍ਹਾਂ 40-50 ਸਾਲਾਂ ਦੇ ਵਿਦੇਸ਼ੀ ਲਾੜਿਆਂ ਨਾਲ ਆਪਣੀਆਂ ਪੜ੍ਹੀਆਂ-ਲਿਖੀਆਂ ਤੇ ਨੌਜਵਾਨ ਧੀਆਂ ਨੂੰ ਵਿਆਹ ਦਿੰਦੇ ਹਨ ਤਾਂ ਜੋ ਉਹ ਪਰਿਵਾਰ ਸਹਿਤ ਵਿਦੇਸ਼ ਵਿਚ ਵਸ ਸਕਣ।

ਅਜਿਹੇ ਵਿਆਹ ਕੁਝ ਹੀ ਸਮੇਂ ਬਾਅਦ ਟੁੱਟ ਜਾਂਦੇ ਹਨ ਜਾਂ ਫਿਰ ਧੋਖੇ ਹੁੰਦੇ ਹਨ। ਵਿਆਹ ਕਰਾ ਕੇ, ਪੈਸੇ ਲੁੱਟ-ਪੁੱਟ ਕੇ ਜਲਦੀ ਲੈ ਕੇ ਜਾਣ ਦੇ ਲਾਰੇ ਲਾ ਕੇ ਐਨ ਆਰ ਆਈ ਲਾੜੇ ਵਿਦੇਸ਼ ਵਲ ਉਡਾਰੀ ਮਾਰ ਜਾਂਦੇ ਹਨ, ਫਿਰ ਪੀੜਤ ਲੜਕੀ ਤੇ ਉਸ ਦੇ ਮਾਂ ਬਾਪ ਡੁਸਕਦੇ ਰਗਿੰਦੇ ਹਨ ਤੇ ਥਾਣਿਆਂ ਦੇ ਚੱਕਰ ਕੱਟਦੇ ਰਹਿ ਜਾਂਦੇ ਹਾਂ, ਪਰ ਇਨਸਾਫ਼ ਨਹੀਂ ਮਿਲਦਾ। ਵਿਚੋਲੇ ਉਨ੍ਹਾਂ ਨੂੰ ਇਹੋ ਜਿਹੇ ਸਬਜ਼ਬਾਗ ਦਿਖਾਉਂਦੇ ਹਨ ਕਿ ਉਹ ਬਿਨਾਂ ਸੋਚੇ ਸਮਝੇ ਵਿਆਹ ਲਈ ਹਾਮੀ ਭਰ ਦਿੰਦੇ ਹਨ। ਇਸ ਕਾਰਨ ਲੜਕੀ ਨੂੰ ਧੋਖੇ ਦਾ ਸ਼ਿਕਾਰ ਹੋਣਾ ਪੈਂਦਾ ਤੇ ਦੁਖਾਂਤ ਭੋਗਣਾ ਪੈਂਦਾ ਹੈ।

ਅੱਜ ਵੀ ਐਨ ਆਰ ਆਈ ਲਾੜਿਆਂ ਨਾਲ ਵਿਆਹੀਆਂ ਹੋਈਆਂ ਹਜ਼ਾਰਾਂ ਪੰਜਾਬਣਾਂ ਇਧਰ ਉਡੀਕ ਵਿੱਚ ਬੈਠੀਆਂ ਹਨ। ਕਈਆਂ ਦੇ ਬੱਚੇ ਵੀ ਹਨ ਜਿਸ ਕਰਕੇ ਉਹ 'ਨਾ ਏਧਰ ਦੀਆਂ ਰਹੀਆਂ ਨਾ ਓਧਰ ਦੀਆਂ।' ਇਸ ਦੇ ਬਾਵਜੂਦ ਪੰਜਾਬੀ 'ਅੱਕ ਚੱਬਣ' ਤੋਂ ਗੁਰੇਜ਼ ਨਹੀਂ ਕਰਦੇ।

ਦਸ ਦੇਈਏ ਕਿ ਪਿਛਲੇ ਸਾਲ ਨੂੰ ਜਨਵਰੀ 2017 ਤੋਂ ਲੈ ਕੇ 30 ਨਵੰਬਰ 2017 ਦੇ ਵਿਚਾਲੇ ਵਿਦੇਸ਼ ਮੰਤਰਾਲੇ ਨੂੰ ਤਕਰੀਬਨ 3328 ਸ਼ਿਕਾਇਤਾਂ ਮਿਲੀਆਂ ਸੀ, ਜਿਸ ਵਿਚ ਹਰ ਬੇਟੀ ਨੇ ਦਿਨ ਵਿਚ ਤਿੰਨ ਵਾਰ ਤੇ ਰਾਤ ਦੌਰਾਨ ਇਕ ਵਾਰ ਆਪਣੇ ਮਾਂ-ਬਾਪ ਨੂੰ ਫੋਨ ਕਰਕੇ ਖੁਦ 'ਤੇ ਹੋ ਰਹੇ ਅੱਤਿਆਚਾਰ ਤੋਂ ਜਾਣੂ ਕਰਵਾਉਂਦੇਂ ਏ ਮਦਦ ਮੰਗੀ ਸੀ। ਤੁਹਾਨੂੰ ਦੱਸ ਦੇਈਏ ਕਿ ਔਰਤਾਂ ਨੂੰ ਪਤੀ ਦੁਆਰਾ ਸਰੀਰਕ ਤੌਰ 'ਤੇ ਟਾਰਚਰ ਕੀਤਾ ਜਾਂਦਾ ਹੈ। ਰਿਪੋਰਟ ਦੇ ਮੁਤਾਬਕ ਇਨ੍ਹਾਂ ਵਿਚੋਂ ਜ਼ਿਆਦਾਤਰ ਮੁਟਿਆਰਾਂ ਪੰਜਾਬ, ਗੁਜਰਾਤ, ਆਂਧਰਾ ਤੇ ਤੇਲੰਗਾਨਾ ਦੀਆਂ ਹਨ।

ਰਿਪੋਰਟ ਦੇ ਅਨੁਸਾਰ ਭਾਰਤ ਵਿਚ ਬਹੁਤ ਸਾਰੇ ਰਾਜਾਂ ਵਿਚ ਸਥਿਤ ਦੂਤਾਵਾਸ ਨੂੰ ਅਜਿਹੀਆਂ ਸ਼ਿਕਾਇਤਾਂ ਮਿਲਦੀਆਂ ਹਨ। ਅਜਿਹੀਆਂ ਔਰਤਾਂ ਦੀ ਸ਼ਿਕਾਇਤ ਸੁਣਨ ਲਈ ਮੰਤਰਾਲੇ ਨੇ ਪੋਰਟਲ ਬਣਾਇਆ ਹੈ, ਜਿਸ ਦਾ ਨਾਮ ਐਮਏਡੀਏਡੀਆਈ (MADAI) ਹੈ।



ਹਾਲਾਂਕਿ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਤਰ੍ਹਾਂ ਦੀ ਜੁੜੀਆਂ ਖਬਰਾਂ ਮੰਤਰਾਲੇ ਕੋਲ ਨਹੀਂ ਆਉਂਦੀਆ।ਇਸ ਲਈ ਅਜਿਹੀਆਂ ਔਰਤਾਂ ਦਾ ਅੰਕੜਾ ਹੋਰ ਵੀ ਜ਼ਿਆਦਾ ਹੋ ਸਕਦਾ ਹੈ।

ਅਸਲ ਵਿਚ ਇਨ੍ਹਾਂ ਨੂੰ ਵਿਆਹ ਨਹੀਂ, ਲੜਕੀ ਦਾ ਵਪਾਰ ਕਿਹਾ ਜਾ ਸਕਦਾ ਹੈ। ਅਸੀਂ ਬਿਨਾਂ ਜਾਂਚ-ਪੜਤਾਲ ਦੇ ਆਪਣੀ ਧੀ ਨੂੰ ਬਾਹਰਲੇ ਦੇਸ਼ਾਂ ਵਿਚ ਆਪਣੇ ਲਾਲਚ ਹਿੱਤ ਭੇਜ ਦਿੰਦੇ ਹਾਂ। ਪ੍ਰਵਾਸੀ ਪੰਜਾਬੀ ਲਾੜਿਆਂ ਨਾਲ ਵਿਆਹਾਂ ਦੇ ਨਾਮ 'ਤੇ ਪੰਜਾਬ ਵਿਚ ਰਹਿੰਦੇ ਹਜ਼ਾਰਾਂ ਪਰਿਵਾਰਾਂ ਵਿਚ ਇਹ ਇੱਛਾ ਦਿਖਾਈ ਦਿੰਦੀ ਹੈ ਕਿ ਕਾਸ਼! ਉਨ੍ਹਾਂ ਦੀ ਲੜਕੀ ਦਾ ਵਿਆਹ ਵਿਦੇਸ਼ ਵਿਚ ਹੋ ਜਾਵੇ ਤੇ ਉਹ ਵਿਦੇਸ਼ ਵਿਚ ਸੈਟਲ ਹੋ ਜਾਵੇ ਤੇ ਉਸ ਦੀ ਮਦਦ ਨਾਲ ਅਸੀਂ ਵੀ ਵਿਦੇਸ਼ ਦੇ ਨਾਗਰਿਕ ਬਣ ਜਾਈਏ। ਪਰ ਇਸ ਸੁਪਨੇ ਦਾ ਦੁਖਾਂਤ ਇਹ ਹੈ ਕਿ ਹਰ ਸਾਲ ਸੈਂਕੜਿਆਂ ਦੀ ਗਿਣਤੀ ਵਿਚ ਪ੍ਰਵਾਸੀ ਪੰਜਾਬੀ ਲਾੜੇ ਵਿਆਹ ਦੇ ਨਾਮ 'ਤੇ ਪੰਜਾਬ ਦੀਆਂ ਲੜਕੀਆਂ ਦੇ ਨਾਲ ਧੋਖਾ ਕਰ ਜਾਂਦੇ ਹਨ ਤੇ ਸਦਾ ਲਈ ਉਨ੍ਹਾਂ ਦੀ ਜ਼ਿੰਦਗੀ ਖਰਾਬ ਕਰ ਜਾਂਦੇ ਹਨ। ਵਿਆਹ ਕਰਕੇ ਲਾੜੀਆਂ ਨੂੰ ਆਪਣੇ ਨਾਲ ਵਿਦੇਸ਼ ਨਾ ਲਿਜਾਣਾ, ਵਿਦੇਸ਼ ਲਿਜਾ ਕੇ ਉਨ੍ਹਾਂ ਤੋਂ ਨੌਕਰਾਣੀ ਆਦਿ ਦੇ ਕੰਮ ਕਰਵਾਉਣਾ ਜਾਂ ਫਿਰ ਵਿਆਹ ਤੋਂ ਬਾਅਦ ਪਤਾ ਲੱਗਣਾ ਕਿ ਪ੍ਰਵਾਸੀ ਭਾਰਤੀ ਲਾੜੇ ਨੇ ਤਾਂ ਪਹਿਲਾਂ ਤੋਂ ਹੀ ਵਿਦੇਸ਼ ਵਿਚ ਵਿਆਹ ਕਰ ਰੱਖਿਆ ਹੈ। ਇਹੋ ਜਿਹੇ ਕਈ ਧੋਖੇ ਸਾਹਮਣੇ ਆਏ ਹਨ।

ਪੰਜਾਬ ਦੀਆਂ ਅਖ਼ਬਾਰਾਂ ਵਿੱਚ ਆਉਂਦੇ ਇਸ਼ਤਿਹਾਰ ਗਹੁ ਨਾਲ ਤੱਕੋ ਤਾਂ ਵਿਆਹ ਦੇ ਨਾਮ 'ਤੇ ਵਪਾਰ ਦੀ ਗੱਲ ਸਪੱਸ਼ਟ ਹੋ ਜਾਂਦੀ ਹੈ। ਕਿਸੇ ਇਸ਼ਤਿਹਾਰ ਵਿੱਚ ਲੋੜੀਂਦੇ ਬੈਂਡ ਦੀ ਸ਼ਰਤ ਨਾਲ ਸਾਰਾ ਖ਼ਰਚ ਚੁੱਕਣ, ਵਿਆਹ ਕੱਚਾ, ਕੋਰਟ ਮੈਰਿਜ ਦੀ ਗੱਲ ਲਿਖੀ ਹੋਵੇਗੀ। ਪੀ.ਆਰ. ਤੱਕ ਖ਼ਰਚ ਚੁੱਕਣ ਦੀ ਹਾਮੀ ਭਰੀ ਜਾਂਦੀ ਹੈ। ਅਜਿਹੇ ਰਿਸ਼ਤਿਆਂ ਕਾਰਨ ਦੁਖ ਲੜਕੀ ਨੂੰ ਭੋਗਣਾ ਪੈਂਦਾ ਹੈ ਤੇ ਦੋਹਾਂ ਧਿਰਾਂ ਦੇ ਫੈਸਲੇ ਅਦਾਲਤਾਂ ਰਾਹੀਂ ਨਿਬੜਦੇ ਹਨ। ਪਰ ਇਨਸਾਫ਼ ਲੜਕੀ ਵਾਲਿਆਂ ਦੀ ਧਿਰ ਨੂੰ ਕਦੇ ਨਹੀਂ ਮਿਲਦਾ। ਆਖਿਰ ਨੁਕਸਾਨ ਲੜਕੀ ਦਾ ਹੀ ਹੁੰਦਾ ਹੈ।

ਪੰਜਾਬ ਰਾਜ ਦੇ ਐੱਨ ਆਰ. ਆਈ. ਕਮਿਸ਼ਨ ਦੇ ਚੇਅਰਮੈਨ ਜਸਟਿਸ (ਰਿਟਾ.) ਰਾਕੇਸ਼ ਕੁਮਾਰ ਗਰਗ ਦਾ ਇਸ ਸੰਬੰਧ ਵਿਚ ਕਹਿਣਾ ਹੈ ਕਿ ਐੱਨ. ਆਰ. ਆਈ ਦੀ ਲਾੜੀ ਬਣੀਆਂ ਕੁੜੀਆਂ ਨੂੰ ਜ਼ਿਆਦਾਤਰ ਝੂਠ, ਫਰੇਬ, ਧੋਖੇਬਾਜ਼ੀ, ਦਾਜ, ਤਲਾਕ ਆਦਿ ਦਾ ਸ਼ਿਕਾਰ ਬਣਦੇ ਦੇਖਿਆ ਗਿਆ ਹੈ। ਉਨ੍ਹਾਂ ਅਨੁਸਾਰ ਔਰਤਾਂ ਵਿਦੇਸ਼ਾਂ ਵਿਚ ਜ਼ਿਆਦਾਤਰ ਕਮਜ਼ੋਰ ਤੇ ਮਜਬੂਰ ਨਜ਼ਰ ਆਉਂਦੀਆਂ ਨ, ਕਿਉਂਕਿ ਉਨ੍ਹਾਂ ਨੂੰ ਇੱਥੋਂ ਤੱਕ ਕਿ ਆਪਣੇ ਦੇਸ ਦੇ ਕਾਨੂੰਨਾਂ ਤੇ ਨਿਯਮਾਂ ਦੇ ਬਾਰੇ ਹੀ ਗਿਆਨ ਨਹੀਂ ਹੁੰਦਾ। ਪੰਜਾਬ ਸਰਕਾਰ ਨੇ ਮੈਰਿਜ ਦੇ ਪ੍ਰਤੀ ਰਜਿਸਟ੍ਰੇਸ਼ਨ ਨੂੰ ਜ਼ਰੂਰੀ ਬਣਾਇਆ ਹੈ ਤੇ ਜਦ ਐੱਨ. ਆਰ. ਆਈ. ਪਤੀ ਭਾਰਤ ਵਿਚ ਵਿਆਹ ਦੇ ਬਾਅਦ ਵਾਪਸ ਵਿਦੇਸ਼ ਜਾਂਦਾ ਹੈ, ਤਾਂ ਇਹ ਪੂਰੀ ਤਰ੍ਹਾਂ ਚੈੱਕ ਕਰ ਲੈਣਾ ਚਾਹੀਦਾ ਹੈ ਕਿ ਕੀ ਉਸ ਨੇ ਆਪਣੇ ਪਾਸਪੋਰਟ ਵਿਚ ਆਪਣਾ ਮੈਰਿਜ ਸੰਬੰਧੀ ਸਟੇਟਸ ਬਦਲਿਆ ਹੈ ਜਾਂ ਕਿ ਨਹੀਂ।'

ਹੁਣੇ ਜਿਹੇ ਰਾਸ਼ਟਰੀ ਮਹਿਲਾ ਕਮਿਸ਼ਨ ਨੂੰ ਵੱਖ-ਵੱਖ ਸੂਬਿਆਂ ਦੀ ਪੁਲੀਸ ਤੋਂ ਜਿਹੜੇ ਅੰਕੜੇ ਮਿਲੇ ਹਨ, ਉਨ੍ਹਾਂ ਵਿਚ ਇਹ ਤੱਥ ਉਜਾਗਰ ਹੋਇਆ ਹੈ ਕਿ ਦਿੱਲੀ ਵਿਚ ਪਿਛਲੇ ਤਿੰਨ

ਬਾਕੀ ਸਫ਼ਾ 28 'ਤੇ



### ਐਨ ਆਰ ਆਈ ਵਿਆਹ ਤੇ ਧੋਖਾ

ਗੁਰਦਾਸਪੁਰ ਦੀ ਜਸਵੰਤ ਕੌਰ ਅਜੇ ਵੀ ਬਰਤਾਨੀਆ ਤੋਂ ਆਪਣੇ ਪਤੀ ਕਰਮਜੀਤ ਸਿੰਘ ਦੀ ਵਾਪਸੀ ਦਾ ਇੰਤਜ਼ਾਰ ਕਰ ਰਹੀ ਹੈ। ਕਰਮਜੀਤ ਨੇ 21 ਸਾਲ ਦੀ ਆਪਣੀ ਵਹੁਟੀ ਜਸਵੰਤ ਕੌਰ ਨਾਲ ਵਾਅਦਾ ਕੀਤਾ ਸੀ ਕਿ ਉਹ ਇਮੀਗ੍ਰੇਸ਼ਨ ਦੇ ਕਾਗਜ਼ਾਤ ਕੁਝ ਹਫਤਿਆਂ ਦੇ ਅੰਦਰ ਭੇਜੇਗਾ ਤਾਂ ਕਿ ਉਹ ਬਰਤਾਨੀਆ ਉਸ ਕੋਲ ਆ ਸਕੇ। ਜਸਵੰਤ ਕੌਰ ਦੇ ਮਾਂ ਬਾਪ ਨੇ ਲਾੜੇ ਨੂੰ ਦਾਜ ਵਿਚ 7 ਲੱਖ ਦੇ ਸੋਨੇ ਦੇ ਗਹਿਣ ਦਿੱਤੇ। ਜਸਵੰਤ ਅਜੇ ਵੀ ਆਪਣੇ ਪਤੀ ਦੇ ਆਉਣ ਦੀ ਉਡੀਕ ਵਿਚ ਹੈ, ਪਰ ਉਸ ਨਾਲ ਜ਼ਾਲਮਾਨਾ ਵਿਆਹ ਦੇ ਨਾਮ 'ਤੇ ਮਖੌਲ ਹੋਇਆ ਹੈ। ਹੁਣ ਉਸ ਦੇ ਪਤੀ ਦਾ ਫੋਨ ਵੀ ਬੰਦ ਆ ਰਿਹਾ ਹੈ। ਜਸਵੰਤ ਨੂੰ ਇਹ ਵੀ ਪਤਾ ਲੱਗਾ ਹੈ ਕਿ ਉਸ ਦੇ ਪਤੀ ਨੇ ਲੰਡਨ ਵਿਚ ਪਹਿਲਾਂ ਹੀ ਵਿਆਹ ਕਰਵਾਇਆ ਹੋਇਆ ਹੈ, ਉਸ ਕੋਲ ਪਹਿਲਾਂ ਹੀ ਇਕ ਪਤਨੀ ਅਤੇ ਦੋ ਬੱਚੇ ਸਨ। ਉਹ ਤਾਂ ਸਿਰਫ਼ ਭਾਰਤ ਵਿਚ ਉਸ ਨੂੰ ਹੰਢਾਉਣ ਆਇਆ ਸੀ ਜਾਂ ਲੁੱਟਣ ਆਇਆ ਸੀ। ਉਸ ਦਾ ਇਹ ਵੀ ਕਹਿਣਾ ਹੈ ਕਿ ਪੁਲੀਸ ਦਾ ਭ੍ਰਿਸ਼ਟ ਢਾਂਚਾ ਹੋਣ ਕਰਕੇ ਲੜਕੀਆਂ ਨੂੰ ਇਨਸਾਫ਼ ਨਹੀਂ ਮਿਲਦਾ।

ਜਗਰਾਉਂ ਦੀ 30 ਸਾਲਾ ਸੀਮਾ ਦਾ ਵਿਆਹ 2012 ਵਿੱਚ ਕੁਵੈਤ ਰਹਿੰਦੇ ਨੌਜਵਾਨ ਨਾਲ ਹੋਇਆ। ਸਾਲ ਬਾਅਦ ਉਸ ਦੇ ਲੜਕੀ ਪੈਦਾ ਹੋਈ। ਉਸ ਦਾ ਪਤੀ 2015 ਤੋਂ ਬਾਅਦ ਨਹੀਂ ਆਇਆ। ਸੀਮਾ ਅੱਜ ਵੀ ਪੇਕੇ ਘਰ ਬੈਠੀ ਉਸ ਦੀ ਉਡੀਕ ਕਰ ਰਹੀ ਹੈ। ਇਸੇ ਤਰ੍ਹਾਂ 28 ਸਾਲਾ ਮਨਪ੍ਰੀਤ ਕੌਰ ਦਾ ਮਾਪਿਆਂ ਨੇ ਬੜੇ ਚਾਵਾਂ ਨਾਲ ਅਮਰੀਕਾ ਨਿਵਾਸੀ ਨਾਲ ਵਿਆਹ ਕੀਤਾ। ਜਨਵਰੀ 2016 ਵਿੱਚ ਵਿਆਹ ਹੋਇਆ ਅਤੇ ਦੋਵੇਂ ਮਾਲਦੀਵ ਘੁੰਮ ਕੇ ਆਏ। ਪਤੀ ਨੇ ਅਮਰੀਕਾ ਪਹੁੰਚ ਕੇ ਤਲਾਕ ਦੇ ਪੇਪਰ ਭੇਜ ਦਿੱਤੇ। ਅਜਿਹੇ ਵਿਆਹ ਉੱਤੇ 20 ਲੱਖ ਤੋਂ ਸ਼ੁਰੂ ਹੋਇਆ ਖ਼ਰਚ 40 ਲੱਖ ਨੂੰ ਟੱਪ ਗਿਆ। ਪੰਜਾਬੀ ਪਰਿਵਾਰ ਇਸ ਰਕਮ ਨੂੰ 'ਨਿਵੇਸ਼' ਮੰਨ ਕੇ ਚੱਲਣ ਲੱਗੇ ਕਿਉਂਕਿ ਵਿਦੇਸ਼ ਜਾਣ ਵਾਲੇ ਮੁੰਡੇ ਜਾਂ ਕੁੜੀ ਮਗਰ ਉਸ ਦੇ ਬਾਕੀ ਭੈਣ-ਭਰਾ ਅਤੇ ਮਾਂ-ਪਿਉ ਵੀ ਜਾ ਸਕਦੇ ਹਨ।

ਸੀਮਾ ਦਾ ਪਤੀ 2015 ਤੋਂ ਬਾਅਦ ਕਦੇ ਵਾਪਸ ਨਹੀਂ ਆਇਆ। ਪਤੀ ਨੇ ਉਸ ਨੂੰ ਅਮਰੀਕਾ ਕੀ ਲਿਜਾਣਾ ਸੀ ਪਿਛਲੇ ਸਾਲ ਤਲਾਕ ਦੇ ਪੇਪਰ ਘੱਲ ਦਿੱਤੇ। ਸਾਬਕਾ ਫੌਜੀ ਦੀ ਧੀ ਅਤੇ ਨੌਜਵਾਨ ਫੌਜੀ ਦੀ ਭੈਣ ਹੁਣ ਇਨਸਾਫ਼ ਮੰਗ ਰਹੀ ਹੈ। ਮੋਗਾ ਦੀ 29 ਸਾਲਾ ਪ੍ਰਿਤਪਾਲ ਕੌਰ ਦਾ ਵਿਆਹ 2014 ਵਿੱਚ ਹਾਂਗਕਾਂਗ ਗਏ ਨੌਜਵਾਨ ਨਾਲ ਹੋਇਆ, ਜੋ ਵਿਆਹ ਤੋਂ ਬਾਅਦ ਕਦੇ ਮੁੜਿਆ ਹੀ ਨਹੀਂ। ਉਹ ਹਾਲੇ ਤੱਕ ਉਸ ਦੀ ਉਡੀਕ ਕਰ ਰਹੀ ਹੈ।

ਜਿਵੇਂ ਹੀ ਇਨ੍ਹਾਂ ਲਾੜੀਆਂ ਦੇ ਪਤੀ ਮੂੰਹ ਮੋੜ ਗਏ ਉਨ੍ਹਾਂ ਦੇ ਸਹੁਰੇ ਪਰਿਵਾਰਾਂ ਨੇ ਵੀ ਇਨ੍ਹਾਂ ਦੀ ਸਾਰ ਨਾ ਲਈ ਤੇ ਇਨ੍ਹਾਂ ਤੋਂ ਮੂੰਹ ਮੋੜ ਲਿਆ। ਇਨ੍ਹਾਂ ਲਾੜੀਆਂ ਦੀ ਹਾਲਤ ਦੁਹਾਗਣਾ ਵਰਗੀ ਹੈ, ਜਿਨ੍ਹਾਂ ਦਾ ਦੁਖਾਂਤ ਕੋਈ ਨਹੀਂ ਸਮਝ ਸਕਦਾ।

### ਆਈਲੈੱਟਸ ਦਾ ਕਾਰੋਬਾਰ ਤੇ ਵਿਦੇਸ਼ ਜਾਣ ਦਾ ਰਾਹ

**ਆਈਲੈੱਟਸ 'ਵਪਾਰ' ਨੂੰ 'ਨੇਮਾਂ' ਅਧੀਨ ਲਿਆਏਗੀ ਸਰਕਾਰ-ਕੈਬਨਿਟ ਮੰਤਰੀ ਚੰਨੀ**

ਆਈਲੈੱਟਸ ਕਰਕੇ ਵਿਦੇਸ਼ ਜਾਣ ਦਾ ਰਾਹ ਸੌਖਾ ਹੋਣ ਨਾਲ ਪੰਜਾਬ ਅੰਦਰ ਆਈਲੈੱਟਸ ਦਾ ਕਾਰੋਬਾਰ ਖੜ੍ਹਾ ਹੋਇਆ ਹੈ। ਹਰ ਸ਼ਹਿਰ ਅਤੇ ਕਸਬੇ ਦੇ ਚੌਂਕ ਚੁਰਾਹੇ ਅਤੇ ਨੁੱਕਰ ਉੱਤੇ ਆਈਲੈੱਟਸ ਸੈਂਟਰਾਂ ਦੀ ਭਰਮਾਰ ਹੈ। ਬਹੁਤੇ ਆਈਲੈੱਟਸ ਸੈਂਟਰ ਅਤੇ ਟਰੈਵਲ ਏਜੰਟ ਅਣਅਧਿਕਾਰਤ ਹਨ। ਜ਼ਿਲ੍ਹਾ ਲੁਧਿਆਣਾ ਵਿੱਚ ਕੇਵਲ 170 ਟਰੈਵਲ ਏਜੰਟ ਅਧਿਕਾਰਤ ਹਨ, ਜਿਨ੍ਹਾਂ ਵਿੱਚ ਜਗਰਾਉਂ ਦੇ ਸਿਰਫ਼ 12 ਟਰੈਵਲ ਏਜੰਟਾਂ ਦੇ ਨਾਂ ਦਰਜ ਹਨ। ਬਾਕੀ ਅਣਅਧਿਕਾਰਤ ਟਰੈਵਲ ਏਜੰਟ ਹੀ 'ਗੋਰਖਧੰਦਾ' ਚਲਾ ਰਹੇ ਹਨ। ਪਿਛਲੇ ਇੱਕ ਦਹਾਕੇ ਵਿੱਚ ਪੜ੍ਹਾਈ ਲਈ ਵਿਦੇਸ਼ ਜਾਣ ਦੇ ਰੁਝਾਨ ਨੇ ਬਹੁਤ ਤੇਜ਼ੀ ਫੜੀ ਹੈ। ਗ਼ੈਰ-ਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾਣ ਦਾ ਰੁਝਾਨ ਦਹਾਕਿਆਂ ਬਾਅਦ ਵੀ ਲਗਾਤਾਰ ਜਾਰੀ ਹੈ। ਵਿਦੇਸ਼ ਯਾਤਰਾ ਅਤੇ ਇਮੀਗਰੇਸ਼ਨ ਦਾ ਧੰਦਾ ਪ੍ਰਫੁੱਲਤ ਅਤੇ ਵਧੇਰੇ ਕਮਾਈ ਵਾਲਾ ਹੋਣ ਕਰਕੇ ਇਸ ਕਾਰੋਬਾਰ ਵਿੱਚ ਕਈ ਠੱਗ ਕਿਸਮ ਦੇ ਲੋਕ ਵੀ ਆ ਗਏ ਹਨ। ਸਰਕਾਰ ਨੇ ਮਨੁੱਖੀ ਤਸਕਰੀ ਰੋਕੂ ਐਕਟ ਤਹਿਤ ਟਰੈਵਲ ਏਜੰਟਾਂ ਦੀ ਰਜਿਸਟਰੇਸ਼ਨ ਜ਼ਰੂਰੀ ਕਰ ਦਿੱਤੀ ਹੈ।

ਇਸ ਲਈ ਤਿੰਨ ਸਾਲ ਦੇ ਆਮਦਨ ਟੈਕਸ ਵਾਲੇ ਕਾਗ਼ਜ਼, ਪਛਾਣ ਸਬੰਧੀ ਸਬੂਤ ਅਤੇ ਹਲਫ਼ੀਆ ਬਿਆਨ ਤੋਂ ਇਲਾਵਾ ਤੈਅ ਫੀਸ ਜਮ੍ਹਾਂ ਕਰਵਾਉਣ ਉੱਤੇ ਸਰਕਾਰ ਪਾਸੋਂ ਸਰਟੀਫਿਕੇਟ ਹਾਸਲ ਕਰਨਾ ਹੁੰਦਾ ਹੈ। ਜ਼ਿਲ੍ਹਾ ਮੈਜਿਸਟਰੇਟ ਕਮ ਡਿਪਟੀ ਕਮਿਸ਼ਨਰ ਪ੍ਰਦੀਪ ਅਗਰਵਾਲ ਦਾ ਕਹਿਣਾ ਸੀ ਕਿ ਠੱਗੀ ਦੀਆਂ ਲਗਾਤਾਰ ਆ ਰਹੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਅਧਿਕਾਰਤ ਟਰੈਵਲ ਏਜੰਟਾਂ ਦੀ ਸੂਚੀ ਜਨਤਕ ਕੀਤੀ ਗਈ ਹੈ। ਆਈਲੈੱਟਸ ਸੈਂਟਰ ਖੋਲ੍ਹਣ ਲਈ ਕੇਂਦਰੀ ਸਿੱਖਿਆ ਮੰਤਰਾਲੇ ਤੋਂ ਸ਼ਰਤਾਂ ਪੂਰੀਆਂ ਕਰਕੇ ਲਾਇਸੰਸ ਅਤੇ ਦਵਾਰਕਾ (ਦਿੱਲੀ) ਸਥਿਤ ਦਫ਼ਤਰ ਵਿੱਚ 35 ਹਜ਼ਾਰ ਦੀ ਫੀਸ ਭਰਨੀ ਹੁੰਦੀ ਹੈ। ਸੂਬਾ ਸਰਕਾਰ ਦੀਆਂ ਕੁਝ ਸ਼ਰਤਾਂ ਵੀ ਪੂਰੀਆਂ ਕਰਨੀ ਹੁੰਦੀਆਂ ਹਨ। ਜ਼ਿਆਦਾਤਰ ਸੈਂਟਰ ਕੋਈ ਵੀ ਸ਼ਰਤ ਪੂਰੀ ਨਹੀਂ ਕਰ ਰਹੇ। ਪੰਜਾਬ ਦੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਕਹਿਣਾ ਸੀ ਕਿ ਆਈਲੈੱਟਸ ਦੇ ਨਾਂ ਉੱਤੇ ਵਿਦਿਆਰਥੀਆਂ ਦੀ ਵੱਡੇ ਪੱਧਰ ਉੱਤੇ ਲੁੱਟ ਹੋ ਰਹੀ ਹੈ। ਇਸ ਲਈ ਜਲਦੀ ਹੀ ਚਰਚਾ ਕਰਕੇ ਕੋਈ ਕਾਇਦਾ-ਕਾਨੂੰਨ ਬਣਾਇਆ ਜਾਵੇਗਾ। ਸਰਕਾਰ ਨੇ ਮਨੁੱਖੀ ਤਸਕਰੀ ਰੋਕੂ ਐਕਟ ਤਹਿਤ ਟਰੈਵਲ ਏਜੰਟਾਂ ਦੀ ਰਜਿਸਟਰੇਸ਼ਨ, ਤਿੰਨ ਸਾਲ ਦੇ ਆਮਦਨ ਟੈਕਸ ਵਾਲੇ ਕਾਗ਼ਜ਼, ਪਛਾਣ ਸਬੰਧੀ ਸਬੂਤ ਅਤੇ ਹਲਫ਼ੀਆ ਬਿਆਨ ਜ਼ਰੂਰੀ ਕੀਤਾ ਹੈ। ਇਸ ਤੋਂ ਇਲਾਵਾ ਤੈਅ ਫ਼ੀਸ ਜਮ੍ਹਾਂ ਕਰਵਾਉਣ ਉੱਤੇ ਸਰਕਾਰ ਪਾਸੋਂ ਸਰਟੀਫਿਕੇਟ ਹਾਸਲ ਕਰਨਾ ਜ਼ਰੂਰੀ ਕਰ ਦਿੱਤਾ ਹੈ। ਇਸੇ ਤਰਜ਼ ਉੱਤੇ ਸਰਕਾਰ ਆਈਲਟਸ ਸੈਂਟਰਾਂ ਲਈ ਵੀ ਅਜਿਹੀਆਂ ਸ਼ਰਤਾਂ ਲਾਗੂ ਕਰ ਸਕਦੀ ਹੈ।



# ਅਡਾਨੀ ਦੇ ਖ਼ਿਲਾਫ਼ ਖ਼ਬਰ ਲਾਉਣ ਵਾਲੇ ਪੱਤਰਕਾਰ ਨੂੰ ਭਾਰਤ ਨੇ ਨਹੀਂ ਦਿੱਤਾ ਵੀਜਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਭਾਰਤੀ ਮੂਲ ਦੇ ਆਸਟਰੇਲੀਆਈ ਪੱਤਰਕਾਰ ਅੰਮ੍ਰਿਤਾ ਸਲੀ ਨੂੰ ਭਾਰਤ ਸਰਕਾਰ ਨੇ ਭਾਰਤ ਆਉਣ ਦਾ ਵੀਜ਼ਾ ਨਹੀਂ ਦਿੱਤਾ। ਉਸ ਨੇ ਸਿਡਨੀ ਸਥਿਤ ਭਾਰਤੀ ਦੂਤਾਵਾਸ ਵਿਚ ਵੀਜ਼ਾ ਦੇ ਲਈ ਅਰਜ਼ੀ ਦਿੱਤੀ ਸੀ, ਪਰ ਲੰਬੇ ਸਮੇਂ ਤੱਕ ਟਾਲਮਟੋਲ ਕੀਤੀ ਜਾਂਦੀ ਰਹੀ। ਜਦੋਂ ਪੱਤਰਕਾਰ ਨੇ ਇਸ ਬਾਰੇ ਜਾਣਨਾ ਚਾਹਿਆ, ਤਾਂ ਪਹਿਲਾਂ ਤਾਂ ਉਸ ਨੂੰ ਅਗਲੇ ਹਫ਼ਤੇ-ਅਗਲੇ ਹਫ਼ਤੇ ਕਹਿ ਕੇ ਮਾਮਲੇ ਨੂੰ ਟਾਲਿਆ ਗਿਆ ਤੇ ਬਾਅਦ ਵਿਚ ਉਸ ਨੂੰ ਠੰਡੇ ਬਸਤੇ ਵਿਚ ਪਾ ਦਿੱਤਾ ਗਿਆ। ਅਸਲ ਵਿਚ ਇਹ ਪੱਤਰਕਾਰ ਆਸਟਰੇਲੀਆ ਦੇ ਰੇਡੀਓ ਨੈਸ਼ਨਲ 'ਤੇ ਭਾਰਤ ਦੇ ਗੌਰਵਸ਼ਾਲੀ ਇਤਿਹਾਸ 'ਤੇ ਸੀਰੀਜ਼ ਵਿਚ ਪ੍ਰਸਾਰਿਤ ਹੋਣ ਵਾਲੇ ਇੱਕ ਪ੍ਰੋਗਰਾਮ ਨੂੰ ਸ਼ੂਟ ਕਰਨ ਭਾਰਤ ਆਉਣਾ ਚਾਹੁੰਦੇ ਸਨ।

ਇਸ ਪ੍ਰੋਗਰਾਮ ਵਿਚ ਅਜ਼ਾਦੀ ਪ੍ਰਾਪਤੀ ਤੋਂ ਬਾਅਦ ਭਾਰਤ ਦੇ ਸਫ਼ਰਨਾਮੇ ਨੂੰ ਚਿੱਤਰ ਰਾਹੀਂ ਦਰਸਾਉਣਾ ਸੀ। ਇਸ ਲਈ ਪੱਤਰਕਾਰ ਨੂੰ ਭਾਰਤ ਵਿਚ ਵੱਖ-ਵੱਖ ਇਤਿਹਾਸਕਾਰਾਂ, ਅਰਥ-ਸ਼ਾਸਤਰੀਆਂ, ਖੋਜੀ ਪੱਤਰਕਾਰਾਂ, ਵਿਅੰਗਕਾਰਾਂ, ਵਾਤਾਵਰਨ ਮਾਹਿਰਾਂ, ਸਿੱਖਿਆ ਮਾਹਿਰਾਂ, ਸ਼ਿਲਪਕਾਰਾਂ ਤੇ ਵਿਦਿਆਰਥੀ ਨੇਤਾਵਾਂ ਨਾਲ ਮੁਲਾਕਾਤਾਂ ਕਰਨੀਆਂ ਸਨ।

ਆਸਟਰੇਲੀਆਈ ਪੱਤਰਕਾਰ ਨੂੰ ਇਸ ਪ੍ਰੋਗਰਾਮ ਵਿਚ ਭਾਰਤ ਵਿਚ ਜਾਤ ਤੇ ਲਿੰਗ ਭੇਦ, ਧਾਰਮਿਕ ਭੇਦਭਾਵ, ਲਿੰਗਕ ਅਸਮਾਨਤਾ, ਮੀਡੀਆ ਦੀ ਅਜ਼ਾਦੀ, ਨਿਆਂਪਾਲਿਕਾ 'ਤੇ ਕੰਟਰੋਲ ਅਤੇ ਹਮਲੇ, ਝੂਠੀਆਂ ਖ਼ਬਰਾਂ, ਰੱਖਿਆ ਮੁੱਦਿਆਂ ਸਮੇਤ ਰਾਜਨੀਤਕ ਏਜੰਡਿਆਂ ਨੂੰ ਸ਼ਾਮਲ ਕਰਨਾ ਸੀ। ਇਸ ਲਈ ਉਨ੍ਹਾਂ ਨੂੰ ਸਕਾਲਰਸ਼ਿਪ ਵੀ ਮਿਲਿਆ ਸੀ। ਤੈਅ ਯੋਜਨਾ ਦੇ ਮੁਤਾਬਕ ਪੱਤਰਕਾਰਾਂ ਦੇ ਇੱਕ ਦਸਤੇ ਨੂੰ ਫਰਵਰੀ ਵਿਚ ਆਉਣਾ ਸੀ ਤੇ ਇਸ ਲਈ ਅਰਜ਼ੀ ਅਤੇ ਇੰਟਰਵਿਊ ਸ਼ਡਿਊਲ ਦਸੰਬਰ ਵਿਚ ਹੀ ਕਰ ਦਿੱਤਾ ਗਿਆ ਸੀ। ਬਾਵਜੂਦ ਇਸ ਦੇ ਉਨ੍ਹਾਂ ਨੂੰ ਵੀਜ਼ਾ ਨਹੀਂ ਦਿੱਤਾ ਗਿਆ। ਵੀਜ਼ੇ ਤੋਂ ਵਾਂਝੇ ਪੱਤਰਕਾਰ ਨੇ ਲਿਖਿਆ ਹੈ ਕਿ ਜਦੋਂ ਉਨ੍ਹਾਂ ਨੇ ਵਿਦੇਸ਼ ਮੰਤਰਾਲੇ ਤੋਂ ਇਹ ਪਤਾ ਕਰਨ ਦੀ ਕੋਸ਼ਿਸ਼ ਕੀਤੀ ਕਿ ਵੀਜ਼ਾ ਕਿਉਂ ਨਹੀਂ ਮਿਲ ਰਿਹਾ ਹੈ, ਤਾਂ ਉਨ੍ਹਾਂ ਨੂੰ ਉੱਚ ਅਧਿਕਾਰੀਆਂ ਦੇ ਸੂਤਰਾਂ ਤੋਂ ਜਾਣਕਾਰੀ ਮਿਲੀ ਕਿ ਮਸ਼ਹੂਰ ਸਨਅਤਕਾਰ ਗੌਤਮ ਅਡਾਨੀ ਦੇ ਖ਼ਿਲਾਫ਼ ਖ਼ਬਰ ਲਗਾਉਣ ਦੀ ਵਜ੍ਹਾ ਕਾਰਨ ਉਸ ਦਾ ਵੀਜ਼ਾ ਲਟਕਾਇਆ ਗਿਆ ਹੈ। ਦੱਸ ਦੇਈਏ ਕਿ ਪਿਛਲੇ ਸਾਲ ਅਕਤੂਬਰ ਮਹੀਨੇ ਵਿਚ ਇਸ ਪੱਤਰਕਾਰ ਨੇ ਆਸਟਰੇਲੀਆ ਵਿਚ ਅਡਾਨੀ ਗਰੁੱਪ ਦੁਆਰਾ ਅਣਉੱਚਿਤ ਢੰਗ ਨਾਲ ਕੋਲੇ ਦੀ ਖਾਨ ਖ਼ਰੀਦਣ ਨਾਲ ਸੰਬੰਧਿਤ ਸਟੋਰੀ ਬਣਾਈ ਸੀ। ਦੱਸ ਦੇਈਏ ਕਿ ਆਸਟਰੇਲੀਆ ਦੀ ਅਖਬਾਰ ਏਬੀਸੀ ਨਿਊਜ਼ ਨੇ ਆਪਣੀ ਇੱਕ ਖੋਜੀ ਰਿਪੋਰਟ ਵਿਚ ਵਪਾਰੀ ਅਡਾਨੀ ਗਰੁੱਪ ਦੇ ਟੈਕਸ ਹੈਵਨ (ਟੈਕਸ ਚੋਰਾਂ ਦੇ ਸਵਰਗ) ਦੇਸਾਂ ਨਾਲ ਪਹਿਲਾਂ ਤੋਂ ਅਣਪਛਾਤੇ ਸੰਬੰਧਾਂ ਨੂੰ ਉਜਾਗਰ ਕਰਨ ਦਾ ਦਾਅਵਾ ਕੀਤਾ ਸੀ। ਏਬੀਸੀ ਨਿਊਜ਼ ਦੇ ਖ਼ਾਸ ਪ੍ਰੋਗਰਾਮ ਫੋਰ ਕਾਰਨਰਸ ਦੇ ਤਹਿਤ ਕੀਤੀ ਗਈ ਜਾਂਚ ਤੋਂ ਬਾਅਦ ਇਹ ਦਾਅਵਾ ਕੀਤਾ ਗਿਆ ਸੀ ਕਿ ਬ੍ਰਿਟਿਸ਼ ਵਰਜਿਨ ਆਈਲੈਂਡ ਵਿਚ ਕਈ ਅਹਿਮ ਜਾਇਦਾਦਾਂ ਅਸਲ ਵਿਚ ਅਡਾਨੀ ਸਮੂਹ ਦੀਆਂ ਹਨ।

# ਭਾਰਤੀ ਮੈਗਜ਼ੀਨ ਆਊਟਲੁਕ ਨੂੰ ਖਾਲਿਸਤਾਨ ਦਾ ਬੁਖਾਰ

- **ਟਰੂਡੋ ਤੇ ਕੈਨੇਡਾ ਦੇ ਸਿੱਖ ਭਾਰਤੀ ਮੀਡੀਆ ਦੇ ਨਿਸ਼ਾਨੇ 'ਤੇ**
- **ਆਊਟਲੁਕ ਨੇ ਸਿੱਖਾਂ ਤੇ ਟਰੂਡੋ ਨੂੰ ਨਿਸ਼ਾਨਾ ਬਣਾਇਆ**

**ਪਰਗਟ ਸਿੰਘ, ਜੰਡਿਆਲਾ ਗੁਰੂ**

ਕਨੇਡਾ ਦੇ ਪ੍ਰਧਾਨ ਮੰਤਰੀ ਦੇ 17 ਫਰਵਰੀ ਦੌਰਾਨ ਕੀਤੇ ਜਾ ਰਹੇ ਭਾਰਤ ਦੇ ਦੌਰੇ ਤੋਂ ਪਹਿਲਾਂ ਹੀ ਭਾਰਤੀ ਮੀਡੀਆ ਨੇ ਕਨੇਡਾ ਤੇ ਖਾਲਿਸਤਾਨ ਨੂੰ ਜੋੜ ਕੇ ਫਿਰਕੂ ਢੰਗ ਨਾਲ ਵਾਦ ਵਿਵਾਦ ਮਚਾਉਣਾ ਸ਼ੁਰੂ ਕਰ ਦਿੱਤਾ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਵਿਸ਼ਵ ਉਦਾਰੀਕਰਨ ਦਾ ਨਵਾਂ, ਚਮਤਕਾਰੀ ਤੇ ਮਾਨਵਵਾਦੀ ਚਿਹਰਾ ਮੰਨਿਆ ਜਾਂਦਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਉਸ ਨੇ ਵਿਸ਼ਵ ਵਿਚ ਆਪਣੀ ਅਹਿਮ ਥਾਂ ਬਣਾਈ ਹੈ ਤੇ ਖਾਸ ਕਰਕੇ ਸਿੱਖ ਭਾਈਚਾਰੇ ਦੇ ਮਨਾਂ ਨੂੰ ਸਿਰਫ਼ ਜਿੱਤਿਆ ਹੀ ਨਹੀਂ, ਸਗੋਂ ਸਿੱਖ ਭਾਈਚਾਰੇ ਦੀ ਤਾਰੀਫ ਕਰਕੇ ਤੇ ਉਨ੍ਹਾਂ ਦੇ ਹੱਕਾਂ 'ਤੇ ਪਹਿਰਾ ਦੇ ਕੇ ਸਿੱਧ ਕੀਤਾ ਹੈ ਕਿ ਸਿੱਖ ਅੱਤਵਾਦੀ ਨਹੀਂ ਹਨ ਤੇ ਉਹ ਕਿਸੇ ਵੀ ਦੇਸ਼ ਦੀ ਉਸਾਰੀ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਮਿਹਨਤੀ ਲੋਕ ਹਨ। ਕੈਨੇਡਾ ਦੇ ਸਿੱਖਾਂ ਵੱਲੋਂ ਪੰਜਾਬ ਸੰਤਾਪ ਦੌਰਾਨ ਹੋਈ ਸਿੱਖਾਂ ਦੀ ਨਸਲਕੁਸ਼ੀ ਤੇ ਦਿੱਲੀ ਸਿੱਖ ਕਤਲੇਆਮ ਨਵੰਬਰ 84 ਦੌਰਾਨ ਹੋਈ ਨਸਲਕੁਸ਼ੀ ਦਾ ਜੋ ਮੁੱਦਾ ਚੁੱਕਿਆ ਹੈ, ਉਹ ਭਾਰਤ ਸਰਕਾਰ, ਭਾਰਤੀ ਮੀਡੀਆ ਨੂੰ ਪਚ ਨਹੀਂ ਰਿਹਾ। ਇਸੇ ਕਰਕੇ ਭਾਰਤ ਸਰਕਾਰ ਕਈ ਵਾਰ ਟਰੂਡੋ ਨੂੰ ਅਪੀਲ ਕਰ ਚੁੱਕੀ ਹੈ ਕਿ ਅਜਿਹੇ ਸਿੱਖਾਂ ਦੀਆਂ ਕਾਰਵਾਈਆਂ 'ਤੇ ਪਾਬੰਦੀ ਲਗਾਈ ਜਾਵੇ ਜੋ ਭਾਰਤ ਸਰਕਾਰ ਨੂੰ ਬਦਨਾਮ ਕਰ ਰਹੇ ਹਨ। ਪਰ ਟਰੂਡੋ ਨੇ ਇਸ ਪਾਸੇ ਵਲ ਕਦੇ ਵੀ ਧਿਆਨ ਨਹੀਂ ਦਿੱਤਾ। ਹਾਲਾਂਕਿ ਸਿੱਖ ਮੰਤਰੀ ਵੀ ਨਵੰਬਰ 84 ਦਾ ਮੁੱਦਾ ਜਿਸ ਵਿਚ ਸਿੱਖ ਭਾਈਚਾਰੇ ਦਾ ਵੱਡੀ ਪੱਧਰ 'ਤੇ ਕਤਲੇਆਮ ਹੋਇਆ ਸੀ, ਉਹ ਚੁੱਕ ਰਹੇ ਹਨ। ਵਿਦੇਸ਼ਾਂ ਵਿਚ ਬੈਠੇ ਸਿੱਖ ਭਾਈਚਾਰੇ ਵੱਲੋਂ ਖਾਲਿਸਤਾਨ ਦਾ ਮੁੱਦਾ ਚੁੱਕਿਆ ਜਾਣਾ ਭਾਰਤ ਸਰਕਾਰ ਨੂੰ ਹਜ਼ਮ ਨਹੀਂ ਹੋ ਰਿਹਾ। ਉਹ ਟਰੂਡੋ ਦੀ ਫੇਰੀ ਦੌਰਾਨ ਅਜਿਹੇ ਮਸਲਿਆਂ ਨੂੰ ਉਸ ਅੱਗੇ ਰੱਖਣਗੇ ਤੇ ਇਨ੍ਹਾਂ ਉਪਰ ਪਾਬੰਦੀਆਂ ਲਗਾਉਣ ਦੀ ਗਲ ਕਹਿਣਗੇ। ਦੂਜੇ ਪਾਸੇ ਕੈਨੇਡਾ ਵਿਚ ਸਵੈ-ਅਧਿਕਾਰਾਂ ਦੇ ਮੁੱਦੇ 'ਤੇ ਪਾਬੰਦੀ ਨਹੀਂ ਲਗਾਈ ਜਾ ਸਕਦੀ, ਕਿਉਂਕਿ ਕੈਨੇਡਾ ਆਪ ਵੀ ਸਵੈ-ਅਧਿਕਾਰ ਦੇ ਮੁੱਦੇ ਤੋਂ ਇਨਕਾਰੀ ਨਹੀਂ ਹੈ ਤੇ ਨਾ ਹੀ ਯੂਐਨਓ। ਇਸ ਨਾਲ ਭਾਰਤ ਸਰਕਾਰ ਦੀ ਸ਼ਾਖ ਧੁੰਦਲੀ ਪੈਂਦੀ ਜਾ ਰਹੀ ਹੈ। ਭਾਰਤੀ ਡਿਪਲੋਮੇਟ ਇਹ ਵੀ ਇਤਰਾਜ਼ ਕਰਦੇ ਹਨ ਕਿ ਭੜਕਾਊ ਨਾਅਰੇ ਲਗਾਉਣ ਵਾਲੇ ਖਾਲਿਸਤਾਨੀ ਜਾਂ ਕਸ਼ਮੀਰੀ ਕਾਰਕੁੰਨਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਕਨੇਡਾ ਵਿਚ ਭਾਰਤੀ ਅਧਿਕਾਰੀਆਂ ਤੇ ਚੁਣੇ ਹੋਏ ਨੁਮਾਇੰਦਿਆਂ ਤੇ ਕਈ ਗੁਰਦੁਆਰਿਆਂ ਦੁਆਰਾ ਦਸੰਬਰ-ਅੰਤ 'ਤੇ ਪਾਬੰਦੀ ਨੇ ਖਾਲਿਸਤਾਨ ਭਾਵਨਾ ਦਾ ਵੱਡੀ ਪੱਧਰ 'ਤੇ ਪ੍ਰਗਟਾਵਾ ਕਰਕੇ ਦੇਸ਼ ਦੀ ਏਕਤਾ ਅਖੰਡਤਾ ਲਈ ਖਤਰਾ ਖੜਾ ਕੀਤਾ ਹੈ। ਦੂਸਰੇ ਪਾਸੇ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਇਸ ਨਾਲ ਭਾਰਤ ਸਰਕਾਰ ਦੀ ਵੱਡੀ ਪੱਧਰ 'ਤੇ ਬਦਨਾਮੀ ਹੋਈ ਹੈ ਕਿ ਉਸ ਨੇ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਹੈ ਤੇ ਇਨਸਾਫ਼ ਨਹੀਂ ਦਿੱਤਾ। ਇਹ ਸਾਰਾ ਵਿਵਾਦ ਭਾਈ ਜਗਤਾਰ ਸਿੰਘ ਹਵਾਰਾ ਨਾਲ ਜੇਲ੍ਹ ਵਿਚ ਦੁਰਵਿਹਾਰ, ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੌਹਲ ਦੀ ਗ੍ਰਿਫਤਾਰੀ ਤੇ ਵਿਦੇਸ਼ਾਂ ਦੇ ਗੁਰਦੁਆਰਿਆਂ ਵਿਚ ਭਾਰਤੀ ਅਫਸਰਾਂ ਦੀ ਬੇਵਜ੍ਹਾ ਦਖਲਅੰਦਾਜ਼ੀ ਪ੍ਰਵਾਸੀ ਸਿੱਖਾਂ ਦੀ ਨਫ਼ਰਤ ਦਾ ਕਾਰਨ ਬਣੀ ਹੈ। ਕੈਨੇਡਾ ਵਿਚ ਭਾਰਤੀ ਮੂਲ ਦੇ ਲਗਭਗ 12.5 ਲੱਖ ਲੋਕ ਵਸਦੇ ਹਨ, ਜਿਨ੍ਹਾਂ ਵਿਚੋਂ 4.5 ਲੱਖ ਸਿੱਖ ਸ਼ਾਮਲ ਹਨ। ਅਰਥਾਤ ਤੀਜਾ ਹਿੱਸਾ ਹੈ। ਦੁਨੀਆਂ ਭਰ ਵਿਚ ਕੈਨੇਡਾ ਵਿਚ ਬੈਠੇ ਸਿੱਖ ਏਨੇ ਪਾਵਰਫੁੱਲ ਹਨ ਕਿ ਉਹ ਪੂਰੇ ਵਿਸ਼ਵ ਦੇ ਸਿੱਖਾਂ ਦੀ ਅਗਵਾਈ ਕਰ ਰਹੇ ਹਨ ਤੇ ਉਨ੍ਹਾਂ ਨੂੰ ਅਮਰੀਕਾ, ਇੰਗਲੈਂਡ, ਯੂਰਪ, ਅਸਟਰੇਲੀਆ, ਨਿਊਜ਼ੀਲੈਂਡ ਦਾ ਅਹਿਮ ਸਾਥ ਮਿਲ ਰਿਹਾ ਹੈ।




ਸਿੱਖਾਂ ਨੇ ਕੈਨੇਡਾ ਵਿਚ ਸਿਆਸੀ ਪ੍ਰਣਾਲੀ ਨੂੰ ਸਮਝਣ ਵਿਚ ਵੀ ਅਹਿਮ ਯੋਗਤਾ ਦਿਖਾਈ ਹੈ ਅਤੇ ਇਸ ਨੂੰ ਆਪਣੇ ਫਾਇਦੇ ਲਈ ਵਰਤੋਂ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ। 2015 ਦੀਆਂ ਚੋਣਾਂ ਵਿਚ ਕੈਨੇਡਾ ਦੇ ਸੰਸਦ ਵਿਚ ਦਾਖਲ ਹੋਏ ਸਿੱਖਾਂ ਦੇ 16 ਮੈਂਬਰ ਹਨ। ਉਨ੍ਹਾਂ ਵਿਚੋਂ, ਚਾਰ ਨੂੰ ਟ੍ਰੈਡਿਊ ਦੀ ਕੈਬਨਿਟ ਵਿਚ ਅਹਿਮ ਸਥਾਨ ਮਿਲਿਆ ਹੋਇਆ ਹੈ। ਟ੍ਰੈਡਿਊ ਨੇ ਅਕਸਰ ਇਸ ਤੱਥ ਨੂੰ ਹਰ ਪਾਸੇ ਪੇਸ਼ ਕੀਤਾ ਹੈ ਜਿਵੇਂ ਕਿ "ਮੇਰੇ ਕੋਲ ਮੋਦੀ ਦੀ ਬਜਾਏ ਮੇਰੇ ਕੈਬਿਨੇਟ ਵਿੱਚ ਵਧੇਰੇ ਸਿੱਖ ਹਨ।"

ਭਾਵੇਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਹ ਟਰੂਡੋ ਨਾਲ ਆ ਰਹੇ ਸਿੱਖ ਮੰਤਰੀਆਂ ਦਾ ਸਵਾਗਤ ਨਹੀਂ ਕਰਨਗੇ, ਪਰ ਇਸ ਨਾਲ ਕੈਪਟਨ ਸਰਕਾਰ ਦਾ ਸਿੱਖਾਂ ਦੇ ਮਨਾਂ ਵਿਚ ਚੰਗਾ ਸੁਨੇਹਾ ਨਹੀਂ ਗਿਆ ਤੇ ਨਾ ਹੀ ਕੈਨੇਡਾ ਦੇ ਲੋਕਾਂ। ਭਾਰਤ ਸਰਕਾਰ ਇਹ ਮਹਿਸੂਸ ਕਰ ਰਹੀ ਹੈ ਕਿ ਕੈਨੇਡਾ ਸਰਕਾਰ ਖਾਲਿਸਤਾਨੀ ਪੱਖੀਆਂ ਦੁਆਰਾ 'ਭਾਸ਼ਣ ਦੀ ਆਜ਼ਾਦੀ' ਦੇ ਨਾਂ 'ਤੇ ਧਾਰਮਿਕ ਅਸਹਿਣਸ਼ੀਲਤਾ ਨੂੰ ਉਤਸ਼ਾਹਿਤ ਕਰ ਰਹੀ ਹੈ। ਉਹ ਇਸ ਸੰਬੰਧੀ ਟਰੂਡੋ ਦੀ ਭਾਰਤ ਫੇਰੀ ਦੌਰਾਨ ਗੱਲਬਾਤ ਵੀ ਕਰੇਗੀ। ਪਰ ਟਰੂਡੋ ਸਰਕਾਰ ਸਿੱਖਾਂ ਪ੍ਰਤੀ ਬਹੁਤ ਦਿਆਲ ਹੈ। ਲਗਦਾ ਨਹੀਂ ਹੈ ਕਿ ਟਰੂਡੋ ਉੱਪਰ ਭਾਰਤ ਸਰਕਾਰ ਦਾ ਕਿਸੇ ਤਰ੍ਹਾਂ ਦਾ ਪ੍ਰਭਾਵ ਪਵੇ। ਇੱਕ ਭਾਰਤੀ ਮੈਗਜ਼ੀਨ ਆਊਟਲੁਕ ਨੇ ਕਨੇਡਾ ਵਿੱਚ 'ਖਾਲਿਸਤਾਨ-2' ਦਾ ਟਾਈਟਲ ਬਣਾ ਕੇ ਪੇਸ਼ ਕਰ ਦਿੱਤਾ ਹੈ । ਇਸ ਦਾ ਮਤਲਬ ਇੱਕ ਸਾਡਾ ਪੰਜਾਬ ਹੈ, ਤੇ ਦੂਜਾ...।

ਜੇਕਰ ਇਸ ਤਰ੍ਹਾਂ ਖਾਲਿਸਤਾਨ ਦੇਖਣਾ ਹੈ, ਤਾਂ ਫਿਰ ਇੱਕ ਦੋ ਨਹੀਂ, ਦੁਨੀਆਂ ਵਿੱਚ ਅਨੇਕਾਂ 'ਖਾਲਿਸਤਾਨ' ਦਿਖਣਗੇ। ਅਜਿਹਾ ਕਰਕੇ ਆਊਟਲੁਕ ਨੇ ਸਿੱਖਾਂ ਪ੍ਰਤੀ ਨਫ਼ਰਤ ਦਾ ਇਜ਼ਹਾਰ ਕੀਤਾ ਹੈ। ਉਹ ਇਥੋਂ ਤੱਕ ਸਿਧ ਕਰਨ ਦੇ ਯਤਨਾਂ ਵਿਚ ਹੈ ਕਿ ਜਿਵੇਂ ਟਰੂਡੋ ਕੈਨੇਡਾ ਦੇ ਪ੍ਰਧਾਨ ਮੰਤਰੀ ਨਾ ਹੋਣ ਬਲਕਿ ਖਾਲਿਸਤਾਨ ਦੇ ਪ੍ਰਧਾਨ ਮੰਤਰੀ ਹੋਣ। ਇਹ ਸਭ ਕੁਝ ਪ੍ਰਧਾਨ ਮੰਤਰੀ ਮੋਦੀ ਦੇ ਇਸ਼ਾਰਿਆਂ 'ਤੇ ਚਲ ਰਿਹਾ ਹੈ। ਆਊਟਲੁਕ ਨੇ ਤਾਂ ਭਾਰਤੀ ਮੀਡੀਆ ਦਾ ਇਕ ਟ੍ਰੇਲਰ ਦਿਖਾਇਆ ਹੈ। ਇਹੋ ਜਿਹੇ ਹੋਰ ਟ੍ਰੇਲਰ ਭਾਰਤੀ ਮੀਡੀਆ ਵਿਚ ਹੋਰ ਦੇਖਣ ਨੂੰ ਮਿਲਣਗੇ। ਸ਼ੋਸ਼ਲ ਮੀਡੀਆ 'ਤੇ ਦਲ ਖਾਲਸਾ ਦੇ ਸੀਨੀਅਰ ਨੇਤਾ ਗਜਿੰਦਰ ਸਿੰਘ ਨੇ ਲਿਖਿਆ ਹੈ ਕਿ ਦੁਨੀਆਂ ਦਾ ਹਰ ਉਹ ਦੇਸ਼ ਜਿੱਥੇ ਸਿੱਖਾਂ ਨੂੰ ਪਿਆਰ, ਸਤਿਕਾਰ ਤੇ ਇਨਸਾਫ ਮਿਲਦਾ ਹੈ, ਉਹ ਸਾਡੇ ਲਈ ਖਾਲਿਸਤਾਨ ਹੈ ਤੇ ਅਸੀਂ ਉਸ ਹਰ ਦੇਸ਼ ਦੀ ਹੋਂਦ ਤੇ ਕਾਨੂੰਨ ਦਾ ਸਤਿਕਾਰ ਕਰਦੇ ਹਾਂ। ਉਸ ਦੇਸ਼ ਦੇ ਵਫਾਦਾਰ ਨਾਗਰਿਕਾਂ ਵਾਂਗ ਜ਼ਿੰਦਗੀ ਜੀਣ ਦੇ ਹੱਕ ਵਿੱਚ ਹਾਂ ।ਉਨ੍ਹਾਂ ਦਾ ਕਹਿਣਾ ਹੈ ਕਿ ਸਾਡਾ ਅਸਲ ਘਰ, ਸਾਡੇ ਪੁਰਖਿਆਂ ਦੀ ਧਰਤੀ, ਤੇ ਸਾਡੇ ਲਹੂ ਵਿੱਚ ਭਿੱਜੀ ਧਰਤੀ, ਜਿਸ ਉੱਤੇ ਸਾਡਾ ਜੱਦੀ ਪੁਸ਼ਤੀ ਹੱਕ ਹੈ, ਸਾਡਾ ਪੰਜਾਬ ਹੈ। ਉਹ ਭਾਵੇਂ ਇਸ ਵੇਲੇ ਭਾਰਤੀ ਕਬਜ਼ੇ ਵਿੱਚ ਹੈ, ਪਰ ਉਹ ਸਾਡਾ ਹੈ, ਤੇ ਦੁਨੀਆਂ ਦੀ ਕੋਈ ਤਾਕਤ ਸਾਡੇ ਤੋਂ ਉਸ ਦਾ ਹੱਕ ਨਹੀਂ ਖੋਹ ਸਕਦੀ।

ਅੱਜ ਪੜ੍ਹੀ ਇੱਕ ਖਬਰ ਮੁਤਾਬਕ ਭਾਰਤ ਨੂੰ ਤਾਂ ਅੱਜ ਖਾਲਿਸਤਾਨ ਦੇ ਨਾਮ ਤੋਂ ਵੀ ਡਰ ਆਉਂਦਾ ਹੈ। ਕੈਸੀ ਅਜੀਬ ਗੱਲ ਹੈ, ਕਿ ਖਾਲਿਸਤਾਨ ਵਿੱਚ ਹੀ ਖਾਲਿਸਤਾਨ ਦਾ ਸ਼ਬਦ 'ਦਹਿਸ਼ਤ' ਦਾ ਪ੍ਰਤੀਕ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

# 'ਖਾਲਿਸਤਾਨ ਦੇ ਮੁੱਦੇ ਨੂੰ ਬੇਲੋੜਾ ਤੇ ਬੇਵਕਤਾ ਉਭਾਰ ਕੇ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਦੀ ਕੋਸ਼ਿਸ਼'

## *ਸਿੱਖ ਵਿਚਾਰਵਾਨਾਂ ਵਲੋਂ ਕੈਪਟਨ ਅਮਰਿੰਦਰ ਸਿੰਘ ਦੀ ਨਿਖੇਧੀ*

**ਚੰਡੀਗੜ੍ਹ/ਬਿਊਰੋ ਨਿਊਜ਼:**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਖਾਲਿਸਤਾਨ ਦੇ ਮੁੱਦੇ ਨੂੰ ਬੇਲੋੜਾ ਤੇ ਬੇਵਕਤਾ ਵਿਵਾਦ ਉਭਾਰ ਕੇ ਕੈਨੇਡਾ ਦੇ ਪ੍ਰਧਾਨ ਮੰਤਰੀ ਅਤੇ ਵਫਦ ਵਿਚ ਸ਼ਾਮਲ ਕੈਨੇਡੀਅਨ ਸਿੱਖ ਮੰਤਰੀਆਂ ਦੀ ਆਲੋਚਨਾ ਕਰ ਕੇ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ ਨਿੰਦਣਯੋਗ ਕਾਰਵਾਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਚੰਡੀਗੜ੍ਹ ਵਿਖੇ ਸਿੱਖ ਵਿਚਾਰ ਮੰਚ ਦੇ ਵੱਖ-ਵੱਖ ਖੇਤਰਾਂ ਦੇ ਮਾਹਿਰ ਵਿਚਾਰਵਾਨਾਂ ਦੀ ਇਕੱਤਰਤਾ ਵਿਚ ਬੁਲਾਰਿਆਂ ਨੇ ਕਿਹਾ ਕਿ ਜਦੋਂ ਕੇਂਦਰੀ ਸਰਕਾਰ ਨੂੰ ਵਫਦ ਵਿਚ ਆ ਰਹੇ ਸਿੱਖ ਮੰਤਰੀਆਂ 'ਤੇ ਕੋਈ ਇਤਰਾਜ਼ ਨਹੀਂ ਤਾਂ ਅਮਰਿੰਦਰ ਸਿੰਘ ਕਿਉਂ ਐਵੇਂ ਮੀਨ-ਮੇਖ ਕਰ ਰਹੇ ਹਨ ?

ਅਸਲ ਵਿਚ ਅਜਿਹੀ ਬਿਆਨਬਾਜ਼ੀ ਕਰ ਕੇ ਕੈਪਟਨ ਨੇ ਸਿੱਖਾਂ ਨੂੰ ਹਿੰਦੂਵਾਦੀ ਤਾਕਤਾਂ ਦੀ ਤਰਜ਼ 'ਤੇ ਦੇਸ਼ ਵਿਰੋਧੀ ਅਤੇ ਦੇਸ਼ ਧਰੋਹੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੁੱਖ ਮੰਤਰੀ ਭੁੱਲ ਗਿਆ ਕਿ ਉਸਨੂੰ ਤੇ ਕਾਂਗਰਸ ਨੂੰ ਪੰਜਾਬ ਦੀ 2017 ਅਸੈਂਬਲੀ ਚੋਣ ਵਿਚ ਵੱਡੀ ਜਿੱਤ ਸਿੱਖਾਂ ਦੀ ਬਦੌਲਤ ਹੋਈ ਹੈ।

ਬੁਲਾਰਿਆਂ ਨੇ ਕਿਹਾ ਕਿ ਕੈਪਟਨ ਜਾਣ-ਬੁੱਝ ਕੇ ਇਸ ਸਚਾਈ ਨੂੰ ਵੀ ਅੱਖੋਂ-ਪਰੋਖੇ ਕਰ ਰਹੇ ਹਨ ਕਿ ਸਿੱਖ-ਪੰਥ ਨਾਲ ਸਬੰਧਤ ਕੈਨੇਡਾ ਵਿਚ 18 ਐਮ.ਪੀ. ਪਾਰਲੀਮੈਂਟ ਵਿਚ ਜਿੱਤੇ ਹਨ, 17 ਐਮ.ਪੀ. ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੀ ਸਰਕਾਰ ਵਿਚ ਸ਼ਾਮਲ ਹਨ ਅਤੇ ਚਾਰ ਸਿੱਖ ਮੰਤਰੀ ਵੀ ਹਨ। ਦੂਜੇ ਪਾਸੇ ਭਾਰਤੀ ਸਰਕਾਰ ਵਿਚ ਸਿੱਖਾਂ ਦੀ ਨਿਗੂਣੀ ਜਿਹੀ ਭਾਈਵਾਲੀ ਵੀ ਨਹੀਂ, ਸਗੋਂ ਸਿੱਖ ਘੱਟ-ਗਿਣਤੀ ਲੰਬੇ ਸਮੇਂ ਤੋਂ ਭਾਰਤ ਵਿਚ ਧਾਰਮਿਕ, ਸੱਭਿਆਚਾਰਕ ਅਤੇ ਸਿਆਸੀ ਧੱਕੇਸ਼ਾਹੀ ਝੱਲ ਰਹੀ ਹੈ। ਵਿਚਾਰਵਾਨਾਂ ਨੇ ਕੈਪਟਨ ਨੂੰ ਇਹ ਵੀ ਯਾਦ ਕਰਵਾਇਆ ਕਿ ਕੈਨੇਡਾ ਇਕ ਬਹੁ-ਸੱਭਿਆਚਾਰਕ ਅਤੇ ਬਹੁ-ਧਰਮੀ ਮੁਲਕ ਹੈ ਜਿਥੇ ਕਿਸੇ ਧਾਰਮਿਕ/ਸੱਭਿਆਚਾਰਕ ਭਾਈਚਾਰੇ ਵੱਲੋਂ ਉਠਾਈ ਸਵੈ-ਨਿਰਣੈ ਦੀ ਮੰਗ ਨੂੰ ਜੁਰਮ ਨਹੀਂ ਸਮਝਿਆ ਜਾਂਦਾ। ਕਿਊਬਿਕ ਸੂਬੇ ਵਿਚ ਥੋੜ੍ਹਾ ਚਿਰ ਪਹਿਲਾਂ ਕਰਾਏ ਗਏ 'ਰਿਫਰੈਂਡਮ' ਇਸ ਦੀ ਉਦਾਹਰਣ ਹੈ।

ਇਸ ਦੇ ਨਾਲ ਹੀ ਭਾਰਤੀ ਸੁਪਰੀਮ ਕੋਰਟ ਦੀ ਰੂਲਿੰਗ ਹੈ ਕਿ ਆਤਮ-ਨਿਰਣੈ ਦੀ ਮੰਗ ਕੋਈ ਦੇਸ਼ ਧਰੋਹੀ ਜੁਰਮ ਨਹੀਂ। ਇਕ ਮਤੇ ਰਾਹੀਂ ਇਕੱਤਰਤਾ ਨੇ ਕਿਹਾ ਕਿ ਕੈਪਟਨ ਇੰਦਰਾ ਗਾਂਧੀ ਦੀ ਤਰਜ਼ ਤੇ ਜਾਣ-ਬੁੱਝ ਕੇ ਸਿੱਖਾਂ ਨੂੰ ਬਦਨਾਮ ਕਰਨ ਦੇ ਰਾਹ ਤੁਰਿਆ ਹੋਇਆ ਹੈ ਜੋ ਬੇਲੋੜੇ ਬਿਆਨ ਦੇ ਕੇ ਸਿਆਸੀ ਨਾਦਾਨਗੀ ਦਾ ਪ੍ਰਟਾਵਾ ਕਰ ਰਿਹਾ ਹੈ। ਇਸ ਇਕੱਤਰਤਾ ਵਿਚ ਅਮਰ ਸਿੰਘ ਚਾਹਲ, ਜਗਦੇਵ ਸਿੰਘ ਸੋਢੀ, ਜਸਪਾਲ ਸਿੰਘ ਸਿੱਧੂ, ਗੁਰਦਰਸ਼ਨ ਸਿੰਘ ਢਿੱਲੋਂ, ਬੀਰੇਂਦਰਾ ਕੌਰ, ਖੁਸ਼ਹਾਲ ਸਿੰਘ, ਅਮਰਜੀਤ ਸਿੰਘ, ਰਾਜਿੰਦਰ ਸਿੰਘ, ਗੁਰਤੇਜ ਸਿੰਘ ਅਤੇ ਕਰਤਾਰ ਸਿੰਘ ਗੋਸ਼ਟੀ ਸ਼ਾਮਲ ਹੋਏ।

# ਸਰਹੱਦ ਤੋਂ ਬਰਾਮਦ ਹਥਿਆਰਾਂ ਦਾ ਕੁਨੈਕਸ਼ਨ ਖਾਲਿਸਤਾਨੀ ਲਹਿਰ ਨਾਲ

**• ਖੁਫੀਆ ਵਿਭਾਗ ਨੇ ਛੱਡੀ ਛੁਰਲੀ • ਆਈਬੀ ਤੇ ਪੁਲੀਸ ਦੀਆਂ 5 ਟੀਮਾਂ ਕਰ ਰਹੀਆਂ ਛਾਪੇਮਾਰੀ**

**ਗੁਰਦਾਸਪੁਰ/ਬਿਊਰੋ ਨਿਊਜ਼:** ਡੇਰਾ ਬਾਬਾ ਨਾਨਕ ਦੀ ਆਈ ਬੀ 'ਤੇ ਬੀਓਪੀ (ਬਾਰਡਰ ਆਊਟ ਪੋਸਟ) ਕੱਸੋਵਾਲ ਤੋਂ ਬੀਤੇ ਦਿਨੀਂ ਬਰਾਮਦ ਹਥਿਆਰਾਂ ਦੇ ਜਖੀਰੇ ਦਾ ਖਾਲਿਸਤਾਨੀ ਸਮਰਥਕਾਂ ਨਾਲ ਤਾਰ ਜੁੜੇ ਹੋਣ ਦਾ ਸ਼ੱਕ ਹੈ। ਇੱਕ ਹਿੰਦੂ ਸੰਗਠਨ ਦੇ ਨੇਤਾ 'ਤੇ ਨਿਸ਼ਾਨਾ ਲਾਉਣ ਵਾਲੇ ਖਾਲਿਸਤਾਨੀ ਸਮੱਰਥਕਾਂ 'ਤੇ ਖੁਫ਼ੀਆ ਵਿਭਾਗ ਨੇ ਨਜ਼ਰ ਰੱਖੀ ਹੋਈ ਹੈ। ਪੁਲੀਸ ਦੀਆਂ 5 ਟੀਮਾਂ ਗਠਿਤ ਕਰਕੇ ਛਾਪੇ ਮਾਰੇ ਜਾ ਰਹੇ ਹਨ। ਆਈ. ਬੀ. ਸਮੇਤ ਦੂਜੇ ਖੁਫ਼ੀਆ ਵਿਭਾਗ ਜਲਦੀ ਹੀ ਸਨਸਨੀਖੇਜ਼ ਖੁਲਾਸਾ ਕਰ ਸਕਦੇ ਹਨ। ਖੁਫੀਆ ਵਿਭਾਗ ਦਾ ਮੰਨਣਾ ਹੈ ਕਿ ਖਾਲਿਸਤਾਨ ਲਹਿਰ ਨਾਲ ਜੁੜੇ ਕੁਝ ਲੋਕ ਪੰਜਾਬ ਵਿਚ ਪਛਾਣ ਲੁਕਾ ਕੇ ਅੰਦਰਖਾਤੇ ਖਾਲਿਸਤਾਨੀਆਂ ਨੂੰ ਹਮਾਇਤ ਦਿੰਦੇ ਹਨ। ਸਰਹੱਦ 'ਤੇ ਹਥਿਆਰਾਂ ਦਾ ਜਖ਼ੀਰਾ ਮਿਲਣ ਨਾਲ ਖੁਫੀਆ ਵਿਭਾਗ ਸਾਵਧਾਨ ਹੋ ਗਿਆ ਹੈ। ਹਾਲਾਂ ਕਿ, ਖੁਫੀਆ ਵਿਭਾਗ ਨੇ ਜਨਵਰੀ 2018 ਵਿਚ ਹੀ ਪੰਜਾਬ ਸਮੇਤ 7 ਸੂਬਿਆਂ ਵਿਚ ਅੱਤਵਾਦੀ ਘਟਨਾਵਾਂ ਲਈ ਚੌਕਸ ਕੀਤਾ ਸੀ। ਇਸ ਦੇ ਬਾਵਜੂਦ ਸਰਹੱਦ ਤੋਂ ਜ਼ਬਤ ਹਥਿਆਰਾਂ ਦਾ ਜਖ਼ੀਰਾ ਅੱਤਵਾਦੀ ਘਟਨਾ ਦੇ ਲਈ ਸੀ ਜਾਂ ਫਿਰ ਇਸ ਨੂੰ ਖਾਲਿਸਤਾਨ ਸਮੱਰਥਕਾਂ ਤੱਕ ਪਹੁੰਚਾਉਣਾ ਸੀ, ਇਸ ਦਾ ਜਵਾਬ ਭਾਲਣ ਵਿਚ ਖੁਫ਼ੀਆ ਵਿਭਾਗ ਰੁੱਝਿਆ ਹੋਇਆ ਹੈ। ਵੱਖ-ਵੱਖ ਪੰਜ ਟੀਮਾਂ ਕੰਮ ਕਰ ਰਹੀਆਂ ਹਨ। ਰਾਜੇਸ਼ ਸ਼ਰਮਾ, ਡੀ. ਆਈ. ਜੀ., ਗੁਰਦਾਸਪੁਰ ਰੇਂਜ ਦਾ ਕਹਿਣਾ ਹੈ ਕਿ ਹਥਿਆਰ ਰੱਖਣ ਵਾਲਿਆਂ ਦੇ ਮਨਸੂਬੇ ਦੇਸ ਵਿਰੋਧੀ ਤੇ ਖ਼ਤਰਨਾਕ ਸਨ। ਪਾਕਿਸਤਾਨ ਤਾਂ ਸਾਡੇ ਦੇਸ ਦੇ ਹਰੇਕ ਦੁਸ਼ਮਣ ਦੀ ਮਦਦ ਲਈ ਸਰਗਰਮ ਰਹਿੰਦਾ ਹੈ। ਘਟਨਾਕ੍ਰਮ ਦੇ ਕਈ ਪਹਿਲੂਆਂ 'ਤੇ ਜਾਂਚ ਚੱਲ ਰਹੀ ਹੈ। ਇੱਕ ਐਂਗਲ ਖਾਲਿਸਤਾਨ ਵੀ ਹੋ ਸਕਦਾ ਹੈ। ਇਸ ਤੋਂ ਵੱਧ ਹਾਲੇ ਤੱਕ ਕੁਝ ਬੋਲਣਾ ਠੀਕ ਨਹੀਂ ਹੈ।

## ਏਕੇ-47 ਦਾ ਮੈਗਜ਼ੀਨ, ਸੱਤ ਰੌਂਦ ਕੀਤੇ ਬਰਾਮਦ

ਬੀ. ਐੱਸ. ਐੱਫ. 138 ਬਟਾਲੀਅਨ ਨੇ ਸਰਚ ਆਪਰੇਸ਼ਨ ਦੇ ਦੌਰਾਨ ਬੀਓਪੀ ਛੀਨਾ ਵਿਧੀਚੰਦ ਦੇ ਕੋਲ ਖੇਤਾਂ ਵਿਚ ਦਵਾਈ ਇਕ ਏਕੇ-47 ਦਾ ਮੈਗਜ਼ੀਨ, 7 ਰੌਂਦ ਤੇ ਤਿੰਨ ਖੋਲ੍ਹ ਬਰਾਮਦ ਹੋਏ ਹਨ। ਬੀਐੱਸਐੱਫ 138 ਬਟਾਲੀਅਨ ਦੇ ਕਮਾਂਡੈਂਟ ਜੇਕੇ ਸਿੰਘ ਨੇ ਦੱਸਿਆ ਕਿ ਸਵੇਰੇ 8.15 ਵਜੇ ਦੇ ਕਰੀਬ ਬੀਐੱਸਐੱਫ ਸਰਚ ਕਰ ਰਹੇ ਸਨ। ਜੇਕਰ ਖ਼ਬਰਾਂ ਦਾ ਸੱਚ ਫਰੋਲੀਏ ਤਾਂ ਹਿੰਦੀ ਅਖ਼ਬਾਰਾਂ ਜਾਣ ਬੁੱਝ ਕੇ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਦੇ ਲਈ ਸਰਕਾਰ ਦੇ ਇਸ਼ਾਰੇ 'ਤੇ ਅਜਿਹੀਆਂ ਖ਼ਬਰਾਂ ਫੈਲਾ ਰਹੀਆਂ ਹਨ। ਹਾਲਾਂਕਿ ਪੰਜਾਬ ਵਿਚ ਇਹੋ ਜਿਹੀ ਕੋਈ ਸਰਗਰਮੀ ਨਹੀਂ ਦਿਖਾਈ ਦੇ ਰਹੀ। ਇਹੋ ਜਿਹੀਆਂ ਖ਼ਬਰਾਂ ਸਰਕਾਰ ਦੇ ਇਸ਼ਾਰੇ 'ਤੇ ਇਸ ਲਈ ਪਸਾਰੀਆਂ ਜਾਂਦੀਆਂ ਹਨ ਤਾਂ ਜੋ ਸਿੱਖ ਨੌਜਵਾਨਾਂ 'ਤੇ ਜ਼ਬਰ ਤੇਜ਼ ਕੀਤਾ ਜਾਵੇ।

# ਖਾਲੜਾ ਮਿਸ਼ਨ ਨੇ ਝੂਠੇ ਪੁਲਿਸ ਮੁਕਾਬਲਿਆਂ ਅਤੇ ਬੰਦੀ ਸਿੱਖਾਂ ਦੀ ਰਿਹਾਈ ਬਾਰੇ ਕੈਨੇਡਾ ਦੇ ਪ੍ਰਧਾਨ ਮੰਤਰੀ ਦਾ ਦਖਲ ਮੰਗਿਆ

**ਚੰਡੀਗੜ/ ਸਿੱਖ ਸਿਆਸਤ ਬਿਊਰੋ:** ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਅਤੇ ਸਹਿਯੋਗੀ ਜੱਥੇਬੰਦੀਆਂ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਤੋਂ ਪਹਿਲਾ ਜਾਰੀ ਪ੍ਰੈਸ ਬਿਆਨ ਵਿੱਚ ਸ਼੍ਰੀ ਦਰਬਾਰ ਸਾਹਿਬ ’ਤੇ ਫੌਜੀ ਹਮਲੇ, ਝੂਠੇ ਪੁਲਿਸ ਮੁਕਾਬਲਿਆਂ ਅਤੇ ਬੰਦੀ ਸਿੱਖਾਂ ਦੀ ਰਿਹਾਈ ਬਾਰੇ ਕੈਨੇਡਾ ਦੇ ਪ੍ਰਧਾਨ ਮੰਤਰੀ ਦਾ ਦਖਲ ਮੰਗਿਆ ਹੈ। ਸਿੱਖ ਸਿਆਸਤ ਦੇ ਪਾਠਕਾਂ ਦੀ ਜਾਣਕਾਰੀ ਲਈ ਇਹ ਪ੍ਰੈਸ ਬਿਆਨ ਇੱਥੇ ਛਾਪ ਰਹੇ ਹਾਂ।

ਸਤਿਕਾਰਯੋਗ ਪ੍ਰਧਾਨ ਮੰਤਰੀ ਕੈਨੇਡਾ ਜੀ,

ਤੁਸੀ 17 ਫਰਵਰੀ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਫੇਰੀ ਤੇ ਆ ਰਹੇ ਹੋ ਗੁਰਾਂ ਦੇ ਨਾਮ ਤੇ ਵੱਸਦਾ ਪੰਜਾਬ ਤੁਹਾਨੂੰ ਜੀ ਆਇਆ ਨੂੰ ਆਖਦਾ ਹੈ। ਤੁਸੀ ਸਿੱਖਾਂ ਦੇ ਉਸ ਕੇਂਦਰੀ ਅਸਥਾਨ ਦੀ ਫੇਰੀ ਤੇ ਆ ਰਹੇ ਹੋ ਜਿੱਥੇ ਮਨੁੱਖੀ ਬਰਾਬਰਤਾ, ਜੁਲਮ ਨੂੰ ਵੰਗਾਰਨ, ਜਾਤ-ਪਾਤ ਤੇ ਮੂਰਤੀ ਪੂਜਾ ਦੇ ਵਿਰੋਧ,ਨਿਮਾਣਿਆ, ਨਿਤਾਣਿਆ ਤੇ ਗਰੀਬ ਦੀ ਬਾਂਹ ਫੜਨ ਦੀ ਸੇਧ ਅਤੇ ਹਲੇਮੀ ਰਾਜ ਦੀ ਸੇਧ ਮਿਲਦੀ ਹੈ। ਸਿੱਖੀ ਦੀ ਇਹ ਸੇਧ ਸਿੱਖੀ ਦੇ ਜਨਮ ਤੋਂ ਹੀ ਸਮੇਂ-ਸਮੇਂ ਦੇ ਹਾਕਮਾਂ ਦੇ ਢਿੱਡੀ ਪੀੜ ਪਾਉਂਦੀ ਆਈ ਹੈ।

ਤੁਸੀ ਜਿਸ ਪਵਿੱਤਰ ਅਸਥਾਨ ਵਿਖੇ ਆ ਰਹੇ ਹਨ ਉਸ ਉੱਪਰ 20ਵੀਂ ਸਦੀ ਵਿੱਚ ਸਭ ਵਿਧਾਨ, ਕਾਨੂੰਨ ਛਿੱਕੇ ਤੇ ਟੰਗ ਕੇ ਭਾਰਤੀ ਹਾਕਮਾਂ ਨੇ 72 ਘੰਟੇ ਤੋਪਾਂ, ਟੈਕਾਂ, ਜਹਾਜਾਂ ਨਾਲ ਬੰਬਾਰੀ ਕੀਤੀ। ਇਸ ਫੌਜੀ ਹਮਲੇ ਦਾ ਮੁਖ ਕਾਰਨ ਬ੍ਰਾਹਮਣਵਾਦੀ ਵਿਚਾਰਧਾਰਾ ਵੱਲੋਂ ਸਿੱਖੀ ਨਾਲ 5 ਸਦੀਆਂ ਪੁਰਾਣਾ ਵੈਰ ਕੱਢਣਾ ਸੀ। ਇੰਦਾਰਕਿਆ, ਭਾਜਪਾਕਿਆ, ਆਰ.ਐਸ.ਐਸ.ਕਿਆਂ ਵੱਲੋਂ ਬਾਦਲਕਿਆਂ ਨਾਲ ਸਾਂਝੀ ਯੋਜਨਾਬੰਦੀ ਕਰਕੇ ਕੀਤਾ ਗਿਆ ਇਹ ਫੌਜੀ ਹਮਲਾ ਕੁਫਰ ਦਾ ਸੱਚ ਉੱਪਰ ਅਤੇ ਬਦੀ ਦਾ ਨੇਕੀ ਤੇ ਹਮਲਾ ਸੀ। ਸਰਕਾਰੀ ਅੱਤਵਾਦ ਦੀ ਸਿਖਰ ਹੋ ਗਈ ਜਦੋਂ ਗੁਰੂ ਸਾਹਿਬਾਨ ਦੀ ਸੇਧ ਨਾਲ ਦੁਸ਼ਮਣੀ ਕੱਢਣ ਕਾਰਨ ਹਜਾਰਾਂ ਨਿਰਦੋਸ਼ਾਂ ਨੂੰ ਸ਼ਹੀਦ ਕਰ ਦਿੱਤਾ ਤੇ ਹੋਰ ਗੁਰਧਾਮਾਂ ਤੇ ਹਮਲੇ ਬੋਲ ਕੇ ਆਪਣਾ ਮਨੁਖੱਤਾ ਦੋਖੀ ਚਿਹਰਾ ਨੰਗਾ ਕੀਤਾ।

ਜੰਗਲ ਰਾਜ ਦਾ ਇਹ ਹਮਲਾ ਹਲੇਮੀ ਰਾਜ ਦੀ ਸੇਧ ਉੱਪਰ ਹਮਲਾ ਸੀ। ਹੈਰਾਨੀ ਦੀ ਗੱਲ ਹੈ ਕਿ ਸਿੱਖਾਂ ਦੀ ਕੁਲਨਾਸ਼ ਕਰਨ ਲਈ ਬੋਲੇ ਇਸ ਹਮਲੇ ਦੀ ਕੋਈ ਪੜਤਾਲ ਸਰਕਾਰੀ ਜਾਂ ਗੈਰ ਸਰਕਾਰੀ ਨਹੀ ਹੋਈ। ਜਦੋਂ ਕਿ ਕੁੱਝ ਗਜ ਦੀ ਦੂਰੀ ਤੇ ਜਲਿਆਵਾਲਾ ਬਾਗ ਅੰਦਰ 1919 ਵਿੱਚ 10 ਮਿੰਟ ਚੱਲੀ ਗੋਲੀ ਦੀ ਪੜਤਾਲ ਲਈ ਅੰਗਰੇਜ ਸਰਕਾਰ ਨੇ ਹੰਟਰ ਕਮਿਸ਼ਨਰ ਬਣਾਇਆ ਅਤੇ ਦੋਸ਼ੀਆਂ ਨੂੰ ਕਟਿਹਰੇ ਵਿੱਚ ਖੜਾ ਕੀਤਾ। ਪਰ ਗੁਰੂ ਘਰ ਉੱਪਰ ਹਮਲੇ ਦੇ ਦੋਸ਼ੀਆਂ ਨੂੰ ਭਾਰਤ ਸਰਕਾਰ ਨੇ ਸਨਮਾਨ ਦੇ ਕੇ ਈਰਖਾ ਦੀ ਹੱਦ ਕਰ ਦਿੱਤੀ। ਦੱਸਣਾ ਬਣਦਾ ਹੈ ਕਿ ਵਰਣਵੰਡ ਦੇ ਪੈਰੋਕਾਰ ਭਾਰਤੀ ਹਾਕਮਾਂ ਨੇ 1947 ਵਿੱਚ ਦੇਸ਼ ਤੇ ਮਨੁੱਖਤਾ ਦੀ ਵੰਡ 10 ਲੱਖ ਮਨੁੱਖੀ ਲਾਸ਼ਾ ਦੀ ਕੀਮਤ ਤੇ ਪ੍ਰਵਾਨ ਕੀਤੀ। ਖ਼ੂਨ ਦੀਆਂ ਨਦੀਆਂ ਵੱਗੀਆਂ, ਅਰਬਾਂ-ਖਰਬਾਂ ਦੀ ਜਾਇਦਾਦ ਪੰਜਾਬ ਦੇ ਵਸਨੀਕਾਂ ਦੀ ਬਰਬਾਦ ਹੋਈ। ਕਾਂਗਰਸ ਦੇ ਆਗੂਆਂ ਨੇ ਸਿੱਖਾਂ ਨਾਲ ਵਿਸ਼ੇਸ਼ ਸਲੂਕ ਦੇ ਦਾਅਵੇ ਕੀਤੇ ਪਰ ਭਾਰਤ ਅੰਦਰ 10 ਅਕਤੂਬਰ 1947 ਨੂੰ ਸਿੱਖਾਂ ਨੂੰ ਜਰਾਇਸ ਪੇਸ਼ਾ ਕਰਾਰ ਦਿੱਤਾ।




ਭਾਰਤ ਅੰਦਰ ਭਾਸ਼ਾ ਦੇ ਆਧਾਰ ਤੇ ਸੂਬੇ 1956 ਵਿੱਚ ਬਣਾਏ ਗਏ ਪਰ ਪੰਡਿਤ ਨਹਿਰੂ ਨੇ ਕਿਹਾ ਪੰਜਾਬੀ ਸੂਬਾ ਮੇਰੀ ਲਾਸ਼ ਤੇ ਬਣੇਗਾ। ਜੋ ਪੰਜਾਬੀ ਸੂਬਾ ਨਹਿਰੂ ਦੀ ਮੌਤ ਤੋਂ ਬਾਅਦ ਮਿਲਿਆ ਵੀ ਤਾਂ ਪੰਜਾਬੀ ਬੋਲਦੇ ਇਲਾਕੇ ਖੋਹ ਲਏ, ਪਾਣੀ ਬਿਜਲੀ ਖੋਹ ਲਈ, ਡੈਮਾਂ ਦਾ ਕੰਟਰੋਲ ਖੋਹ ਲਿਆ ਤੇ ਸੂਬੇ ਦੀ ਰਾਜਧਾਨੀ ਖੋਹ ਲਈ। ਧਰਮ ਯੁੱਧ ਮੋਚਾ ਆਨੰਦਪੁਰ ਸਾਹਿਬ ਮਤੇ ਦੀ ਪ੍ਰਾਪਤੀ ਲਈ ਲੱਗਾ ਪਰ ਮਿਲਿਆ ਦਰਬਾਰ ਸਾਹਿਬ ਤੇ ਫੌਜੀ ਹਮਲਾ, ਨਵੰਬਰ 1984 ਦੀ ਕੁੱਲਨਾਸ਼, ਝੂਠੇ ਮੁਕਾਬਲਿਆਂ ਰਾਂਹੀ ਕੁੱਲ ਨਾਸ਼, ਨਸ਼ਿਆ ਰਾਂਹੀ ਕੁੱਲਨਾਸ਼, ਖੁਦਕੁਸ਼ੀਆਂ ਰਾਂਹੀ ਕੁੱਲਨਾਸ਼, ਸਾਰੇ ਕਾਨੂੰਨ ਛਿੱਕੇ ਤੇ ਟੰਗ ਕੇ ਬੰਦੀ ਸਿੱਖਾਂ ਨੂੰ 25-30 ਸਾਲਾਂ ਤੋਂ ਜੇਲਾਂ ਵਿੱਚ ਰੋਲਿਆ ਜਾ ਰਿਹਾ ਹੈ। ਸਜਾਵਾਂ ਪੂਰੀਆਂ ਹੋਣ ਦੇ ਬਾਵਜੂਦ ਵੀ ਰਿਹਾਈ ਨਹੀ ਕੀਤੀ ਜਾ ਰਹੀ। ਇਸੇ ਭਾਰਤ ਅੰਦਰ ਮਾਲੇਗਾਉ, ਅਜਮੇਰ ਸ਼ਰੀਫ, ਸਮਝੋਤਾ ਐਕਸਪ੍ਰੈਸ ਦੇ ਦੋਸ਼ੀਆਂ ਨੂੰ ਕਲੀਨ ਚਿੱਟਾਂ ਮਿਲ ਰਹੀਆਂ ਹਨ ਅਤੇ ਝੂਠੇ ਮੁਕਾਬਲਿਆਂ ਦੇ ਗੁਨਾਹਗਾਰਾਂ ਅਮਿਤ ਸ਼ਾਹ ਵਰਗੇ ਜੱਜਾਂ ਤੇ ਦਬਾਅ ਕਾਰਨ ਬਰੀ ਹੋ ਰਹੇ ਹਨ। ਟਾਈਟਲਰਾਂ, ਸੱਜਣ ਕੁਮਾਰਾਂ, ਇਜਹਾਰ ਆਲਮਾਂ, ਗਿੱਲਾਂ, ਸੈਣੀਆਂ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਕਲੀਨ ਚਿੱਟਾਂ ਮਿਲ ਰਹੀਆਂ ਹਨ। ਜੱਗੀ ਜੋਹਲ ਵਰਗੇ ਅਨੇਕਾਂ ਨੌਜਵਾਨ ਫਸਾਉਣ ਲਈ ਸਰਕਾਰੀ ਏਜੰਸੀਆ ਝੂਠੀਆਂ ਗਵਾਹੀਆਂ ਤਿਆਰ ਕਰਦੀਆਂ ਹਨ। ਇਸੇ ਲੜੀ ਵਿੱਚ ਵਿਚਾਰਾ ਗਰੀਬ ਮੋਚੀ ਰਾਮਪਾਲ ਜਾਣ ਗਵਾ ਬੈਠਾ ਹੈ।

ਐਨ.ਆਈ.ਏ., ਸੀ.ਬੀ.ਆਈ. ਸਰਕਾਰਾਂ ਦੇ ਪਿੰਜਰੇ ਦਾ ਤੋਤਾ ਬਣ ਬੈਠੀਆ ਹਨ। 31 ਜਨਵਰੀ 2017 ਨੂੰ ਬੰਬ ਧਮਾਕੇ ਵਿੱਚ 7 ਲੋਕ ਮਾਰੇ ਜਾਂਦੇ ਹਨ ਦੋਸ਼ੀ ਸਿੱਖਾਂ ਨੂੰ ਠਹਿਰਾ ਦਿੱਤਾ ਜਾਂਦਾ ਹੈ ਜਦੋਂਕਿ ਪੁਲਿਸ ਹੁਣ ਡੇਰੇ ਸਿਰਸੇ ਨੂੰ ਦੋਸ਼ੀ ਮੰਨ ਰਹੀ ਹੈ। ਇਸ ਦੇਸ਼ ਅੰਦਰ ਭਾਈ ਜਸਵੰਤ ਸਿੰਘ ਖਾਲੜਾ ਨੂੰ 25 ਹਜਾਰ ਸਿੱਖਾਂ ਦੇ ਝੂਠੇ ਮੁਕਾਬਲਿਆਂ ਦਾ ਸੱਚ ਸਾਹਮਣੇ ਲਿਆਉਣ ਕਰਕੇ ਚੰਡਾਲਾਂ ਨੂੰ ਨੰਗਿਆ ਕਰਨ ਕਰਕੇ ਸ਼ਹੀਦ ਕਰ ਦਿੱਤਾ ਗਿਆ। ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜੱਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਸਮੇਤ ਹਜਾਰਾਂ ਧੀਆਂ ਭੈਣਾ ਦੀਆਂ ਰੁਲੀਆਂ ਇੱਜਤਾਂ ਤੇ ਝੂਠੇ ਮੁਕਾਬਲਿਆਂ ਵਿੱਚ ਹੋਏ ਕਤਲਾਂ ਦਾ ਕੋਈ ਨਿਆ ਨਹੀ ਮਿਲਆ। ਇਸ ਦੇਸ਼ ਅੰਦਰ ਸੁਪਰੀਮ ਕੋਰਟ ਦੇ ਜੱਜ ਨਿਆ ਮੰਗ ਰਹੇ ਹਨ। ਕਾਲੇ ਧੰਨ ਵਾਲੇ ਤੇ ਕਾਤਲ ਲੁਟੇਰੇ ਵੱਡੇ ਦੇਸ਼ ਭਗਤ ਹਨ। 1× ਮਾਇਆਧਾਰੀ 73× ਜਾਇਦਾਦ ਤੇ ਕਾਬਜ ਹੋ ਚੁੱਕੇ ਹਨ। ਘੱਟ ਗਿਣਤੀਆਂ, ਦਲਿਤਾ, ਆਦਿਵਾਸੀਆਂ ਅਤੇ ਕਿਸਾਨ ਗਰੀਬ ਦਾ ਜਿਉਣਾ ਮੁਹਾਲ ਹੋ ਗਿਆ ਹੈ।

ਅਸੀਂ ਬੇਨਤੀ ਕਰਦੇ ਹਾਂ ਕਿ ਕੈਨੇਡਾ ਦਾ ਮਨੁੱਖੀ ਅਧਿਕਾਰਾਂ ਦੀ ਰੱਖਿਆ ਦਾ ਮਾਣਮਤਾ ਇਤਿਹਾਸ ਰਿਹਾ ਹੈ। ਸਿੱਖਾਂ ਦੇ ਮਨੁੱਖੀ ਅਧਿਕਾਰ ਵੱਡੇ ਪੱਧਰ ਤੇ ਕੁਚਲ ਕੇ ਕੁੱਲਨਾਸ਼ ਦੀ ਯੋਜਨਾ ਸਿਰੇ ਚਾੜੀ ਗਈ ਹੈ। ਤੁਸੀ ਆਪਣੇ ਅਸਰ ਰਸੂਖ ਦੀ ਵਰਤੋਂ ਕਰੋ, ਪਾਰਲੀਮੈਂਟ ਮੈਂਬਰਾਂ ਦਾ ਡੈਲੀਗੇਸ਼ਨ ਪੰਜਾਬ ਭੇਜੋ ਤਾਂ ਕਿਸ੍ਰੀ ਦਰਬਾਰ ਸਾਹਿਬ ਉੱਪਰ ਜੂਨ 1984 ਵਿੱਚ 72 ਘੰਟੇ ਤੋਪਾਂ, ਟੈਕਾਂ ਨਾਲ ਬੰਬਾਰੀ ਦੀ ਪੜਤਾਲ ਹੋ ਸਕੇ।ਪੰਜਾਬ ਅੰਦਰ ਚੱਪੇ ਚੱਪੇ ਤੇ ਹੋਏ ਝੂਠੇ ਮੁਕਾਬਲਿਆਂ ਦੀ ਪੜਤਾਲ ਹੋ ਸਕੇ। ਬੰਦੀ ਸਿੱਖਾਂ ਨੂੰ ਲੰਬੇ ਸਮੇਂ ਤੋਂ ਜੇਲਾਂ ਵਿੱਚ ਗੈਰ-ਕਾਨੂੰਨੀ ਤੋਰ ਤੇ ਰੋਲਣ ਦੀ ਪੜਤਾਲ ਹੋ ਸਕੇ। ਨਸ਼ਿਆਂ ਰਾਂਹੀ ਅਤੇ ਖੁਦਕੁਸ਼ੀਆਂ ਰਾਂਹੀਂ ਪੰਜਾਬ ਦੀ ਬਰਬਾਦੀ ਦਾ ਸੱਚ ਸਾਹਮਣੇ ਆ ਸਕੇ। ਜੱਗੀ ਜੌਹਲ ਵਰਗਿਆਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਤੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਪ੍ਰਧਾਨ ਮੰਤਰੀ ਕੋਲ ਪੇਸ਼ ਕਰਾਏ 21 ਨੌਜਵਾਨਾਂ ਦੇ ਨਾਮਾਂ ਦੀ ਜਾਣਕਾਰੀ ਮਿਲ ਸਕੇ।

ਧੰਨਵਾਦ ਸਹਿਤ

# ਆਤਮ ਸਮਰਪਣ ਵਾਲੇ 21 ਸਿੱਖ ਨੌਜਵਾਨਾਂ ਨੂੰ ਪੁਲੀਸ ਮੁਕਾਬਲੇ ’ਚ ਮਾਰਨ ਦੇ ਮਾਮਲੇ ’ਚ ਕੈਪਟਨ ਨੂੰ ਮੁੜ ਉਲਝਾਉਣ ਦੇ ਯਤਨ

**ਅੰਮ੍ਰਿਤਸਰ/ਬਿਊਰੋ ਨਿਊਜ਼:** ਪੰਜਾਬ ਵਿੱਚ ਖਾੜਕੂਵਾਦ ਵੇਲੇ 21 ਸਿੱਖ ਨੌਜਵਾਨਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਪੁਲੀਸ ਕੋਲ ਆਤਮ-ਸਮਰਪਣ ਕਰਾਉਣ ਅਤੇ ਮਗਰੋਂ ਪੁਲੀਸ ਵੱਲੋਂ ਕਥਿਤ ਤੌਰ ‘ਤੇ ਇਨ੍ਹਾਂ ਨੌਜਵਾਨਾਂ ਨੂੰ ਮੁਕਾਬਲੇ ਵਿੱਚ ਮਾਰ ਦੇਣ ਸਬੰਧੀ ਖੁਲਾਸੇ ਦੇ ਮਾਮਲੇ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਮੁੜ ਸੰਕਟ ‘ਚ ਘਿਰ ਸਕਦੇ ਹਨ। ਇਸ ਮਾਮਲੇ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਯਾਦ ਪੱਤਰ ਸੌਂਪਿਆ ਅਤੇ ਮੁੱਖ ਮੰਤਰੀ ਖ਼ਿਲਾਫ਼ ਕਾਰਵਾਈ ਦੀ ਅਪੀਲ ਕੀਤੀ। ਨੁਮਾਇੰਦਿਆਂ ਨੇ ਦਾਅਵਾ ਕੀਤਾ ਕਿ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਸ ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ ਵਿੱਚ ਵਿਚਾਰਨ ਦਾ ਭਰੋਸਾ ਦਿੱਤਾ ਗਿਆ ਹੈ।

ਆਪਣੀ ਇੱਕ ਕਿਤਾਬ ਅਤੇ ਟਵਿਟਰ ਅਕਾਊਂਟ ਰਾਹੀਂ ਕੈਪਟਨ ਅਮਰਿੰਦਰ ਸਿੰਘ ਨੇ 17 ਮਈ 2017 ਨੂੰ ਖੁਲਾਸਾ ਕੀਤਾ ਸੀ ਕਿ 21 ਸਿੱਖ ਨੌਜਵਾਨਾਂ ਨੂੰ ਤਤਕਾਲੀ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਰਾਹੀਂ ਪੰਜਾਬ ਪੁਲੀਸ ਕੋਲ ਆਤਮ ਸਮਰਪਣ ਕਰਵਾਇਆ ਗਿਆ ਸੀ, ਜਿਨ੍ਹਾਂ ਦਾ ਬਾਅਦ ਵਿੱਚ ਪੁਲੀਸ ਮੁਕਾਬਲਾ ਬਣਾ ਦਿੱਤਾ ਗਿਆ ਸੀ। ਇਹ ਖੁਲਾਸਾ ਹੋਣ ਮਗਰੋਂ ਸਿੱਖ ਜਥੇਬੰਦੀਆਂ ਵੱਲੋਂ ਮੁੱਖ ਮੰਤਰੀ ਕੋਲੋਂ ਮੰਗ ਕੀਤੀ ਗਈ ਸੀ ਕਿ ਉਹ ਉਨ੍ਹਾਂ 21 ਸਿੱਖ ਨੌਜਵਾਨਾਂ ਦੇ ਨਾਂ ਜਨਤਕ ਕਰਨ। ਮੁੜ ਦਿੱਲੀ ਕਮੇਟੀ ਦੇ ਬੁਲਾਰੇ ਪਰਮਿੰਦਰਪਾਲ ਸਿੰਘ ਤੇ ਹੋਰਨਾਂ ਨੇ ਬੀਤੇ ਇਨ ਇੱਥੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕੀਤੀ। ਬੁਲਾਰੇ ਨੇ ਦੱਸਿਆ ਕਿ ਦਿੱਲੀ ਕਮੇਟੀ ਵੱਲੋਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਵੀ ਮਾਮਲਾ ਰੱਖਿਆ ਗਿਆ ਸੀ, ਜਿਸ ਦੇ ਆਧਾਰ ‘ਤੇ ਕਮਿਸ਼ਨ ਵੱਲੋਂ ਪੰਜਾਬ ਸਰਕਾਰ ਨੂੰ ਨੋਟਿਸ ਵੀ ਭੇਜਿਆ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਮਾਮਲੇ ਵਿੱਚ ਹੁਣ ਤੱਕ ਸਰਕਾਰ ਵੱਲੋਂ ਕਮਿਸ਼ਨ ਨੂੰ ਕੋਈ ਜਵਾਬ ਨਹੀਂ ਪੁੱਜਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ 21 ਸਿੱਖ ਨੌਜਵਾਨਾਂ ਦੇ ਨਾਂ ਜਨਤਕ ਕਰਨ। ਉਨ੍ਹਾਂ ਦੱਸਿਆ ਕਿ ਸਿੱਖ ਕਤਲੇਆਮ ਮਾਮਲੇ ਵਿੱਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵਿੱਤ ਮੰਤਰੀ ਅਰੁਣ ਜੇਤਲੀ ਨਾਲ ਮੁਲਾਕਾਤ ਕਰਕੇ ਕਾਰਵਾਈ ਲਈ ਅਪੀਲ ਕੀਤੀ।



**ਅੰਮ੍ਰਿਤਸਰ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਪ੍ਰਮਿੰਦਰਪਾਲ ਸਿੰਘ ਮੀਡੀਆ ਨਾਲ ਗੱਲਬਾਤ ਕਰਦੇ ਹੋਏ।**


JESSIE TAX SERVICES
We Provide Comprehensive Tax Services



JASWANT S. JESSIE
Enrolled Agent (EA), NTPI Fellow

Specializing in:
- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | By Appointment Only
Phone (408) 736-2451 | Fax (408) 736-8626
Email: jessie@jessietax.com
www.jessietax.com


## ਕੇਂਦਰ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਨਾਂਦੇੜ ਲਈ 67 ਕਰੋੜ ਰੁਪਏ ਮਨਜ਼ੂਰ

**ਮੁੰਬਈ/ਬਿਊਰੋ ਨਿਊਜ਼:** ਕੇਂਦਰ ਸਰਕਾਰ ਵਲੋਂ ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ 350 ਵੇਂ ਜਨਮ ਦਿਵਸ ਦੀ ਯਾਦ ਵਿਚ 67 ਕਰੋੜ ਰੁਪਏ ਦੇ 2 ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਸੂਬਾ ਸਰਕਾਰ ਦੀ ਸਿਫਾਰਸ਼ ’ਤੇ ਨਾਂਦੇੜ ਲਈ ਇਨ੍ਹਾਂ ਪ੍ਰੋਜੈਕਟਾਂ ਨੂੰ ਮਨਜ਼ੂਰ ਕਰਨ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਸੱਭਿਆਚਾਰ ਮਾਮਲਿਆਂ ਦੇ ਮੰਤਰੀ ਮਹੇਸ਼ ਸ਼ਰਮਾ ਦਾ ਧੰਨਵਾਦ ਕੀਤਾ ਹੈ। ਫੜਨਵੀਸ ਨੇ ਦੱਸਿਆ ਕਿ ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਸਟੇਡੀਅਮ ਦੇ ਆਧੁਨਿਕੀਕਰਨ ਲਈ 45 ਕਰੋੜ ਰੁਪਏ ਅਤੇ ਸਵਾਮੀ ਰਾਮਾਨੰਦ ਤੀਰਥ ਮਰਾਠਵਾੜਾ ਯੂਨੀਵਰਸਿਟੀ, ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਅਧਿਯਾਸਨ ਸਾਂਕੁਲ ਤੇ ਖੋਜ ਕੇਂਦਰ ਦੀ ਇਮਾਰਤ ਦੀ ਉਸਾਰੀ ਲਈ 22 ਕਰੋੜ ਰੁਪਏ ਦੇ ਪ੍ਰੋਜੈਕਟਾਂ ਨੂੰ ਕੇਂਦਰ ਨੇ ਮਨਜ਼ੂਰੀ ਦੇ ਦਿੱਤੀ ਹੈ।

## ਅੰਮ੍ਰਿਤਸਰ ਏਅਰਪੋਰਟ ਭਾਰਤ ਦਾ ਮੋਹਰੀ ਹਵਾਈ ਅੱਡਾ ਬਣਿਆ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਤੋਂ ਦਸੰਬਰ 2017 ਵਿਚ ਘਰੇਲੂ ਸਵਾਰੀਆਂ ਦੀ ਗਿਣਤੀ ਦਸੰਬਰ 2016 ਦੇ ਮੁਕਾਬਲੇ 83.5 ਫੀਸਦੀ ਦੇ ਵਾਧੇ ਨਾਲ ਦੇਸ਼ ਦੇ ਸਾਰੇ ਅੰਤਰਰਾਸ਼ਟਰੀ ਹਵਾਈ ਅੱਡਿਆਂ ਵਿਚ ਪਹਿਲੇ ਸਥਾਨ ’ਤੇ ਰਿਹਾ। ਦੂਜਾ ਸਥਾਨ 77.6 ਫੀਸਦੀ ਵਾਧੇ ਨਾਲ ਮਦੁਰਾਈ ਹਵਾਈ ਅੱਡੇ ਦਾ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਮਾਮਲਿਆਂ ਦੇ ਸਕੱਤਰ ਤੇ ਹਵਾਬਾਜ਼ੀ ਵਿਸ਼ਲੇਸ਼ਕ ਸਮੀਪ ਸਿੰਘ ਗੁੰਮਟਾਲਾ ਨੇ ਦੱਸਿਆ ਕਿ ਦਸੰਬਰ 2016 ਵਿਚ ਘਰੇਲੂ ਯਾਤਰੀਆਂ ਦੀ ਗਿਣਤੀ 88,790 ਸੀ ਤੇ ਇਹ ਦਸੰਬਰ 2017 ਵਿਚ ਵੱਧ ਕੇ 1,62,932 ਹੋ ਗਈ। ਇਸੇ ਤਰ੍ਹਾਂ ਅੰਤਰਰਾਸ਼ਟਰੀ ਯਾਤਰੀਆਂ ਦੀ ਕੁਲ ਗਿਣਤੀ 56,284 ਸੀ, ਜਦ ਕਿ ਦਸੰਬਰ 2016 ਵਿਚ ਇਹ ਗਿਣਤੀ 51,945 ਜੋ ਕਿ 8.4 ਫੀਸਦੀ ਵਾਧਾ ਹੈ। ਏਅਰਪੋਰਟ ਅਥਾਰਟੀ ਆਫ਼ ਇੰਡੀਆ ਵੱਲੋਂ ਹਾਲ ਹੀ ਵਿਚ ਭਾਰਤ ਦੇ ਸਾਰੇ ਹਵਾਈ ਅੱਡਿਆਂ ਦੇ ਦਸੰਬਰ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਦਸੰਬਰ 2017 ਵਿਚ ਯਾਤਰੀਆਂ ਦੀ ਕੁਲ ਗਿਣਤੀ 2,19,216 ਸੀ, ਜਿਸ ਨੇ ਨਵੰਬਰ 2017 ਦੀ 2,13,615 ਦੀ ਗਿਣਤੀ ਨੂੰ ਵੀ ਮਾਤ ਦੇ ਦਿੱਤੀ ਹੈ।

# ਹਰਿਮੰਦਰ ਸਾਹਿਬ 'ਚ ਸੋਨੇ ਦੀ ਕਾਰ ਸੇਵਾ ਸ਼ੁਰੂ

**ਅੰਮ੍ਰਿਤਸਰ/ਬਿਊਰੋ ਨਿਊਜ਼:**
ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਵਾਲੇ ਪਾਸੇ ਪ੍ਰਵੇਸ਼ ਦੁਆਰ ਦੀ ਦਰਸ਼ਨੀ ਡਿਓਢੀ ਦੇ ਗੁੰਬਦਾਂ ਉਪਰ ਸੋਨੇ ਦੇ ਪੱਤਰੇ ਲਾਉਣ ਦੀ ਕਾਰ ਸੇਵਾ ਸ਼ੁਰੂ ਹੋ ਗਈ ਹੈ। ਇਸ ਦੀ ਸ਼ੁਰੂਆਤ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤੀ। ਇਹ ਕਾਰ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਦਰਸ਼ਨੀ ਡਿਓਢੀ ਉਪਰ ਬਣੇ ਮੁੱਖ ਗੁੰਬਦ 'ਤੇ ਲਗਾਉਣ ਲਈ 16 ਗੇਜ ਤਾਂਬੇ ਦੇ ਪੱਤਰਿਆਂ 'ਤੇ ਸੋਨੇ ਦੀਆਂ 22 ਪਰਤਾਂ ਚੜ੍ਹਾਈਆਂ ਜਾਣਗੀਆਂ। ਇਸ ਤੋਂ ਇਲਾਵਾ ਛੋਟੇ ਗੁੰਬਦਾਂ ਉਪਰ ਵੀ ਇਹ ਪੱਤਰੇ ਲਗਾਏ ਜਾਣਗੇ। ਇਥੇ ਕਰੀਬ 40 ਕਿੱਲੋ ਸੋਨਾ ਲਗਾਇਆ ਜਾਵੇਗਾ। ਦਰਸ਼ਨੀ ਡਿਓਢੀ ਦੇ ਹੇਠਾਂ ਵੀ ਮੁੱਖ ਦੁਆਰ ਦੀ ਕਾਰ ਸੇਵਾ ਚਲ ਰਹੀ ਹੈ, ਜਿਥੇ ਮੌਜੂਦਾ ਥੰਮ੍ਹਾਂ ਨੂੰ ਇਕਸਾਰ ਰੂਪ ਦਿੱਤਾ ਜਾ ਰਿਹਾ ਹੈ। ਇਸ ਦੀ ਛੱਤ ਦੇ ਅੰਦਰੂਨੀ ਹਿੱਸੇ ਵਿੱਚ ਮੀਨਾਕਾਰੀ ਹੋਵੇਗੀ। ਅੱਜ ਗੁੰਬਦਾਂ 'ਤੇ ਸੋਨੇ ਦੇ ਪੱਤਰੇ ਚੜ੍ਹਾਉਣ ਦੀ ਕਾਰ ਸੇਵਾ ਦੀ ਆਰੰਭਤਾ ਸਮੇਂ ਭਾਈ ਕੁਲਵਿੰਦਰ ਸਿੰਘ ਵੱਲੋਂ ਅਰਦਾਸ ਕੀਤੀ ਗਈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਕੀਤੀ ਜਾ ਰਹੀ ਕਾਰ ਸੇਵਾ ਦੀ ਸ਼ਲਾਘਾ ਕਰਦਿਆਂ ਸਮੂਹ ਸੰਗਤਾਂ ਨੂੰ ਇਸ ਸੇਵਾ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਹਰਿਮੰਦਰ ਸਾਹਿਬ ਸਿੱਖਾਂ ਸਮੇਤ ਹੋਰ ਧਰਮਾਂ ਦੇ ਲੋਕਾਂ ਲਈ ਵੀ ਮੁਕੱਦਸ ਅਸਥਾਨ ਹੈ ਅਤੇ ਇਥੇ ਸ਼ੁਰੂ ਹੋਈ ਕਾਰ ਸੇਵਾ ਜਲਦੀ ਮੁਕੰਮਲ ਹੋ ਜਾਵੇਗੀ। ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੇ ਕਾਰ ਸੇਵਾ ਅਪਰੈਲ ਤਕ ਮੁਕੰਮਲ ਹੋਣ ਦੀ ਉਮੀਦ ਜਤਾਈ ਹੈ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲਾ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਮੈਂਬਰ ਭਾਈ ਰਾਮ ਸਿੰਘ, ਭਾਈ ਮਨਜੀਤ ਸਿੰਘ, ਅਜਾਇਬ ਸਿੰਘ ਅਭਿਆਸੀ, ਬਾਵਾ ਸਿੰਘ ਗੁਮਾਨਪੁਰਾ, ਮਲਕੀਤ ਸਿੰਘ ਚੰਗਾਲ, ਗੁਰਪ੍ਰੀਤ ਸਿੰਘ ਝੱਬਰ, ਜਗਸੀਰ ਸਿੰਘ ਮਾਂਗਿਆਣਾ ਤੇ ਹਰਜਾਪ ਸਿੰਘ ਸੁਲਤਾਨਵਿੰਡ, ਮੁੱਖ ਸਕੱਤਰ ਡਾ. ਰੂਪ ਸਿੰਘ ਅਤੇ ਹੋਰ ਅਧਿਕਾਰੀ ਤੇ ਪਤਵੰਤੇ ਹਾਜ਼ਰ ਸਨ।



ਘੰਟਾ ਘਰ ਵਾਲੇ ਪ੍ਰਵੇਸ਼ ਦੁਆਰ ਦੀ ਦਰਸ਼ਨੀ ਡਿਓਢੀ ਦੇ ਗੁੰਬਦਾਂ ਉਪਰ ਸੋਨੇ ਦੇ ਪੱਤਰੇ ਲਗਾਉਣ ਦੀ ਕਾਰ ਸੇਵਾ ਦੀ ਆਰੰਭਤਾ ਦਾ ਦ੍ਰਿਸ਼।

# ਜਾਧਵ ਦੇ ਪਾਸਪੋਰਟ ਅਤੇ ਹੋਰਨਾਂ ਸਵਾਲਾਂ ਬਾਰੇ ਭਾਰਤ ਜਵਾਬ ਨਹੀਂ ਦੇ ਰਿਹਾ: ਪਾਕਿ

**ਇਸਲਾਮਾਬਾਦ/ਬਿਊਰੋ ਨਿਊਜ਼:** ਪਾਕਿਸਤਾਨ ਨੇ ਕਿਹਾ ਹੈ ਕਿ ਮੌਤ ਦੀ ਸਜ਼ਾਯਾਫਤਾ ਕੁਲਭੂਸ਼ਨ ਜਾਧਵ ਦੇ ਪਾਸਪੋਰਟ ਅਤੇ ਉਸ ਦੀਆਂ ਸੇਵਾਵਾਂ ਦੇ ਵੇਰਵਿਆਂ ਬਾਰੇ ਸਵਾਲਾਂ ਦਾ ਭਾਰਤ ਨੇ ਕੋਈ ਜਵਾਬ ਨਹੀਂ ਦਿੱਤਾ ਹੈ, ਜੋ ਬੇਹੱਦ 'ਅਫ਼ਸੋਸਨਾਕ' ਹੈ। ਵਿਦੇਸ਼ ਦਫ਼ਤਰ ਦੇ ਤਰਜਮਾਨ ਡਾ. ਮੁਹੰਮਦ ਫੈਸਲ ਨੇ ਕਿਹਾ ਕਿ ਪਾਕਿਸਤਾਨ ਨੇ 'ਭਾਰਤੀ ਜਲ ਸੈਨਾ ਦੇ ਕਮਾਂਡਰ ਕੁਲਭੂਸ਼ਨ ਜਾਧਵ' ਨੂੰ ਗ੍ਰਿਫ਼ਤਾਰ ਕੀਤਾ ਸੀ। ਉਸ ਨੇ ਪਾਕਿਸਤਾਨ ਵਿੱਚ ਕਈ ਅਤਿਵਾਦੀ ਘਟਨਾਵਾਂ ਵਿੱਚ ਸ਼ਮੂਲੀਅਤ ਕਬੂਲੀ ਹੈ। ਉਨ੍ਹਾਂ ਕਿਹਾ, 'ਇਹ ਅਫਸੋਸਨਾਕ ਹੈ ਕਿ ਭਾਰਤ ਨੇ ਕਮਾਂਡਰ ਜਾਧਵ ਕੋਲ ਹੁਸੈਨ ਮੁਬਾਰਕ ਪਟੇਲ ਦਾ ਪਾਸਪੋਰਟ ਕਿਵੇਂ ਆਇਆ ਅਤੇ ਉਸ ਦੀ ਜਲ ਸੈਨਾ ਤੋਂ ਸੇਵਾਮੁਕਤੀ ਦੇ ਵੇਰਵਿਆਂ ਬਾਰੇ ਅਜੇ ਤਕ ਸਾਨੂੰ ਕੋਈ ਜਵਾਬ ਨਹੀਂ ਦਿੱਤਾ ਹੈ।' ਜ਼ਿਕਰਯੋਗ ਹੈ ਕਿ 47 ਸਾਲਾ ਜਾਧਵ ਨੂੰ ਪਾਕਿਸਤਾਨੀ ਫ਼ੌਜੀ ਅਦਾਲਤ ਨੇ ਅਪਰੈਲ ਵਿੱਚ ਜਾਸੂਸੀ ਅਤੇ ਅਤਿਵਾਦ ਦੇ ਦੋਸ਼ ਵਿੱਚ ਮੌਤ ਦੀ ਸਜ਼ਾ ਸੁਣਾਈ ਸੀ। ਪਰ ਕੌਮਾਂਤਰੀ ਨਿਆਂ ਅਦਾਲਤ ਨੇ ਭਾਰਤ ਦੀ ਅਪੀਲ 'ਤੇ ਮਈ ਵਿੱਚ ਇਸ ਸਜ਼ਾ ਨੂੰ ਰੋਕ ਦਿੱਤਾ ਸੀ। ਪਾਕਿਸਤਾਨ ਦਾ ਦਾਅਵਾ ਹੈ ਕਿ ਜਾਧਵ ਦੇ ਇਰਾਨ ਤੋਂ ਗੜਬੜਗ੍ਰਸਤ ਬਲੋਚਿਸਤਾਨ ਸੂਬੇ ਵਿੱਚ ਦਾਖ਼ਲ ਹੋਣ ਉਤੇ ਉਸ ਦੇ ਸੁਰੱਖਿਆ ਬਲਾਂ ਨੇ 3 ਮਾਰਚ, 2016 ਨੂੰ ਉਸ ਨੂੰ ਗ੍ਰਿਫ਼ਤਾਰ ਕੀਤਾ ਸੀ। ਭਾਰਤ ਵੱਲੋਂ ਕਿਹਾ ਜਾ ਰਿਹਾ ਹੈ ਕਿ ਜਾਧਵ ਨੂੰ ਇਰਾਨ, ਜਿਥੇ ਉਹ ਸੇਵਾਮੁਕਤੀ ਬਾਅਦ ਕਾਰੋਬਾਰ ਕਰ ਰਿਹਾ ਸੀ, ਤੋਂ ਅਗਵਾ ਕਰ ਕੇ ਲਿਆਂਦਾ ਗਿਆ ਹੈ।

# ਮਨੁੱਖੀ ਹੱਕਾਂ ਦੇ ਆਸਮਾਂ ਦਾ ਸਿਤਾਰਾ ਸੀ ਅਸਮਾ

**ਲਾਹੌਰ/ਬਿਊਰੋ ਨਿਊਜ਼,** ਮਨੁੱਖੀ ਅਧਿਕਾਰਾਂ ਦੀ ਸਿਰਕੱਢ ਵਕੀਲ, ਸਮਾਜਿਕ ਕਾਰਕੁਨ ਅਤੇ ਸ਼ਕਤੀਸ਼ਾਲੀ ਫ਼ੌਜ ਦੀ ਆਲੋਚਕ ਅਸਮਾ ਜਹਾਂਗੀਰ ਦਿਲ ਦਾ ਦੌਰਾ ਪੈਣ ਕਾਰਨ ਅੱਜ ਜਹਾਨ ਤੋਂ ਰੁਖ਼ਸਤ ਹੋ ਗਏ ਹਨ। 66 ਸਾਲਾ ਅਸਮਾ ਪਾਕਿਸਤਾਨੀ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੀ ਪਹਿਲੀ ਮਹਿਲਾ ਪ੍ਰਧਾਨ ਸੀ। ਅਸਮਾ ਦੇ ਦੋ ਧੀਆਂ ਤੇ ਇਕ ਪੁੱਤਰ ਹੈ। ਉਨ੍ਹਾਂ ਦੀ ਧੀ ਮੁਨੀਜ਼ੇ ਜਹਾਂਗੀਰ ਟੀਵੀ ਐਂਕਰ ਹੈ।

ਲਾਹੌਰ ਵਿੱਚ ਜਨਵਰੀ 1952 'ਚ ਜਨਮੀ ਅਸਮਾ ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਹਿ-ਬਾਨੀ ਅਤੇ ਚੇਅਰਪਰਸਨ ਸਨ। 1978 ਵਿੱਚ ਪੰਜਾਬ ਯੂਨੀਵਰਸਿਟੀ ਤੋਂ ਐਲਐਲਬੀ ਦੀ ਡਿਗਰੀ ਪ੍ਰਾਪਤ ਕਰਨ ਬਾਅਦ ਉਨ੍ਹਾਂ ਨੇ ਹਾਈ ਕੋਰਟ ਤੇ ਸੁਪਰੀਮ ਕੋਰਟ ਵਿੱਚ ਵਕੀਲ ਵਜੋਂ ਕਰੀਅਰ ਸ਼ੁਰੂ ਕੀਤਾ ਸੀ। ਪਾਕਿਸਤਾਨ ਦੇ ਸਭ ਤੋਂ ਲੰਬਾ ਸਮਾਂ ਰਾਸ਼ਟਰਪਤੀ ਰਹੇ ਜ਼ਿਆ ਉੱਲ ਹੱਕ ਦੇ ਫ਼ੌਜੀ ਸ਼ਾਸਨ ਖ਼ਿਲਾਫ਼ ਜਮਹੂਰੀਅਤ ਦੀ ਬਹਾਲੀ ਲਈ ਮੁਹਿੰਮ ਵਿੱਚ ਹਿੱਸਾ ਲੈਣ ਕਾਰਨ 1983 ਵਿੱਚ ਕੈਦ ਹੋਣ ਬਾਅਦ ਉਹ ਉੱਘੀ ਜਮਹੂਰੀ ਕਾਰਕੁਨ ਬਣ ਕੇ ਉੱਭਰੇ। ਇਸ ਬਾਅਦ ਉਹ ਜਨੇਵਾ ਚਲੇ ਗਏ ਅਤੇ 1986 ਵਿੱਚ ਡਿਫੈਂਸ ਫਾਰ ਚਿਲਡਰਨ ਇੰਟਰਨੈਸ਼ਨਲ ਦੇ ਉਪ ਚੇਅਰਪਰਸਨ ਬਣ ਗਏ। ਪਾਕਿ ਵਾਪਸੀ ਤੋਂ ਪਹਿਲਾਂ ਉਹ 1988 ਤਕ ਉਥੇ ਰਹੇ। 1987 ਵਿੱਚ ਉਹ ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਹਿ-ਬਾਨੀ ਬਣੇ ਅਤੇ 1993 ਤਕ ਇਸ ਦੇ ਸਕੱਤਰ ਜਨਰਲ ਰਹੇ। ਇਸ ਬਾਅਦ ਉਨ੍ਹਾਂ ਨੂੰ ਕਮਿਸ਼ਨ ਦੀ ਚੇਅਰਪਰਸਨ ਬਣਾ ਦਿੱਤਾ ਗਿਆ।



ਇਫਤਿਖ਼ਾਰ ਚੌਧਰੀ ਦੀ ਪਾਕਿਸਤਾਨ ਦੇ ਚੀਫ ਜਸਟਿਸ ਵਜੋਂ ਬਹਾਲੀ ਲਈ ਵਕੀਲਾਂ ਦੀ ਮੁਹਿੰਮ ਵਿੱਚ ਵੀ ਅਸਮਾ ਨੇ ਸਰਗਰਮ ਭੂਮਿਕਾ ਨਿਭਾਈ ਸੀ। ਉਨ੍ਹਾਂ ਪਾਕਿਸਤਾਨ ਵਿੱਚ 'ਲਾਪਤਾ ਵਿਅਕਤੀਆਂ' ਦੇ ਮੁੱਦੇ ਨੂੰ ਉਠਾਇਆ ਅਤੇ ਖ਼ੁਫ਼ੀਆ ਏਜੰਸੀਆਂ ਤੋਂ ਪੁੱਛ ਪੜਤਾਲ ਦਾ ਹੋਕਾ ਦਿੱਤਾ ਸੀ। ਉਨ੍ਹਾਂ ਨੇ ਇਸ ਸਾਲ ਜੁਲਾਈ ਵਿੱਚ ਨਵਾਜ਼ ਸ਼ਰੀਫ਼ ਨੂੰ ਪ੍ਰਧਾਨ ਮੰਤਰੀ ਵਜੋਂ ਅਯੋਗ ਕਰਾਰ ਦੇਣ ਲਈ ਸੁਪਰੀਮ ਕੋਰਟ ਦੀ ਆਲੋਚਨਾ ਕੀਤੀ ਸੀ। ਅਸਮਾ ਨੂੰ 2014 ਵਿੱਚ ਰਾਈਟ ਲਾਈਵਲੀਹੁੱਡ ਐਵਾਰਡ, 2010 'ਚ ਫਰੀਡਮ ਐਵਾਰਡ, ਹਿਲਾਲ-ਏ-ਇਮਤਿਆਜ਼ ਅਤੇ ਸਿਤਾਰਾ-ਏ-ਇਮਤਿਆਜ਼ ਪੁਰਸਕਾਰਾਂ ਸਮੇਤ ਹੋਰ ਕਈ ਸਨਮਾਨ ਮਿਲੇ। 2007 ਵਿੱਚ ਤਤਕਾਲੀ ਫੌਜੀ ਤਾਨਾਸ਼ਾਹ ਪਰਵੇਜ਼ ਮੁਸ਼ੱਰਫ ਦੀ ਸਰਕਾਰ ਸਮੇਂ ਅਸਮਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਪਾਕਿ ਦੇ ਰਾਸ਼ਟਰਪਤੀ ਮਮਨੂਨ ਹੁਸੈਨ ਤੇ ਪ੍ਰਧਾਨ ਮੰਤਰੀ ਸ਼ਾਹਿਦ ਖ਼ਕਾਨ ਅੱਬਾਸੀ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਕੋ-ਚੇਅਰਮੈਨ ਆਸਿਫ ਅਲੀ ਜ਼ਰਦਾਰੀ ਨੇ ਅਸਮਾ ਦੀ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਸਿਰਦਾਰ ਕਪੂਰ ਸਿੰਘ ਸਿੱਖ ਚਿੰਤਨ ਦੀ ਵਿਲੱਖਣਤਾ ਦਾ ਵਿਆਖਿਆਕਾਰ



**ਸਿਰਦਾਰ ਜੀ ਸਿੱਖ ਚਿੰਤਨ ਅਤੇ ਅਭਿਆਸ ਨੂੰ ਪ੍ਰਾਪਤ ਧਰਮਾਂ ਦਾ ਸੰਯੋਗ ਨਹੀਂ ਮੰਨਦੇ, ਜਿਵੇਂ ਕਿ ਕਈ ਭਾਰਤੀ ਵਿਦਵਾਨ ਕਹਿ ਜਾਂ ਲਿਖ ਦਿੰਦੇ ਹਨ। ਸਿਰਦਾਰ ਜੀ ਅਨੁਸਾਰ ਸਿੱਖੀ ਇਕ ਇਤਿਹਾਸਕ "ਐਪਿਫਨੀ" ਹੈ। ਇਸ ਦਾ ਅਰਥ ਇਹ ਹੈ ਕਿ ਇਹ ਇਤਿਹਾਸ ਦੀਆਂ ਲੋੜਾਂ ਵਿਚੋਂ ਅਵੱਸ਼ ਪੈਦਾ ਹੋਈ, ਪਰ ਇਹ ਇਕ ਆਵੇਸ਼ ਸੀ, ਉਚੇਰੀ ਦਿਬ-ਦ੍ਰਿਸ਼ਟੀ ਦਾ ਇਕ ਕ੍ਰਿਸ਼ਮਾ ਸੀ ਜੋ ਆਪਣੀ ਮੌਲਿਕਤਾ ਨਾਲ ਵਾਪਰਿਆ। ਸਿੱਖੀ ਵਿਚ ਵੱਡਾ ਮਹੱਤਵ, ਉਨ੍ਹਾਂ ਅਨੁਸਾਰ ਨਾਮ ਅਭਿਆਸ ਜਾਂ ਅਨੁਸ਼ਾਸਨ ਨੂੰ ਹੈ। "ਨਾਮ" ਸ਼ਬਦ "ਨਿਊਮਿਨਾ" ਨਾਲ ਜੁੜਿਆ ਹੋਇਆ ਹੈ। ਨਾਮ ਇਕ ਪਵਿੱਤਰਤਾ ਜਾਂ ਪੁਨੀਤ ਦਾ ਅਨੁਭਵ ਹੈ ਜੋ ਧਰਮ ਨਾਲ ਸੰਬੰਧਤ ਵਿਸ਼ੇਸ਼ ਅਨੁਭਵ ਹੈ। ਨੈਤਿਕਤਾ ਅਤੇ ਸੌਂਦਰਯ ਤੋਂ ਵੀ ਵੱਖਰਾ ਹੈ। ਸਿੱਖੀ ਦੇ ਇਸ ਵਿਸ਼ੇਸ਼ ਅਨੁਭਵ ਨੂੰ ਸਿਰਦਾਰ ਜੀ "ਨ-ਸਦਾਚਾਰਕ ਪਵਿੱਤਰਤਾ" ਆਖਦੇ ਹਨ ਜੋ ਆਪਣੇ ਆਪ ਵਿਚ ਇਕ ਮੁੱਲ ਹੈ।**

**ਡਾ. ਗੁਰਭਗਤ ਸਿੰਘ**

ਸਿਰਦਾਰ ਜੀ ਨਾਲ ਮੇਰੀ ਭਰਪੂਰ ਮੁਲਾਕਾਤ 1977 ਵਿਚ ਹੋਈ। ਮੈਂ ਅਮਰੀਕਾ ਤੋਂ ਉਚੇਰੀ ਵਿਦਿਆ ਪ੍ਰਾਪਤ ਕਰਨ ਪਿਛੋਂ ਅਜੇ ਮੁੜਿਆ



ਹੀ ਸੀ। ਚੰਡੀਗੜ੍ਹ ਦੇ ਇਕ ਰੈਸਤਰਾਂ ਵਿਚ ਅਸੀਂ ਸ਼ਾਮ ਨੂੰ ਮਿਲੇ। ਇਹ ਮੁਲਾਕਾਤ ਸਹਿਜ ਵਿਚ ਹੀ ਸਵਰਗਵਾਸੀ ਡਾ. ਅਤਰ ਸਿੰਘ ਨੇ ਨਿਸ਼ਚਤ ਕੀਤੀ ਸੀ। ਸਾਡੇ ਨਾਲ ਸਵਰਗਵਾਸੀ ਕਵੀ ਪ੍ਰੋ. ਮੋਹਨ ਸਿੰਘ ਵੀ ਸਨ। ਸਿਰਦਾਰ ਕਪੂਰ ਸਿੰਘ ਬਹੁਤ ਖੇੜ੍ਹੇ ਵਿਚ ਸਨ। ਰੈਸਤਰਾਂ ਵਿਚੋਂ ਉੱਠਣ ਤੋਂ ਪਿੱਛੋਂ ਉਹ ਸਾਨੂੰ ਪਿਆਰ ਨਾਲ ਆਪਣੇ ਘਰ ਲੈ ਗਏ। ਉਹ ਘਰ ਦੀਆਂ ਕੰਧਾਂ ਉੱਤੇ ਲਟਕਦੇ ਕੁਝ ਚਿੱਤਰਾਂ ਨੂੰ ਬੜੇ ਪਿਆਰ ਨਾਲ ਦਿਖਾਉਂਦੇ ਰਹੇ ਅਤੇ ਆਪਣੀਆਂ ਟਿੱਪਣੀਆਂ ਦਿੰਦੇ ਰਹੇ। ਉਨ੍ਹਾਂ ਦੀ ਵਿਦਵਤਾ ਬਾਰੇ ਤਾਂ ਮੈਂ ਪਹਿਲਾ ਹੀ ਬਹੁਤ ਪ੍ਰਭਾਵਿਤ ਸੀ। ਉਨ੍ਹਾਂ ਦੀ ਮਨੁੱਖਤਾ ਅਤੇ ਨਿੱਘ ਨੂੰ ਕੋਲੋਂ ਜਾਨਣ ਦਾ ਮੌਕਾ ਮੈਨੂੰ ਪਹਿਲੀ ਵਾਰ ਪ੍ਰਾਪਤ ਹੋਇਆ ਸੀ।

ਸਿਰਦਾਰ ਜੀ ਦੀ ਸੰਭਾਵਨਾ ਵਾਲੇ ਨੌਜਵਾਨਾਂ ਵਿਚ ਦਿਲਚਸਪੀ ਅਤੇ ਯਾਦ-ਸ਼ਕਤੀ ਦੇ ਅਤਿਅੰਤ ਤੀਖਣ ਹੋਣ ਬਾਰੇ ਮੈਨੂੰ ਕਾਫੀ ਹੈਰਾਨੀ ਹੋਈ ਜਦੋਂ। ਡਾ. ਅਤਰ ਸਿੰਘ ਨੇ ਮੇਰੀ ਜਾਣ ਪਛਾਣ ਕਰਾਉਂਦਿਆਂ ਕਿਹਾ, ਕਿ "ਇਹ ਗੁਰਭਗਤ ਸਿੰਘ ਹੈ। ਹੁਣੇ ਹੁਣੇ ਅਮਰੀਕਾ ਦੀ ਕੈਲੀਫੋਰਨੀਆ ਯੂਨੀਵਰਸਿਟੀ ਤੋਂ ਬਲੇਕ ਉੱਤੇ ਪੀ. ਐਚ. ਡੀ. ਕਰਕੇ ਮੁੜਿਆ ਹੈ।" ਸਿਰਦਾਰ ਜੀ ਕਹਿਣ ਲੱਗੇ, "ਬਹੁਤ ਖੁਸ਼ੀ ਹੋਈ ਹੈ। ਮੈਂ ਇਸ ਨੌਜਵਾਨ ਨੂੰ ਜਾਣਦਾ ਹਾਂ। ਦਿੱਲੀ ਵਿਚ ਇਕ ਸਾਹਿਤਕ ਸਮਾਗਮ ਉੱਤੇ ਇਨ੍ਹਾਂ ਦਾ ਭਾਸ਼ਣ ਸੁਣਿਆ ਸੀ।" ਉਸ ਗੱਲ ਨੂੰ 18-20 ਸਾਲ ਬੀਤ ਚੁੱਕੇ ਸਨ। ਸਿਰਦਾਰ ਜੀ ਨੂੰ ਵਿਦਵਾਨ ਸਿੱਖ ਨੌਜਵਾਨਾਂ ਵਿਚ ਕਿੰਨੀ ਦਿਲਚਸਪੀ ਸੀ, ਕਿਵੇਂ ਉਹਨਾਂ ਦੇ ਜ਼ਹਿਨ ਵਿਚ ਉਕਰੇ ਜਾਂਦੇ ਸਨ, ਉਹ ਉਨ੍ਹਾਂ ਦੇ ਭਵਿੱਖ ਬਾਰੇ ਸੋਚ ਕੇ ਕਿਵੇਂ ਖੁਸ਼ ਹੁੰਦੇ ਸਨ, ਇਹ ਮੇਰੇ ਸਾਹਮਣੇ ਸੀ।

ਸਾਡੀ ਮੁਲਾਕਾਤ ਦੇ ਦੌਰਾਨ ਸਿਰਦਾਰ ਜੀ ਬਹੁਤ ਨਿਮਰ ਅਤੇ ਮਿੱਠੇ ਸਨ। ਕਦੇ ਕਦੇ ਵਿਅੰਗਾਤਮਕ ਵੀ ਸਨ। ਉਹ ਇੰਨੇ ਸਹਿਜ ਵਿਚ ਸਨ ਕਿ ਕੋਲ ਬੈਠੇ ਬੰਦੇ ਨੂੰ ਇਹ ਅਨੁਮਾਨ ਲਾਉਣਾ ਔਖਾ ਸੀ ਕਿ ਇਨ੍ਹਾਂ ਨੇ 'ਪ੍ਰਾਸ਼ਰ ਪ੍ਰਸ਼ਨ' ਵਰਗੀ ਵਿਦਵਤਾ ਭਰਪੂਰ ਪੁਸਤਕ ਲਿਖੀ ਹੈ। ਧਰਮ ਅਤੇ ਸਭਿਆਚਾਰ ਬਾਰੇ ਅੰਤਰਰਾਸ਼ਟਰੀ ਪੱਧਰ ਦੇ ਲੇਖ ਲਿਖੇ ਹਨ। ਸਿਰਦਾਰ ਜੀ ਨੇ ਸਰਦਾਰ ਪਟੇਲ ਦੇ ਇਕ ਸਿੱਖ ਵਿਰੋਧੀ ਆਦੇਸ਼ ਨੂੰ ਨਾ ਮੰਨਣ ਕਾਰਣ ਆਪਣਾ ਆਈ. ਸੀ. ਐਸ. ਜੀਵਨ ਅਤੇ ਉਸ ਦੇ ਸੁਖ ਤਿਆਗ ਦਿੱਤੇ। ਇਹ ਕੋਈ ਛੋਟੀ ਕੁਰਬਾਨੀ ਨਹੀਂ ਸੀ ਜਦੋਂ ਕਿ ਭਾਰਤੀ ਮੱਧ ਵਰਗ ਇਸ ਜੀਵਨ ਲਈ ਤਰਸਦਾ ਰਹਿੰਦਾ ਸੀ ਅਤੇ ਇਸ ਨੂੰ ਬਹੁਤ ਵੱਡੀ ਪ੍ਰਾਪਤੀ ਗਿਣਦਾ ਸੀ। ਉਨ੍ਹਾਂ ਦੇ ਇਸ ਤਿਆਗ ਦੀ ਸਮਝ ਉਨ੍ਹਾਂ ਦੀਆਂ ਪੁਸਤਕਾਂ ਅਤੇ ਲੇਖ ਪੜ੍ਹ ਕੇ ਹੀ ਆਉਂਦੀ ਹੈ। ਉਹ ਸਿੱਖ ਚਿੰਤਨ ਅਤੇ ਅਭਿਆਸ ਦੀ ਮੌਲਿਕਤਾ ਅਤੇ ਵਿਲੱਖਣਤਾ ਦੇ ਪੂਰੀ ਤਰ੍ਹਾਂ ਕਾਇਲ ਸਨ। ਉਨ੍ਹਾਂ ਨੂੰ ਵਿਸ਼ਵਾਸ਼ ਸੀ ਕਿ ਮਨੁੱਖ ਦੇ ਸ਼ਾਨਦਾਰ ਅਤੇ ਸ਼ਾਂਤ ਭਵਿੱਖ ਲਈ ਇਹ ਚਿੰਤਨ ਅਤੇ ਅਭਿਆਸ ਵੱਡੀਆਂ ਸੰਭਾਵਨਾਵਾਂ ਨਾਲ ਭਰਪੂਰ ਹਨ।

ਹੁਣ ਦੇ ਉਤਰ ਆਧੁਨਿਕ ਦੌਰ ਦੇ ਪ੍ਰਸੰਗ ਵਿਚ ਇਹ ਮਹੱਤਵਪੂਰਣ ਹੈ ਕਿ ਉਨ੍ਹਾਂ ਨੇ 1972 ਵਿਚ ਸੰਪੂਰਣ ਕੀਤੀ ਆਪਣੀ ਪੁਸਤਕ "ਸਾਚੀ ਸਾਖੀ" ਵਿਚ ਸਿੱਖੀ ਬਾਰੇ ਇਹ ਵਿਆਖਿਆ ਦਿੱਤੀ ਸੀ ਕਿ ਸਿੱਖੀ "ਬਹੁਕੇਂਦ੍ਰਿਤ" ਹੈ। ਇਸਲਾਮ ਅਤੇ ਹਿੰਦੂਵਾਦ "ਇਕ ਕੇਂਦ੍ਰਿਤ" ਹੈ। ਇਸ ਦਾ ਕਾਰਨ ਇਹ ਹੈ ਕਿ ਸਿੱਖੀ ਸੱਚ ਅਤੇ ਸੁਤੰਤਰਤਾ ਦੀ ਪ੍ਰਾਪਤੀ ਲਈ ਵੱਖ ਵੱਖ ਵਿਧੀਆਂ ਨੂੰ ਸ੍ਵੀਕਾਰ ਕਰਦੀ ਹੈ। ਜੀਵਨ ਅਭਿਆਸ ਵੀ ਕਈ ਪ੍ਰਕਾਰ ਦੇ ਹੋ ਸਕਦੇ ਹਨ। ਇਸ ਲਈ ਇਸ ਵਿਚ ਕੱਟੜਤਾ ਦੀ ਥਾਂ ਵੰਨ ਸੁਵੰਨਤਾ ਦਾ ਸਥਾਨ ਹੈ। ਸਿਰਦਾਰ ਜੀ ਨੇ ਇਸਲਾਮ ਅਤੇ ਹਿੰਦੂਵਾਦ ਦੇ ਸਿੱਖੀ ਨਾਲ ਚਲੇ ਆ ਰਹੇ ਵਿਰੋਧ ਨੂੰ ਪਰਿਪੇਖ ਅਤੇ ਦਾਰਸ਼ਨਿਕ ਅਸੂਲ ਦਾ ਵਿਰੋਧ ਮੰਨਿਆ ਹੈ। "ਪ੍ਰਾਸ਼ਰ ਪ੍ਰਸ਼ਨ" ਵਿਚ ਉਨ੍ਹਾਂ ਨੇ ਸਪੱਸ਼ਟ ਤੌਰ ਤੇ ਕਹਿ ਦਿੱਤਾ ਹੈ ਕਿ ਸਿੱਖੀ ਅਸਲ ਹਿੰਦੂਵਾਦ ਨਾਲੋਂ ਪੂਰਨ ਤੌਰ ਤੇ ਵੱਖਰੀ ਹੈ। ਜਿੱਥੇ ਹਿੰਦੂਵਾਦ ਇਕ ਵਿਸ਼ਵਾਸ਼ ਰੱਖਦਾ ਹੈ, ਸਿੱਖੀ ਵਿਚ ਖਿੱਤਾਮੁਖੀ ਸੀਮਾਵਾਂ, ਮੂਲ ਅਤੇ ਐਥਨਿਸਿਟੀ ਦੀ ਵੀ ਥਾਂ ਹੈ।

ਸਿਰਦਾਰ ਜੀ ਨੇ ਬੁੱਧਵਾਦ ਦੇ ਤਾਰਕਿਕ ਅਤੇ ਬੌਧਿਕ ਮਾਰਗ ਨਾਲੋਂ ਵੱਖਰਿਆਉਂਦਿਆਂ ਸਿੱਖ ਗੁਰੂ ਸਾਹਿਬਾਨ ਦੇ ਮਾਰਗ ਨੂੰ ਅਨੁਭਵ ਅਤੇ ਵਿਕਾਸ ਦਾ ਮਾਰਗ ਮੰਨਿਆ ਹੈ ਜਿਸ ਵਿਚ ਮਨ ਅਤੇ ਦੇਹ ਦੇ ਨਿਰੰਤਰ ਸੁਧਾਰ ਅਤੇ ਉਨੱਤੀ ਨੂੰ ਮਹੱਤਵਪੂਰਨ ਸਮਝਿਆ ਗਿਆ ਹੈ। ਭਾਵੇਂ ਉਨ੍ਹਾਂ ਨੇ ਜਪੁ ਜੀ' ਬਾਰੇ ਲਿਖੇ ਇਕ ਲੇਖ ਵਿਚ ਗੁਰੂ ਸਾਹਿਬ ਦੀ ਪਰਮ ਦ੍ਰਿਸ਼ਟੀ ਨੂੰ ਰਿਗ ਵੇਦ' ਦੇ ਪ੍ਰੰਪਰਾ ਦੇ ਸ਼ਬਦ ਨਹੀਂ, ਗਿਆਨ ਪ੍ਰਾਪਤ ਕਰਨ ਨਾਲ ਜੋੜਿਆ ਹੈ। ਪਰ ਤਦ ਵੀ ਉਹ ਸ਼ਬਦ-ਸਾਖੀ ਦੇ ਨਾਲ ਮਨ ਅਤੇ ਦੇਹ ਦੇ ਵਿਕਾਸ ਨੂੰ ਜ਼ਰੂਰੀ ਮੰਨਣ ਦੇ ਵਿਚਾਰ ਨੂੰ ਗੁਰੂ ਸਾਹਿਬ ਦੀ ਮੌਲਿਕਤਾ ਮੰਨਦੇ ਹਨ। ਇਹ ਵਿਕਾਸ ਮੁਖੀ ਪਰਿਪੇਖ ਅਤੇ ਇਸ ਉੱਤੇ ਆਧਾਰਿਤ ਸਿੱਖ ਮਾਰਗ ਬੋਧੀਆਂ ਅਤੇ ਹਿੰਦੂਆਂ ਨਾਲੋਂ ਵੱਖਰਾ ਹੈ। ਸਿੱਖੀ ਵਿਚ ਬੁੱਤ-ਵਿਰੋਧ ਪੈਗੰਬਰੀ ਅਤੇ ਇਲਹਾਮ ਦੀ ਥਾਂ ਹੋਣ ਕਾਰਣ, ਸਿਰਦਾਰ ਜੀ ਦੇ ਵਿਚਾਰ ਵਿਚ ਸਿੱਖੀ ਕੇਵਲ "ਗੈਰ ਹਿੰਦੂ" ਨਹੀਂ ਸਗੋਂ "ਪੱਛਮੀ ਧਰਮ" ਵੀ ਹੈ ਆਪਣੀ ਪ੍ਰਕਿਰਤੀ ਅਤੇ ਸੁਭਾਅ ਵਿਚ (ਪ੍ਰਾਸ਼ਰ ਪ੍ਰਸ਼ਨ, ਪੰਨਾ 33)। ਵੈਸ਼ਣਵਵਾਦ ਅਤੇ ਹਿੰਦੂ ਭਗਤੀ ਨਾਲੋਂ ਉਹ ਸਿੱਖ ਚਿੰਤਨ ਨੂੰ ਦੱਖਣ ਦੇ ਚੌਥੀ ਸਦੀ ਈਸਵੀ ਵਿਚ ਰਚੇ ਗਏ ਗ੍ਰੰਥ "ਤ੍ਰਿਕੁਰਾਲ" ਦੇ ਨੇੜੇ ਸਮਝਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਅਤੇ ਦ੍ਰਿਸ਼ਟੀ ਵੀ ਦੱਖਣੀ ਸਰੋਤਾਂ ਦੇ ਨੇੜੇ ਹਨ। ਇਨ੍ਹਾਂ ਨੂੰ ਹਿੰਦੂਵਾਦ ਜਾਂ ਬ੍ਰਾਹਮਣੀ ਚਿੰਤਨ ਜਾਂ ਅਭਿਆਸ ਤੋਂ ਪ੍ਰੇਰਿਤ ਮੰਨਣਾ ਯੋਗ ਨਹੀਂ। ਗ੍ਰੰਥ "ਤ੍ਰਿਮੁਰਈ" ਨਾਲ ਮਿਲਦੇ ਹਨ। ਸਧਾਰਣ ਸ਼ਬਦਾਂ ਵਿਚ, ਸਿੱਖੀ ਅਤੇ ਇਸ ਦੇ ਗ੍ਰੰਥ ਅਣ-ਆਰੀਆਈ ਅਤੇ ਗੈਰ ਬ੍ਰਾਹਮਣੀ ਚਿੰਤਨ ਜਾਂ ਅਭਿਆਸ ਤੋਂ ਪ੍ਰੇਰਿਤ ਮੰਨਣਾ ਯੋਗ ਨਹੀਂ।

ਸਿਰਦਾਰ ਜੀ ਸਿੱਖ ਚਿੰਤਨ ਅਤੇ ਅਭਿਆਸ ਨੂੰ ਪ੍ਰਾਪਤ ਧਰਮਾਂ ਦਾ ਸੰਯੋਗ ਨਹੀਂ ਮੰਨਦੇ, ਜਿਵੇਂ ਕਿ ਕਈ ਭਾਰਤੀ ਵਿਦਵਾਨ ਕਹਿ ਜਾਂ ਲਿਖ ਦਿੰਦੇ ਹਨ। ਸਿਰਦਾਰ ਜੀ ਅਨੁਸਾਰ ਸਿੱਖੀ ਇਕ ਇਤਿਹਾਸਕ "ਐਪਿਫਨੀ" ਹੈ। ਇਸ ਦਾ ਅਰਥ ਇਹ ਹੈ ਕਿ ਇਹ ਇਤਿਹਾਸ ਦੀਆਂ ਲੋੜਾਂ ਵਿਚੋਂ ਅਵੱਸ਼ ਪੈਦਾ ਹੋਈ, ਪਰ ਇਹ ਇਕ ਆਵੇਸ਼ ਸੀ, ਉਚੇਰੀ ਦਿਬ-ਦ੍ਰਿਸ਼ਟੀ ਦਾ ਇਕ ਕ੍ਰਿਸ਼ਮਾ ਸੀ ਜੋ ਆਪਣੀ ਮੌਲਿਕਤਾ ਨਾਲ ਵਾਪਰਿਆ।

ਸਿੱਖੀ ਵਿਚ ਵੱਡਾ ਮਹੱਤਵ, ਉਨ੍ਹਾਂ ਅਨੁਸਾਰ ਨਾਮ ਅਭਿਆਸ ਜਾਂ ਅਨੁਸ਼ਾਸਨ ਨੂੰ ਹੈ। "ਨਾਮ" ਸ਼ਬਦ "ਨਿਊਮਿਨਾ" ਨਾਲ ਜੁੜਿਆ ਹੋਇਆ ਹੈ। ਨਾਮ ਇਕ ਪਵਿੱਤਰਤਾ ਜਾਂ ਪੁਨੀਤ ਦਾ ਅਨੁਭਵ ਹੈ ਜੋ ਧਰਮ ਨਾਲ ਸੰਬੰਧਤ ਵਿਸ਼ੇਸ਼ ਅਨੁਭਵ ਹੈ। ਨੈਤਿਕਤਾ ਅਤੇ ਸੌਂਦਰਯ ਤੋਂ ਵੀ ਵੱਖਰਾ ਹੈ। ਸਿੱਖੀ ਦੇ ਇਸ ਵਿਸ਼ੇਸ਼ ਅਨੁਭਵ ਨੂੰ ਸਿਰਦਾਰ ਜੀ "ਨ-ਸਦਾਚਾਰਕ ਪਵਿੱਤਰਤਾ" ਆਖਦੇ ਹਨ ਜੋ ਆਪਣੇ ਆਪ ਵਿਚ ਇਕ ਮੁੱਲ ਹੈ।

ਅਜਿਹੇ ਨਾਮ ਅਨੁਸ਼ਾਨ ਦਾ ਅਭਿਆਸ ਕਰਨ ਵਾਲਾ ਸਿੱਖ, ਨਿਰਪੇਖ ਯਥਾਰਥ ਜਾਂ ਅਕਾਲ ਪੁਰਖ ਵਿਚ ਵਿਅਸਤ ਮਨੁੱਖ ਹੈ ਜੋ ਜਗਤ ਪ੍ਰਤੀ ਵੀ ਸੁਚੇਤ ਹੈ। ਇਸ ਵਿਚ ਰਹਿ ਕੇ ਕਰਮਸ਼ੀਲ ਹੁੰਦਾ ਹੈ। ਇਸ ਲਈ ਉਹ ਸਿੱਖ ਸੰਕਲਪ ਦੇ ਮਨੁੱਖ ਨੂੰ ਮੁਕਤ ਪਰ ਸਮਾਜਿਕ-ਰਾਜਨੀਤਕ ਜੀਵਨ ਵਿਚ ਉਚੇਰੀਆਂ ਕੀਮਤਾਂ ਲਈ ਸੰਘਰਸ਼ਸ਼ੀਲ ਮਨੁੱਖ ਮੰਨਦੇ ਹਨ। ਇਸ ਮਨੁੱਖ ਲਈ ਬਦੀ ਸਦੀਵ ਨਿਯਮ ਜਾਂ ਅਸਲੀਅਤ ਨਹੀਂ, ਨਾ ਹੀ "ਮਾਇਆ" ਸੱਤ ਹੈ। ਸਿੱਖੀ ਵਿਚ ਅਕਾਲ ਪੁਰਖ ਨਾਲ ਸੰਬੰਧ ਸਿੱਧਾ ਸਥਾਪਤ ਹੁੰਦਾ ਹੈ ਕਿਸੇ ਅਵਤਾਰ ਰਾਹੀਂ ਨਹੀਂ, ਇਹ ਰਿਸ਼ਤਾ "ਅਨੰਦ" ਦਾ ਅਨੁਭਵ ਹੈ।

ਸਿੱਖ ਗੁਰੂ ਸਾਹਿਬਾਨ ਨੇ ਜੋ ਚਿਤਵਿਆ ਨਾਮ ਅਨੁਸ਼ਾਸਨ, ਪੁਨੀਤ ਅਨੁਭਵ ਵਾਲਾ, ਅਕਾਲ ਪੁਰਖ ਨਾਲ ਸਿੱਧਾ ਰਿਸ਼ਤਾ ਕਾਇਮ ਕਰਨ ਲਈ ਸਮਰੱਥ ਸਮਾਜਿਕ, ਰਾਜਨੀਤਕ ਜਗਤ ਪ੍ਰਤੀ ਸੁਚੇਤ ਅਤੇ ਕ੍ਰਿਆਸ਼ੀਲ, ਨੈਤਿਕਤਾ ਤੋਂ ਉੱਪਰ, ਵਰੁਣ-ਵਰਗ ਤੋਂ ਪਰ੍ਹੇ ਇਹ ਮਨੁੱਖ ਡਾਰਵਿਨੀ ਵਿਕਾਸਵਾਦ ਤੋਂ ਬਾਹਰ ਹੈ। ਸਿਰਦਾਰ ਜੀ ਨੇ ਸਿੱਖੀ ਵਿਚ ਚਿਤਵੇ ਮਨੁੱਖ ਲਈ ਸ਼ਬਦ "ਪਰਥੋਜੈਨੇਸਿਸ" ਵਰਤਿਆ ਹੈ। ਇਸ ਦਾ ਅਰਥ ਹੈ ਉਹ ਮਨੁੱਖ ਜੋ ਲਿੰਗ ਮੇਲ ਤੋਂ ਬਾਹਰ ਹੋਂਦ ਵਿਚ ਆਉਂਦਾ ਹੈ। ਸਧਾਰਣ ਸ਼ਬਦਾਂ ਵਿਚ ਵਿਕਾਸ ਚੇਨ ਤੋਂ ਮੁਕਤ ਹੈ, ਕਿਸੇ ਹੋਰ ਉਚੇਰੇ ਸਿਰਜਨਾਤਮਿਕ ਵਿਕਾਸ ਵਿਚੋਂ ਆਉਂਦਾ ਹੈ। ਉਸ ਦੀ ਹੋਂਦ ਅਚਾਨਕ ਜਾਂ ਅਣਚਿਤਵੀ ਪ੍ਰਕਿਰਿਆ ਰਾਹੀਂ ਹੁੰਦੀ ਹੈ। ਹਾਈਸਨਬਰਗ, ਪਲੈਂਕ ਅਤੇ ਉਨ੍ਹਾਂ ਦੇ ਸਾਥੀ ਵੀਆਨਾ ਵਿਗਿਆਨਕਾਂ ਦੇ ਅਰਥਾਂ ਵਿਚ ਮਾਦੇ ਦੀ "ਲੀਪ" ਜਾਂ ਅਣਕਾਰਣੀ ਛਾਲ

ਬਾਕੀ ਸਫ਼ਾ 29 'ਤੇ

*21 ਫਰਵਰੀ ਉੱਤੇ ਵਿਸ਼ੇਸ਼*

# ਜੈਤੋ ਦਾ ਮੋਰਚਾ : ਅੰਗਰੇਜ਼ ਹਕੂਮਤ ਹੋਈ ਗੋਡੇ ਟੇਕਣ ਲਈ ਮਜਬੂਰ

**ਪ੍ਰਮਿੰਦਰ ਸਿੰਘ ਪ੍ਰਵਾਨਾ**, (ਫੋਨ: 510-781-0487)

ਮਾਨਵ ਵਾਦੀ ਸਿੱਖ ਧਰਮ ਦੇ ਇਤਿਹਾਸ ਦਾ ਪੰਨਾ ਪੰਨਾ ਲਾਸਾਨੀ ਸ਼ਹੀਦੀਆਂ ਤੇ ਕੁਰਬਾਨੀਆਂ ਦੀਆਂ ਭੂਮਿਕਾਵਾਂ ਨਾਲ ਭਰਿਆ ਪਿਆ ਹੈ ਫਿਰ ਚਾਹੇ ਜੰਗ ਦਾ ਮੈਦਾਨ ਹੋਵੇ, ਘਲੂਘਾਰਿਆਂ ਦਾ ਅਣਮਨੁੱਖੀ ਤਸ਼ੱਦਦ ਹੋਵੇ ਖਾਲਸੇ ਨੇ ਨਿਸਚੇ ਕਰ ਆਪਣੀ ਜੀਤ ਕਰੂੰ ਦੀ ਚੜ੍ਹਦੀ ਕਲਾ ਵਿਚ ਰਹਿ ਕੇ ਪੂਰੇ ਜਾਹੋ ਜਲਾਲ ਨਾਲ ਲੜ ਕੇ ਜਿਤਾਂ ਪ੍ਰਾਪਤ ਕੀਤੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੇਧ ਲੈ ਕੇ ਹਰ ਕੁਰਬਾਨੀ ਲਈ ਤਿਆਰ ਹੋਇਆ ਹੈ। ਸੰਨ 1920-25 ਦੌਰਾਨ ਗੁਰਧਾਮਾਂ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਲਈ ਹਕੂਮਤ ਦੀ ਸ਼ਹਿ ਤੇ ਕਬਜ਼ਾ ਕਰੀ ਬੈਠੇ ਦੁਰਾਚਾਰੀ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ। ਜਿਸ ਨਾਲ ਵੱਖ ਵੱਖ ਗੁਰਧਾਮਾਂ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ ਗਿਆ। ਸਿੱਖ ਰਾਜ ਦੀ ਸਥਾਪਤੀ ਤੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਗੁਰਧਾਮਾਂ ਦੇ ਨਾ ਤੇ ਕਾਫ਼ੀ ਸੰਪਤੀ ਅਤੇ ਦਿਖ ਵਿਚ ਖੂਬਸੂਰਤ ਮਾਹੌਲ ਬਣਿਆ ਪਰ ਅੰਦਰੂਨੀ ਪ੍ਰਬੰਧ ਵਿਚ ਠਾਕਰਦੁਆਰਾ ਮਰਯਾਦਾ ਹੀ ਰਹੀ। ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਉੱਤੇ ਮਹੰਤਾਂ ਦੇ ਕਬਜ਼ੇ ਕਰਵਾ ਕੇ ਸਿੱਖੀ ਤਾਕਤ ਨੂੰ ਠੇਸ ਪਹੁੰਚਾਉਣ ਦੀ ਸਾਜਿਸ਼ ਸੀ। ਉਹ ਸਿੱਖਾਂ ਦੀ ਬਹਾਦਰੀ ਤੋਂ ਜਰਕਦੇ ਸਨ ਤੇ ਠੇਸ ਪਹੁੰਚਾਉਣ ਲਈ ਬਹਾਨਾ ਲੱਭਦੇ ਸਨ। ਤਦ ਹੀ ਉਨ੍ਹਾਂ ਨੂੰ ਨਾਭਾ ਰਿਆਸਤ ਦੇ ਮਹਾਰਾਜਾ ਰਿਪਦਮਨ ਸਿੰਘ ਦੇ ਗੱਦੀ ਸੰਭਾਲਣ ਅਤੇ ਉਸ ਦੇ ਢੰਗ ਤਰੀਕੇ ਤੋਂ ਨਾਖੁਸ਼ ਸਨ। ਉਹ ਮਹਾਰਾਜਾ ਨੂੰ ਬਾਗੀ ਸਮਝਦੇ ਸਨ। ਉਸੇ ਸਮੇਂ ਸਿੱਖ ਸੰਗਤਾਂ ਨੇ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸਜਦੇ ਦਿਵਾਨਾਂ ਵਿਚ ਕਾਲੀਆਂ ਪੱਗਾਂ ਅਤੇ ਦੁਪੱਟੇ ਸਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਰੱਖੇ ਜਾਣ ਦੀ ਅਪੀਲ ਕੀਤੀ ਸੀ। ਮਹਾਰਾਜਾ ਰਿਪੁਦਮਨ ਸਿੰਘ ਨੇ ਵੀ ਇਸ ਅਪੀਲ ਦਾ ਸੁਆਗਤ ਕੀਤਾ। ਅੰਗਰੇਜ਼ ਸਰਕਾਰ ਨੂੰ ਮਹਾਰਾਜਾ ਨੂੰ ਗੱਦੀ ਤੋਂ ਲਾਉਣ ਦਾ ਬਹਾਨਾ ਮਿਲ ਗਿਆ।

25-26 ਅਤੇ 27 ਅਗਸਤ 1923 ਨੂੰ ਗੁਰਦੁਆਰਾ ਗੰਗਸਰ ਵਿਖੇ ਮਹਾਰਾਜਾ ਦੇ ਰਾਜ ਦੀ ਬਹਾਲੀ ਦਾ ਮਤਾ ਪਾਸ ਕੀਤਾ ਗਿਆ। ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਬੈਠੇ ਗਿਆਨੀ ਇੰਦਰ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। 9 ਸਤੰਬਰ ਨੂੰ



ਹੋਰਨਾਂ ਜਲੂਸਾਂ ਵਾਂਗ ਜੈਤੋ ਮੰਡੀ ਵੀ ਜਲੂਸ ਕਢਿਆ ਗਿਆ। ਜਲੂਸ ਵਿਚ ਸ਼ਾਮਲ ਅਕਾਲੀ ਗ੍ਰਿਫ਼ਤਾਰ ਕਰ ਲਏ ਗਏ 14 ਸਤੰਬਰ 1923 ਨੂੰ ਸੰਗਤਾਂ ਨੇ ਗੁਰਦੁਆਰਾ ਸ੍ਰੀ ਗੰਗਸਰ ਵਿਚ ਅਖੰਡ ਪਾਠ ਅਰੰਭ ਕੀਤਾ। ਅੰਗਰੇਜ਼ੀ ਸਰਕਾਰ ਨੇ ਪਾਠੀ ਸਿੰਘਾਂ ਨੂੰ ਚੁਕਵਾ ਲਿਆ। ਇਸ ਤਰ੍ਹਾਂ ਅਖੰਡ ਪਾਠ ਦੇ ਖੰਡਿਤ ਹੋਣ ਤੇ ਸੰਗਤਾਂ ਵਿਚ ਰੋਸ ਦੀ ਲਹਿਰ ਫੈਲ ਗਈ। ਆਖੰਡ ਪਾਠ ਦੀ ਬਹਾਲੀ ਲਈ ਜੈਤੋ ਦਾ ਮੋਰਚਾ ਅਰੰਭ ਹੋਇਆ ਜੋ ਬਾਕੀ ਮੋਰਚਿਆਂ ਤੋਂ ਲੰਬਾ ਸਮਾਂ ਚਲਿਆ। ਜੋ ਗੁਰਦੁਆਰਾ ਸੁਧਾਰ ਲਹਿਰ ਦਾ ਸਭ ਤੋਂ ਵੱਡਾ ਮੋਰਚਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 25-25 ਸਿੰਘ ਦਾ ਜਥਾ ਰੋਜ਼ਾਨਾ ਜੈਤੋ ਭੇਜਣ ਦਾ ਫੈਸਲਾ ਕੀਤਾ। 15 ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਾਤਮਈ ਜਥਾ ਪੈਦਲ ਭੇਜਿਆ ਗਿਆ ਪਰ ਗੁਰਦੁਆਰਾ ਸਾਹਿਬ ਦਾਖਲ ਹੋਣ ਤੋਂ ਪਹਿਲਾਂ ਹੀ ਜਥੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਤੋਂ ਅੱਗੇ 25 ਸ਼ਾਤਮਈ ਸਿੰਘਾਂ ਦਾ ਜਥਾ ਗ੍ਰਿਫ਼ਤਾਰੀ ਦੇਣ ਲੱਗਾ ਸਰਕਾਰ ਨੇ ਮੋਰਚੇ ਨੂੰ ਗੈਰਕਾਨੂੰਨੀ ਕਰਾਰ ਦੇਂਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਆਗੂਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। 29 ਸਤੰਬਰ 1913 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੰਗਰੇਜ਼ੀ ਹਕੂਮਤ ਦੀ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਅੰਦਾਜ਼ੀ ਦੀ ਕਰੜੀ ਨਿਖੇਧੀ ਕੀਤੀ ਅਤੇ ਇਸ ਨੂੰ ਬਰਦਾਸ਼ਤ ਨਾ ਕਰਨ ਦਾ ਮਤਾ ਪਾਸ ਕੀਤਾ ਗਿਆ।

ਦੂਸਰੇ ਪੜ੍ਹਾਅ ਵਿਚ 500-500 ਦੇ ਜਥੇ ਭੇਜਣ ਦਾ ਫੈਸਲਾ ਹੋਇਆ। ਪਹਿਲਾ ਜਥਾ 20 ਫਰਵਰੀ ਨੂੰ ਪਿੰਡ ਬਰਗਾੜੀ ਜ਼ਿਲ੍ਹਾ ਫਰੀਦਕੋਟ ਪੁਜਿਆ। 21 ਫਰਵਰੀ ਨੂੰ ਜਥਾ ਜੈਤੋ ਵੱਲ ਚੱਲ ਪਿਆ। ਜਥੇ ਵਿਚ ਨੌਜੁਆਨ, ਬਜ਼ੁਰਗ, ਬੱਚੇ ਅਤੇ ਬੀਬੀਆਂ ਸ਼ਾਮਲ ਸਨ ਨਾਭਾ ਦੀ ਸਰਹੱਦ ਦਾਖਲ ਹੁੰਦੇ ਜਥੇ ਨੂੰ ਰੋਕ ਲਿਆ ਗਿਆ। ਗੁਰਦੁਆਰਾ ਗੰਗਸਰ ਜਾਣ ਦਾ ਰਸਤਾ ਬੰਦ ਸੀ। ਅੰਗਰੇਜ਼ੀ ਫੌਜ ਵਿਦਰੋਹ ਦੀ ਤਿਆਰੀ ਵਿਚ ਸੀ। ਜਥਾ ਜਦੋਂ ਟਿੱਬੀ ਸਾਹਿਬ ਵਲ ਵੱਧ ਰਿਹਾ ਸੀ ਤਾਂ ਅੰਗਰੇਜ਼ ਅਫ਼ਸਰ ਵਿਲਸਨ ਜੌਹਨਸਟਨ (Wilson Johnston) ਨੇ ਨਿਹੱਥੇ ਜਥੇ ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਸੰਗਤਾਂ ਨੂੰ ਘੇਰ ਕੇ ਬੇਹਿਸਾਬ ਗੋਲੀਆਂ ਚਲਾਈਆਂ ਗਈਆਂ। ਗੋਲੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਜਥਾ ਟਿਬੀ ਸਾਹਿਬ ਪਹੁੰਚ ਗਿਆ। ਜਦ ਕਿ ਵੱਡੀ ਗਿਣਤੀ ਵਿਚ ਸੰਗਤ ਸ਼ਹੀਦ ਜਾਂ ਜ਼ਖ਼ਮੀ ਹੋ ਚੁੱਕੀ ਸੀ। ਬਚੇ ਹੋਏ ਸਿੰਘ ਜਦ ਟਿੱਬੀ ਸਾਹਿਬ ਤੋਂ ਗੁਰਦੁਆਰਾ ਗੰਗਸਰ ਵੱਲ ਵੱਧੇ ਤਾਂ ਘੋੜ ਸਵਾਰ ਫੌਜ ਨੇ ਰਾਹ ਰੋਕ ਲਿਆ ਜਿਹੜੀ ਕੁਝ ਕੁ ਸੰਗਤ ਬਚੀ ਸੀ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜੈਤੋ ਦੇ ਇਸ ਦੁਖਦਾਈ ਕਾਂਡ ਦੀ ਖ਼ਬਰ ਹਰ ਪਾਸੇ ਫੈਲ ਗਈ। 21 ਫਰਵਰੀ ਦੇ ਸਾਕੇ ਤੋਂ ਬਾਅਦ 500-500 ਸਿੰਘਾਂ ਦਾ ਜਥਾ ਭੇਜੇ ਜਾਣ ਦਾ ਐਲਾਨ ਹੋਇਆ। ਇਸ ਤਰ੍ਹਾਂ ਸ਼ਾਤਮਈ ਭੇਜੇ ਜਾਂਦੇ ਜਥਿਆਂ ਦੀਆਂ 21 ਜੁਲਾਈ 1925 ਤੱਕ ਗ੍ਰਿਫ਼ਤਾਰੀਆਂ ਹੁੰਦੀਆਂ ਰਹੀਆਂ। ਅੰਤ ਹਕੂਮਤ ਨੂੰ ਝੁਕਣਾ ਪਿਆ। ਸਰਕਾਰ ਨੇ ਜਾਣ ਲਿਆ ਸੀ ਕਿ ਸਿੰਘਾਂ ਦੇ ਨਿਸਚੈ ਨੂੰ ਕੋਈ ਨਹੀਂ ਤੋੜ ਸਕਦਾ। ਖਾਲਸੇ ਦੀ ਜਿੱਤ ਹੋਈ। ਅਖੰਡ ਪਾਠ ਸਾਹਿਬ ਸ਼ੁਰੂ ਕਰਨ ਦੀ ਇਜਾਜ਼ਤ ਮਿਲ ਗਈ। ਗੁਰਦੁਆਰਾ ਐਕਟ ਪਾਸ ਕਰਕੇ ਸਾਰੇ ਗੁਰਧਾਮਾਂ ਨੂੰ 21 ਫਰਵਰੀ 2018 ਦਿਨ ਬੁੱਧਵਾਰ ਤੇ ਵਿਸ਼ੇਸ਼ ਪੰਥਕ ਪ੍ਰਬੰਧ ਹੇਠ ਲਿਆਂਦਾ ਗਿਆ।

# ਚੀਫ ਖ਼ਾਲਸਾ ਦੀਵਾਨ ਲਈ ਪੰਥਪ੍ਰਸਤ ਪ੍ਰਬੰਧਕਾਂ ਦੀ ਲੋੜ

**ਗਿਆਨੀ ਕੇਵਲ ਸਿੰਘ**



ਸੰਨ 1849 ਵਿੱਚ ਜਦੋਂ ਅੰਗਰੇਜ਼ਾਂ ਨੇ ਆਪਣੇ ਦਾਅ ਪੇਚ ਵਰਤ ਕੇ ਸਿੱਖ ਰਾਜ ਹਥਿਆ ਲਿਆ ਤਾਂ ਤਖ਼ਤ ਤਾਜ ਤੋਂ ਟੁੱਟ ਕੇ ਰਾਜ ਭਾਗ ਦੀ ਮਾਲਕ ਸਿੱਖ ਕੌਮ ਨੂੰ ਆਪਣੇ ਵਰਤਮਾਨ ਨੂੰ ਸੰਭਾਲਣ ਅਤੇ ਭਵਿੱਖ ਸਿਰਜਣ ਲਈ ਅਜੀਬ ਤਰ੍ਹਾਂ ਦੀਆਂ ਚੁਣੌਤੀਆਂ ਨਾਲ ਮੁਕਾਬਲਾ ਕਰਨ ਲਈ ਮਜਬੂਰ ਹੋਣਾ ਪਿਆ। 1 ਅਕਤੂਬਰ, 1873 ਨੂੰ ਸਿੱਖ ਕੌਮ ਮੁੜ ਜਥੇਬੰਦਕ ਰੂਪ ਨੂੰ ਉਸਾਰਨ ਲਈ 'ਸਿੰਘ ਸਭਾ' ਦੇ ਨਾਂ ਹੇਠ ਲਾਮਬੰਦੀ ਆਰੰਭ ਕਰਦੀ ਹੈ। ਇਹ ਦੌਰ ਮੁਸਲਮਾਨ ਤੇ ਬ੍ਰਹਾਮਣੀ ਭਾਈਚਾਰੇ ਲਈ ਵੀ ਆਪਣੀ ਮਜ਼ਹਬੀ ਪਛਾਣ ਨੂੰ ਸੰਭਾਲਣ ਤੇ ਬਚਾਉਣ ਪੱਖੋਂ ਚੁਣੌਤੀ ਵਾਲਾ ਹੀ ਸੀ।

ਸਿੰਘ ਸਭਾ ਦੀ ਸਥਾਪਨਾ ਸਿੱਖ ਕੌਮ ਦੇ ਨਿਰਮਲ ਨਿਆਰੇਪਣ ਨੂੰ ਬਹੁਪੱਖਾਂ ਤੋਂ ਸੰਭਾਲਣ ਲਈ ਅਤੇ ਦੂਜੀਆਂ ਕੌਮਾਂ ਵਾਂਗ ਸਮੇਂ ਦੇ ਹਾਣੀ ਬਣਨ ਦੀ ਉਸਾਰੂ ਸੋਚ ਨਾਲ ਜੁੜੀ ਹੋਈ ਸੀ। ਸਿੰਘ ਸਭਾ ਦੇ ਵਾਰਸਾਂ ਨੇ ਜੁਗਤ ਤੇ ਹੌਸਲੇ ਨਾਲ ਖ਼ਾਲਸਾਈ ਸਿਧਾਂਤਾਂ, ਮਾਣ ਮਰਿਆਦਾ ਅਤੇ ਵਿਦਿਅਕ ਖੇਤਰ ਦੀਆਂ ਪ੍ਰਾਪਤੀਆਂ ਨੂੰ ਆਪਣੇ ਨਿਸ਼ਾਨੇ 'ਤੇ ਰੱਖਿਆ। ਦੂਜਾ ਮਹੱਤਵਪੂਰਨ ਕਦਮ ਪੁੱਟਦਿਆਂ ਸਿੰਘ ਸਭਾ ਲਹਿਰ ਦੇ ਵਾਰਸਾਂ ਨੇ ਪੰਜਾਬੀ ਤੇ ਸਿੱਖ ਸਾਹਿਤ ਲਈ ਅਤੇ ਕੌਮੀ ਵਿਰਾਸਤ ਨੂੰ ਸੰਭਾਲਣ ਲਈ ਖ਼ਾਲਸਾ ਸਕੂਲਾਂ ਦੀ ਸ਼ੁਰੂਆਤ ਕਰ ਦਿੱਤੀ।

ਜਦੋਂ ਸਿੰਘ ਸਭਾਵਾਂ ਦੀ ਗਿਣਤੀ ਬਹੁਤ ਵਧ ਗਈ ਤਾਂ ਅਗਲਾ ਕਦਮ ਇਲਾਕਾਵਾਰ ਖ਼ਾਲਸਾ ਦੀਵਾਨ ਸਥਾਪਤ ਕਰਨ ਵੱਲ ਧਰਿਆ ਗਿਆ। ਇਹ ਸਿੰਘ ਸਭਾਵਾਂ ਦੇ ਆਪਸੀ ਤਾਲਮੇਲ ਦਾ ਸਰੂਪ ਸੀ ਤਾਂ ਕਿ ਮਿਲ ਕੇ ਕੌਮੀ ਕਿਸਮਤ ਨੂੰ ਹੋਰ ਚਮਕਾਇਆ ਜਾ ਸਕੇ। ਖ਼ਾਲਸਾ ਦੀਵਾਨ ਦੀ ਸਥਾਪਨਾ ਉਪਰੰਤ ਇੱਕ ਹੋਰ ਕੇਂਦਰੀ ਸਾਂਝਾ ਮਜ਼ਬੂਤ ਤਾਲਮੇਲ ਬਣਾਉਣ ਦੇ ਨਜ਼ਰੀਏ ਨਾਲ ਨਵੇਂ ਖ਼ਾਲਸਾ ਦੀਵਾਨ ਦੀ ਨੀਂਹ 10 ਨਵੰਬਰ 1901 ਨੂੰ ਸ਼੍ਰੋਮਣੀ ਸਿੰਘਾਂ ਦੀ ਇਕੱਤਰਤਾ ਵਿੱਚ ਰਾਮਗੜ੍ਹੀਏ ਬੁੰਗੇ ਅੰਮ੍ਰਿਤਸਰ ਵਿਖੇ ਰੱਖੀ ਗਈ ਜਿਸ ਦਾ ਨਾਮ 'ਚੀਫ ਖ਼ਾਲਸਾ ਦੀਵਾਨ' ਰੱਖਿਆ। ਇਸ ਨੇ ਅਨੇਕ ਪੰਥ ਦੇ ਕਾਰਜ ਸਿੱਧ ਕੀਤੇ ਅਤੇ ਹੁਣ ਵੀ ਕਰ ਰਿਹਾ ਹੈ।

ਚੀਫ ਖ਼ਾਲਸਾ ਦੀਵਾਨ, ਸਿੰਘ ਸਭਾ ਲਹਿਰ ਦੀ ਸੰਤਾਨ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ 20 ਸਾਲ ਪਹਿਲਾਂ ਹੋਂਦ ਵਿੱਚ ਆਈ। ਇਸ ਨੇ ਵਿਦਿਅਕ ਖੇਤਰ ਅੰਦਰ ਖ਼ਾਲਸਾ ਪੰਥ ਦਾ ਨਾਂ ਰੌਸ਼ਨ ਕਰਨ ਲਈ ਯੋਜਨਾਬੱਧ ਕਦਮ ਪੁੱਟੇ। ਸਮੇਂ ਦੇ ਧਨਾਢ ਸਿੱਖਾਂ ਨੇ ਇਸ ਸੰਸਥਾ ਨੂੰ ਸਥਾਪਤ ਕਰਨ ਅਤੇ ਭਵਿੱਖੀ ਲੋੜਾਂ ਲਈ ਵੱਧ ਤੋਂ ਵੱਧ ਮਾਲੀ ਸਹਾਇਤਾ ਤੇ ਸੰਪਤੀਆਂ ਆਦਿ ਦਿੱਤੀਆਂ। ਐੱਸਜੀਪੀਸੀ ਦੀ ਸਥਾਪਨਾ ਤੋਂ ਬਾਅਦ ਵੀ ਇਸ ਸੰਸਥਾ ਨੇ ਆਪਣਾ ਇੱਕ ਨਿਵੇਕਲਾ ਥਾਂ ਖ਼ਾਲਸਾ ਪੰਥ ਵਿੱਚ ਬਣਾਈ ਰੱਖਿਆ। ਵਧੇਰੇ ਕਰਕੇ ਇਸ ਦੇ ਪ੍ਰਬੰਧਕ ਸਰਕਾਰਾਂ ਪ੍ਰਤੀ ਹਮਦਰਦੀ ਵਾਲਾ ਰਵੱਈਆ ਅਖ਼ਤਿਆਰ ਕਰਕੇ ਰੱਖਦੇ ਰਹੇ ਹਨ। ਹਕੂਮਤਾਂ ਵੀ ਇਸ ਸੰਸਥਾ ਪ੍ਰਤੀ ਨਰਮ ਰੁਖ ਰੱਖ ਕੇ ਹੀ ਪੇਸ਼ ਆਉਂਦੀਆਂ ਰਹੀਆਂ ਹਨ।

ਵਧੇਰੇ ਕਰਕੇ ਚੀਫ ਖ਼ਾਲਸਾ ਦੀਵਾਨ ਦੇ ਪ੍ਰਬੰਧਕੀ ਸੱਜਣ ਅਮੀਰ ਘਰਾਣਿਆਂ ਦੇ ਪੜ੍ਹੇ ਲਿਖੇ ਹੀ ਰਹੇ ਹਨ। ਇਹ ਸੰਸਥਾ ਐੱਸਜੀਪੀਸੀ ਨਾਲੋਂ ਸਿਧਾਂਤਕ ਪੱਖੋਂ ਕਈ ਵਾਰ ਵੱਖਰੀ ਰਾਇ ਰੱਖਣ ਦਾ ਕੰਮ ਵੀ ਕਰਦੀ ਆਈ ਹੈ। ਅੱਜਕੱਲ੍ਹ ਇਸ ਸੰਸਥਾ ਲਈ ਇਸ ਦੇ ਮੁੱਖ ਅਹੁਦੇਦਾਰ ਦੇ ਗ਼ੈਰ-ਇਖਲਾਕੀ ਕਰਮ ਕਰਕੇ ਸਿੱਖ ਹਲਕਿਆਂ ਅੰਦਰ ਇਸ ਦੇ ਵੱਕਾਰ ਨੂੰ ਲੱਗੀ ਢਾਹ ਕਰਕੇ ਬੜੀ ਫ਼ਿਕਰਮੰਦੀ ਹੈ। ਸਿੱਖ ਕੌਮ ਦੀ ਇਹ ਮਾਣਮੱਤੀ ਸੰਸਥਾ ਕਿਧਰੇ ਸਿਆਸੀ ਸੋਚ ਵਾਲੇ ਧੜਿਆਂ ਦਾ ਕੁਰਸੀ 'ਤੇ ਕਬਜ਼ਾ ਕਰਨ ਵਾਸਤੇ ਪਹਿਲਵਾਨੀ ਆਖਾੜਾ ਨਾ ਬਣ ਜਾਵੇ ਕਿਉਂਕਿ ਪੰਜਾਬ ਦੀਆਂ ਰਾਜਸੀ ਜਥੇਬੰਦੀਆਂ ਸਾਡੀਆਂ ਸਿੱਖ ਸੰਸਥਾਵਾਂ ਦੀ ਸਰਦਾਰੀ ਹਥਿਆਉਣ ਲਈ ਬੇਸਬਰੀਆਂ ਹੀ ਰਹਿੰਦੀਆਂ ਹਨ। ਹੁਣ ਵੀ ਇਨ੍ਹਾਂ ਵੱਲੋਂ ਦਾਅ ਪੇਚ ਲੜਾਏ ਜਾਣ ਦੀਆਂ ਕਨਸੋਆਂ ਹਨ।

ਚੀਫ ਖ਼ਾਲਸਾ ਦੀਵਾਨ ਦੇ ਮੈਂਬਰ ਪੂਰੇ ਦੇਸ਼ ਵਿੱਚ ਹਨ। ਇਨ੍ਹਾਂ ਦੀ ਗਿਣਤੀ 500 ਦੇ ਕਰੀਬ ਹੈ। ਦੁੱਖ ਦੀ ਗੱਲ ਇਹ ਹੈ ਕਿ ਬਹੁਤ ਸਾਰੇ ਮੈਂਬਰ ਆਪਸ ਵਿੱਚ ਪਰਿਵਾਰਵਾਦ ਨਾਲ ਜੁੜੇ ਹੋਏ ਹਨ। ਬਹੁਤ ਸਾਰੇ ਇਸੇ ਹੀ ਤਰ੍ਹਾਂ ਹੁਣ ਤਕ ਅੰਦਰ ਬਣੇ ਧੜਿਆਂ ਨਾਲ ਖੜ੍ਹੇ ਹਨ। ਜਿਹੜੇ ਮੈਂਬਰ ਪਰਿਵਾਰਵਾਦ ਘੇਰੇ ਦੇ ਹਨ ਅਤੇ ਧੜਿਆਂ ਦੀ ਜ਼ੰਜੀਰ ਵਿੱਚ ਕੈਦ ਹਨ। ਉਨ੍ਹਾਂ ਨੂੰ ਸੰਸਥਾ ਦੀ ਮਹੱਤਤਾ ਅਤੇ ਪੰਥ ਪ੍ਰਸਤੀ ਦਾ ਅਹਿਸਾਸ ਹੋਣਾ ਦੂਰ ਦੀ ਗੱਲ ਹੈ। ਇਸ ਮੌਕੇ ਵੱਡਾ ਫਰਜ਼ ਉਨ੍ਹਾਂ ਮੈਂਬਰਾਂ ਦੇ ਮੋਢਿਆਂ 'ਤੇ ਆ ਜਾਂਦਾ ਹੈ ਜੋ ਖ਼ੁਸ਼ਕਿਸਮਤੀ ਕਰਕੇ ਪਰਿਵਾਰਵਾਦ ਦੀ ਮਾਰ ਅਤੇ ਧੜਿਆਂ ਦੀ ਕੈਦ ਤੋਂ ਮੁਕਤ ਹਨ। ਜਿਨ੍ਹਾਂ ਅੰਦਰ ਸੰਸਥਾ ਦੇ ਕੌਮੀ ਅਨੁਸ਼ਾਸਨ ਨੂੰ ਬਹਾਲ ਕਰਨਾ ਅਤੇ ਵੱਕਾਰ ਨੂੰ ਮਜ਼ਬੂਤ ਬਣਾਉਣ ਦਾ ਸਿਹਤਮੰਦ ਫੁਰਨਾ ਹੈ। ਖ਼ਾਲਸਾ ਪੰਥ ਦੀ ਇਕਸੁਰਤਾ-ਇਕਸਾਰਤਾ ਪ੍ਰਤੀ ਸੁਹਿਰਦ ਹਨ ਅਤੇ ਪੰਥਪ੍ਰਸਤੀ ਦੇ ਜਜ਼ਬੇ ਨਾਲ ਭਰਪੂਰ ਹਨ। ਅਜਿਹੇ ਮੈਂਬਰਾਂ ਸਾਹਮਣੇ ਇਮਤਿਹਾਨ ਦਾ ਸਮਾਂ ਹੈ। ਇਸ ਲਈ ਇਨ੍ਹਾਂ ਗੁਰੂ ਪ੍ਰਸਤਾਂ ਨੂੰ ਆਪਣਾ ਪੂਰਾ ਧਿਆਨ ਚੀਫ ਖ਼ਾਲਸਾ ਦੀਵਾਨ ਦੇ ਮਾਨ ਸਨਮਾਨ ਨੂੰ ਉੱਚਾ ਚੁੱਕਣ 'ਤੇ ਕੇਂਦਰਿਤ ਕਰਨਾ ਪੈਣਾ ਹੈ। ਆਪਣੀ ਜਾਤੀ ਜ਼ਿੰਦਗੀ ਦੇ ਰੁਝੇਵੇਂ ਛੱਡਣੇ ਪੈਣਗੇ। ਦਰ-ਦਰ ਜਾ ਕੇ ਪੰਥਪ੍ਰਸਤੀ ਦਾ ਹੋਕਾ ਦੇਣਾ ਪਵੇਗਾ। ਸੁੱਤੀਆਂ ਜ਼ਮੀਰਾਂ ਨੂੰ ਜਗਾਉਣ ਲਈ ਸਖ਼ਤ ਮਿਹਨਤ ਕਰਨ ਦੀ ਹਿੰਮਤ ਜੁਟਾਉਣੀ ਜ਼ਰੂਰੀ ਹੋਵੇਗੀ।



ਪੰਥਪ੍ਰਸਤੀ ਸੋਚ ਵਾਲੇ ਸਾਰੇ ਮੈਂਬਰਾਂ ਨੂੰ ਸਭ ਤੋਂ ਪਹਿਲਾਂ ਆਪਣੇ ਅੰਦਰ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਦੇ ਸਨਮੁੱਖ ਹੋ ਕੇ ਇੱਕ ਪ੍ਰਣ ਲੈਣ ਦੀ ਲੋੜ ਹੈ ਕਿ ਇਸ ਸੰਸਥਾ ਦਾ ਪ੍ਰਬੰਧ ਅਸੀਂ ਰਲ ਕੇ ਅਜਿਹਾ ਕਰਾਂਗੇ ਜੋ ਪੂਰੀ ਤਰ੍ਹਾਂ ਯੋਗਤਾ ਵਾਲਾ ਅਤੇ ਪੰਥਪ੍ਰਸਤੀ ਦੀ ਭਾਵਨਾ ਵਾਲਾ ਹੋਵੇਗਾ। ਪਿਛਲੀਆਂ ਸਾਰੀਆਂ ਕਮਜ਼ੋਰੀਆਂ ਜੋ ਪ੍ਰਬੰਧ ਵਿੱਚ ਵੇਖੀਆਂ ਜਾਂ ਸੁਣੀਆਂ ਹਨ, ਉਨ੍ਹਾਂ ਨੂੰ ਨਵੇਂ ਪ੍ਰਬੰਧ ਵਿੱਚ ਸ਼ਾਮਲ ਨਹੀਂ ਹੋਣ ਦਿਆਂਗੇ। ਮੁੱਖ ਪ੍ਰਬੰਧਕ ਦੇ ਅਹੁਦੇ ਲਈ ਵਿਦਿਅਕ ਪੱਖੋਂ ਪੂਰੀ ਯੋਗਤਾ ਵਾਲੇ ਗੁਰਸਿੱਖ ਨੂੰ ਅੱਗੇ ਲਿਆਵਾਂਗੇ, ਜਿਸ 'ਤੇ ਸਿੱਖ ਕੌਮ ਮਾਣ ਕਰੇਗੀ। ਜੇਕਰ ਕਿਸੇ ਕਾਰਨ ਚੀਫ ਖ਼ਾਲਸਾ ਦੀਵਾਨ ਦੇ ਮੈਂਬਰ ਇਸ ਮੌਕੇ ਸੱਚੇ ਸੁੱਚੇ ਕੌਮਪ੍ਰਸਤੀ ਵਾਲੇ ਪ੍ਰਬੰਧਕੀ ਰੂਪ ਨੂੰ ਨਾ ਸਿਰਜ ਸਕੇ ਤਾਂ ਕੌਮ ਅੰਦਰ ਬੜੀ ਨਿਰਾਸ਼ਤਾ ਫੈਲ ਜਾਵੇਗੀ। ਉਨ੍ਹਾਂ ਕੌਮਪ੍ਰਸਤਾਂ ਨੂੰ ਇਸ ਮੌਕੇ ਪ੍ਰੇਰਨਾ ਦੇਣ ਲਈ ਅੱਗੇ ਆਉਣ ਦੀ ਲੋੜ ਹੈ ਜੋ ਗੁਰੂ ਗ੍ਰੰਥ-ਗੁਰੂ ਪੰਥ ਦੇ ਸਿਧਾਂਤਾਂ ਪ੍ਰਤੀ ਜਾਗਰੂਕ ਹਨ ਅਤੇ ਕੌਮ ਦੀ ਚੜ੍ਹਦੀ ਕਲਾ ਲਈ ਆਪਣੇ ਅੰਦਰ ਹਿੰਮਤ ਰੱਖਦੇ ਹਨ।

ਈਮੇਲ : panthaknagara@gmail.com

# ਸਮਝਦਾਰ ਦਿਮਾਗ਼ ਦੇ ਬੇਸਮਝ ਰੁਝੇਵੇਂ

**ਸੁਰਜੀਤ ਸਿੰਘ ਢਿੱਲੋਂ (ਡਾ.)**
(ਸੰਪਰਕ: 0175-2214547)



ਅਸੀਂ ਬੇਬੁਨਿਆਦ ਖ਼ਬਤਾਂ ਦੇ ਗ਼ੁਲਾਮ ਬਣੇ ਜਿਉਂ ਰਹੇ ਹਾਂ ਅਤੇ ਇਨ੍ਹਾਂ ਨਾਲੋਂ ਵੱਖਰੇ ਵਿਚਾਰਾਂ ਦੀ ਨਿਖੇਧੀ ਕਰਦਿਆਂ ਮਰਨ-ਮਾਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਹ ਵਿਚਾਰ 1925 'ਚ ਬਰਟਰੰਡ ਰੱਸਲ ਨੇ ਪ੍ਰਗਟਾਏ ਸਨ ਜਿਹੜੇ ਲਗਪਗ ਇੱਕ ਸਦੀ ਗੁਜ਼ਰ ਜਾਣ ਉਪਰੰਤ ਸਾਡੇ ਉਪਰ ਅੱਜ ਵੀ ਲਾਗੂ ਹਨ। ਹਾਲਾਂਕਿ ਕਹਿਣ ਨੂੰ ਭਾਵੇਂ, ਪਿਛਲੇ 92 ਵਰ੍ਹਿਆਂ ਦੌਰਾਨ ਸੱਭਿਆਚਾਰ ਬਹੁਤ ਸਮ੍ਰਿਧ ਹੋਇਆ। ਅਜਿਹਾ ਕਿਉਂ ਹੈ ?

ਦੁਨੀਆਂ ਵਿੱਚ ਜੀਵਨ ਅਲੌਕਿਕ ਚਮਤਕਾਰ ਬਣ ਕੇ ਨਹੀਂ ਸੀ ਪਧਾਰਿਆ। ਇਹ ਅੱਜ ਤੋਂ ਸਾਢੇ ਤਿੰਨ ਅਰਬ ਵਰ੍ਹੇ ਪਹਿਲਾਂ ਕੁਦਰਤੀ ਨਿਯਮਾਂ ਅਨੁਕੂਲ ਅਤੇ ਪ੍ਰਿਥਵੀ ਉਪਰ ਵਿਆਪਕ ਪ੍ਰਸਥਿਤੀਆਂ ਦਾ ਹੁੰਗਾਰਾ ਭਰਦਾ ਹੋਇਆ, ਪੁੰਗਰਿਆ ਸੀ। ਪੁੰਗਰਨ ਸਮੇਂ ਇਸ ਦੀ ਸਰਲ ਅਵਸਥਾ ਸੀ ਜਿਹੜੀ ਸਮੇਂ ਨਾਲ ਵਿਕਸਿਤ ਹੁੰਦੀ ਰਹੀ ਅਤੇ ਉਲਝਣਾਂ 'ਚ ਘਿਰਦੀ ਰਹੀ। ਜਿਹੜੇ ਜੀਵ ਅਤੇ ਅਸੀਂ ਆਪ ਸੰਸਾਰ ਵਿੱਚ ਹਾਂ, ਅਸੀਂ ਸਭ ਪਹਿਲਾਂ ਵਿਚਰ ਚੁੱਕੇ ਜੀਵਾਂ ਤੋਂ ਵਿਕਸਿਤ ਹੋਏ ਹਾਂ, ਬਿਲਕੁਲ ਉਂਜ ਹੀ ਜਿਵੇਂ ਉਹ ਵੀ ਹੋਰ ਪਹਿਲਾਂ ਵਿਚਰੇ ਜੀਵਾਂ ਤੋਂ ਵਿਕਸਿਤ ਹੋਏ ਸਨ। ਇਸੇ ਪ੍ਰਕਾਰ ਹੁੰਦਾ ਰਿਹਾ ਸੀ ਅਤੇ ਜੀਵਾਂ ਦੀ ਸਾਧਾਰਨ ਬਣਤਰ ਜਟਿਲ ਬਣਦੀ ਰਹੀ ਸੀ। ਇਸੇ ਕਾਰਨ ਜੀਵਾਂ ਦੀ ਇੱਕ ਦੂਜੇ ਨਾਲ ਸਾਂਝ ਹੈ ਅਤੇ ਸਾਡੀ ਵੀ ਹੋਰਨਾਂ ਪ੍ਰਾਣੀਆਂ ਨਾਲ ਜੀਨਾਂ ਦੀ ਪੱਧਰ 'ਤੇ ਸਾਂਝ ਹੈ। ਮਨੁੱਖ ਹੋ ਕੇ ਵੀ ਅਸੀਂ ਨਿਰੋਲ ਮਨੁੱਖ ਨਹੀਂ ਹਾਂ। ਵਿਚਾਰਵਾਨਾਂ ਨੂੰ ਜੀਵਨ ਦਾ ਵਿਕਸਿਤ ਹੋਣਾ ਸੁੱਝ ਭਾਵੇਂ ਗਿਆ ਸੀ, ਪਰ ਅਜਿਹਾ ਹੋਏ ਹੋਣ ਨੂੰ ਪ੍ਰਮਾਣਾਂ ਨਾਲ ਸਿੱਧ ਡਾਰਵਿਨ ਨੇ ਕੀਤਾ। ਉਸ ਨੇ ਇਹ ਵੀ ਦਰਸਾਇਆ ਕਿ ਅਜਿਹਾ ਕਿਉਂ ਅਤੇ ਕਿਵੇਂ ਵਾਪਰਦਾ ਰਿਹਾ ਹੈ। ਇਹ ਗੱਲ 1859 ਦੀ ਹੈ। ਇਸ ਦੇ 100 ਵਰ੍ਹਿਆਂ ਉਪਰੰਤ, ਜਦੋਂ ਜੀਨ (ਡੀ.ਐੱਨ.ਏ.) ਦੇ ਕ੍ਰਿਆਵੀ ਪੱਖ ਨੂੰ ਵਾਟਸਨ ਅਤੇ ਕ੍ਰਿੱਕ ਨੇ ਰੌਸ਼ਨ ਕੀਤਾ ਤਾਂ ਜੀਵਨ ਅਤੇ ਆਪਣੇ-ਆਪ ਪ੍ਰਤੀ ਸਾਡੀ ਸੂਝ ਬਦਲੀ ਅਤੇ ਧੁਰੋਂ ਬਣੀਆਂ ਆ ਰਹੀਆਂ ਧਾਰਨਾਵਾਂ ਹੇਠ-ਉਤਾਂਹ ਹੋਈਆਂ। ਇਸ ਦੇ ਬਾਵਜੂਦ ਸਾਨੂੰ ਆਪਣੇ-ਆਪ ਬਾਰੇ ਹਾਲੇ ਵੀ ਬਹੁਤ ਕੁਝ ਸਪਸ਼ਟ ਨਹੀਂ। ਹਾਲੇ ਅਜੇ ਵੀ ਸਾਨੂੰ ਆਪਣੇ-ਆਪ ਬਾਰੇ ਬਹੁਤ ਕੁਝ ਜਾਨਣ ਦੀ ਲੋੜ ਹੈ। ਸੁਹਿਰਦ ਹੋ ਕੇ ਵੀ ਅਸੀਂ ਹੂਸ਼ ਜੰਗਲੀ ਹਰਕਤਾਂ ਕਿਉਂ ਕਰ ਰਹੇ ਹਾਂ ? ਅਸੀਂ ਨਹੀਂ ਸਮਝ ਰਹੇ ? ਹੋਰ ਵੀ ਬਹੁਤ ਕੁਝ ਅਸੀਂ ਨਹੀਂ ਸਮਝ ਰਹੇ: ਅਸੀਂ ਕਿਉਂ ਆਪਣੀ ਨਸਲ ਦੀ ਪੱਧਰ 'ਤੇ ਆਤਮ-ਹੱਤਿਆ ਕਰਨ ਲਈ ਬੇਤਾਬ ਹੋ ਰਹੇ ਹਾਂ, ਅਸੀਂ ਕਿਉਂ ਅਜਿਹੇ ਹਥਿਆਰ ਬਣਾਈ ਜਾ ਰਹੇ ਹਾਂ ਜਿਹੜੇ ਸਮੁੱਚੀ ਮਾਨਵਤਾ ਲਈ ਮੌਤ ਦਾ ਪੈਗ਼ਾਮ ਹਨ ? ਅਸੀਂ ਕਿਉਂ ਆਪਣੀ ਵਸੋਂ ਨੂੰ ਉਸ ਹੱਦ ਤਕ ਪਸਰਨ ਦੇ ਰਹੇ ਹਾਂ, ਜਿੱਥੇ ਜਿਊਣਾ ਤੇ ਨਰਕ ਭੋਗਣਾ ਇਕਸਮਾਨ ਹੋਣਗੇ ? ਅਸੀਂ ਕਿਉਂ ਆਪਣਾ ਆਲਾ-ਦੁਆਲਾ ਅਤੇ ਹਵਾ-ਪਾਣੀ ਇਸ ਹੱਦ ਤਕ ਦੂਸ਼ਿਤ ਕਰ ਛੱਡੇ ਹਨ ਜਿਹੜੇ ਸਾਡੀ ਪਰਵਰਿਸ਼ ਕਰਨ ਦੀ ਬਜਾਏ ਸਾਡੇ ਲਈ ਘਾਤਕ ਸਿੱਧ ਹੋ ਰਹੇ ਹਨ ? ਇਹੋ ਨਹੀਂ, ਨਿਰੋਲ ਸਾਡੀਆਂ ਸਰਗਰਮੀਆਂ ਕਾਰਨ ਮੌਸਮ ਅਤੇ ਰੁੱਤਾਂ ਵੀ ਬਦਲਦੇ ਜਾ ਰਹੇ ਹਨ। ਅਜਿਹਾ ਕੁਝ ਅਸੀਂ ਕਿਉਂ ਕਰੀ ਜਾ ਰਹੇ ਹਾਂ, ਅਸੀਂ ਨਹੀਂ ਸਮਝ ਰਹੇ ਅਤੇ ਅਸੀਂ ਇਹ ਵੀ ਨਹੀਂ ਸਮਝ ਰਹੇ ਕਿ ਜਿਸ ਰਾਹ ਪਏ ਅਸੀਂ ਸਰਪਟ ਦੌੜੇ ਜਾ ਰਹੇ ਹਾਂ, ਉਸ ਦੀ ਸਦੀਵੀ ਬਣੇ ਰਹਿਣਾ ਮੰਜ਼ਿਲ ਨਹੀਂ, ਉਸ ਦੀ 'ਪਰਲੈ' ਮੰਜ਼ਿਲ ਹੈ।



ਅਸੀਂ ਆਪਣੇ ਕੁਦਰਤੀ ਸੁਭਾਅ ਤੋਂ ਮਜਬੂਰ ਹੋ ਕੇ ਭਾਵੇਂ ਅਜਿਹੇ ਰਾਹ ਚੁਣ ਰੱਖੇ ਹਨ, ਹਾਲਾਂਕਿ ਸਾਡਾ ਸੋਚ-ਵਿਚਾਰ ਕਰਨ ਯੋਗ, ਸੂਝਵਾਨ ਦਿਮਾਗ਼ ਹੈ ਜਿਹੜਾ ਅਰਬਾਂ ਵਰ੍ਹਿਆਂ ਦੇ ਵਿਕਾਸ ਉਪਰੰਤ ਸਾਡੇ ਹਿੱਸੇ ਆਇਆ ਸੀ। ਆਪਣੇ ਇਸ ਅੰਗ ਦਾ ਸਹੀ ਉਪਯੋਗ ਅਸੀਂ ਨਹੀਂ ਕਰ ਰਹੇ। ਸਾਡੇ 'ਚੋਂ ਬਹੁਤਿਆਂ ਦੀ ਤਾਂ ਸੋਚਣ ਦੀ ਵੀ ਆਦਤ ਨਹੀਂ। ਇਸੇ ਕਾਰਨ, ਅਸੀਂ ਲਾਈਲਗ ਬਣੇ, ਬਿਨਾਂ ਸੋਚੇ-ਸਮਝੇ, ਉਹ ਕੁਝ ਕਰਨ ਦੇ ਆਦੀ ਹਾਂ ਜੋ ਆਲੇ-ਦੁਆਲੇ ਹੋਰ ਕਰ ਰਹੇ ਹਨ। ਅਸੀਂ ਉਸੇ ਨਾਲ ਨਿਭਦੇ ਰਹਿਣ ਦੇ ਯਤਨ ਕਰਦੇ ਹਾਂ ਜੋ ਅਸੀਂ ਆਪਮੁਹਾਰੇ ਬਚਪਨ ਦੌਰਾਨ ਗ੍ਰਹਿਣ ਕਰ ਲਿਆ ਹੁੰਦਾ ਹੈ। ਸਾਨੂੰ ਨਾ ਪਰਖ ਆਧਾਰਿਤ ਗਿਆਨ ਪ੍ਰਭਾਵਿਤ ਕਰ ਰਿਹਾ ਹੈ ਅਤੇ ਨਾ ਹੀ ਤਰਕ ਜਾਂ ਦਲੀਲਾਂ। ਮਨ ਅੰਦਰ ਬਚਪਨ ਤੋਂ ਸਮਾਅ ਚੁੱਕੀਆਂ ਧਾਰਨਾਵਾਂ ਦੀ ਅਗਵਾਈ ਅਧੀਨ ਅਸੀਂ ਜਿਉਂ ਨਹੀਂ ਰਹੇ, ਸਿਰਫ਼ ਦਿਨ ਕੱਟ ਰਹੇ ਹਾਂ।

ਆਦਿਵਾਸੀ ਅਤੇ ਕਬਾਇਲੀ ਜੀਵਨ ਨੂੰ ਭਾਵੇਂ ਅਸੀਂ ਬਹੁਤ ਪਿੱਛੇ ਛੱਡ ਆਏ ਹਾਂ, ਫਿਰ ਵੀ ਸਾਡੀ ਸੋਚ ਅਤੇ ਸਮਝ ਉਸੇ ਪੱਧਰ 'ਤੇ ਵਿਆਪਕ ਹਨ। ਅਸੀਂ ਬਾਣਾ ਬਦਲ ਲਿਆ ਹੈ, ਖਾਣ-ਪੀਣ ਬਦਲ ਲਿਆ ਹੈ, ਰਹਿਣ-ਸਹਿਣ ਬਦਲ ਲਿਆ ਹੈ, ਪਰ ਸਾਡੀ ਸੋਚ ਨਹੀਂ ਬਦਲੀ। ਪਰਾਏ ਧਾਰਮਿਕ ਵਿਚਾਰ, ਪਰਾਈਆਂ ਜ਼ਾਤਾਂ, ਪਰਾਈਆਂ ਕੌਮਾਂ, ਪਰਾਏ ਸੱਭਿਆਚਾਰਕ ਅਨੁਭਵ। ਇਹ ਸਾਡੇ ਲਈ ਪਰਾਏ ਹੀ ਨਹੀਂ, ਇਨ੍ਹਾਂ ਨੂੰ ਅਸੀਂ ਵਿਰੋਧੀ ਅਤੇ ਵੈਰੀ ਸਮਝ ਕੇ ਇਨ੍ਹਾਂ ਨਾਲ ਨਜਿੱਠਣ ਦੇ ਯਤਨ ਕਰਦੇ ਰਹਿੰਦੇ ਹਾਂ। ਆਪਣੇ-ਆਪ 'ਚ ਵਿਸ਼ਵਾਸ ਦੀ ਘਾਟ ਹੋਣ ਕਾਰਨ ਆਪਣੇ-ਆਪ ਉਪਰ ਨਿਰਭਰ ਹੋ ਕੇ ਸਨਮਾਨ ਨਾਲ ਜਿਊਣ ਦੀ ਬਜਾਏ ਅਸੀਂ ਜੁੰਡਲੀਆਂ 'ਚ ਜੁੜ ਕੇ ਅਤੇ ਅਣਉਚਿਤ ਢੰਗ ਅਪਣਾ ਕੇ ਸੁਆਰਥ ਪੂਰੇ ਕਰਨ ਵਿੱਚ ਨਿਪੁੰਨ ਹੁੰਦੇ ਜਾ ਰਹੇ ਹਾਂ। ਹਾਲਾਂਕਿ ਸਾਂਝੀਵਾਲਤਾ ਧਰਮ ਦਾ ਉਦੇਸ਼ ਹੈ। ਫਿਰ ਵੀ ਧਰਮ ਹੀ ਦੇ ਨਾਮ 'ਤੇ ਵਿਵਾਦ ਖੜ੍ਹੇ ਕੀਤੇ ਜਾ ਰਹੇ ਹਨ, ਪੱਖਪਾਤ ਪਾਲੇ ਜਾ ਰਹੇ ਹਨ ਅਤੇ ਅਤਿਵਾਦ ਨੂੰ ਆਧਾਰ ਅਰਪਣ ਹੋ ਰਹੇ ਹਨ।

ਸਾਡੀ ਸਮੱਸਿਆ ਇਹ ਵੀ ਹੈ ਕਿ ਕੁਝ ਕੁ ਕੋਲ ਲੋੜ ਤੋਂ ਵੱਧ ਹੈ, ਇੰਨਾ ਵੱਧ ਕਿ ਉਹ ਨਹੀਂ ਜਾਣਦੇ ਕਿ ਇਸ ਦਾ ਕਿਵੇਂ ਉਪਯੋਗ ਕੀਤਾ ਜਾਵੇ। ਅਜਿਹਾ ਵਾਧੂਪਣ ਸ਼ਹਿਰ ਸ਼ਹਿਰ ਬੁਸ ਰਿਹਾ ਹੈ। ਦੂਜੇ ਬੰਨੇ, ਬਹੁਤੇ ਅਜਿਹੇ ਹਨ ਜਿਨ੍ਹਾਂ ਦੀਆਂ ਮੂਲ ਲੋੜਾਂ ਵੀ ਪੂਰੀਆਂ ਨਹੀਂ ਹੋ ਰਹੀਆਂ। ਇਹ ਦੋਵੇਂ ਧਿਰਾਂ ਆਪੋ-ਆਪਣੀ ਥਾਵੇਂ ਮਾਨਸਿਕ ਪੱਧਰ 'ਤੇ ਇਸ ਲਈ ਹੁਸੜਿਆ ਅਨੁਭਵ ਕਰ ਰਹੀਆਂ ਹਨ ਕਿਉਂਕਿ ਇਕਨਾਂ ਨੂੰ ਸਹੂਲਤਾਂ ਉਪਲੱਬਧ ਹੋਣ ਦੇ ਬਾਵਜੂਦ ਆਪਣੀਆਂ ਸੱਧਰਾਂ ਪੂਰੀਆਂ ਕਰਨ ਦੀ ਜਾਚ ਨਹੀਂ ਅਤੇ ਦੂਜਿਆਂ ਦੀਆਂ ਸੱਧਰਾਂ ਪੂਰੀਆਂ ਹੋਣ ਦੀ ਸੰਭਾਵਨਾ ਨਹੀਂ।

ਸਮਾਜਿਕ ਪ੍ਰਸਥਿਤੀਆਂ ਆਪਣੀ ਥਾਵੇਂ, ਵਿਅਕਤੀਗਤ ਪੱਧਰ 'ਤੇ ਵੀ ਅਸੀਂ ਆਪਣੀਆਂ ਸੁਭਾਵਿਕ ਕਮਜ਼ੋਰੀਆਂ ਕਾਰਨ ਨਿੱਘਰਦੇ ਜਾ ਰਹੇ ਹਾਂ। ਅਸੀਂ ਪਰਲੇ ਦਰਜੇ ਦੇ ਚਾਪਲੂਸ ਬਣਦੇ ਜਾ ਰਹੇ ਹਾਂ। ਇਸ ਹੱਦ ਤਕ ਖ਼ੁਸ਼ਾਮਦੀ ਕਿ ਵਿਅਕਤੀ ਕੁਰਸੀ 'ਤੇ ਬਿਰਾਜਮਾਨ ਹੋਇਆ ਨਹੀਂ ਕਿ ਅਸੀਂ ਝੱਟ ਉਸ ਦੇ ਗੋਡੇ ਛੋਹੇ ਨਹੀਂ। ਸਾਡੇ ਅਜਿਹੇ ਸੁਭਾਅ ਨੂੰ ਪ੍ਰਦਰਸ਼ਿਤ ਕਰਦੀ ਦੋ ਵਿਅਕਤੀਆਂ ਵਿਚਕਾਰ ਇੱਕ ਵਾਰਤਾਲਾਪ ਮੈਨੂੰ ਯਾਦ ਆ ਰਹੀ ਹੈ। ਸੇਵਾਮੁਕਤ ਹੋ ਚੁੱਕੇ ਇੱਕ ਵਾਈਸ ਚਾਂਸਲਰ ਨੂੰ ਉਸ ਦੇ ਕਦੀ ਸਲਾਹਕਾਰ ਰਹੇ, ਯੂਨੀਵਰਸਿਟੀ ਦੇ ਇੱਕ ਅਧਿਕਾਰੀ ਨੇ ਜਦੋਂ ਉਸ ਦੀ ਸਿਹਤ ਬਾਰੇ ਪੁੱਛਿਆ ਤਾਂ ਅੱਗੋਂ ਉੱਤਰ ਮਿਲਿਆ: "ਪਹਿਲਾਂ ਤੁਸੀਂ ਮੇਰੇ ਗੋਡੇ ਛੋਂਹਦੇ ਰਹੇ ਸੀ, ਇਹ ਨਰਮ ਰਹਿੰਦੇ ਸਨ। ਅੱਜਕੱਲ੍ਹ ਇਹ ਤੁਹਾਡੇ ਸਪਰਸ਼ ਨੂੰ ਤਾਂਘਦੇ ਹੋਏ, ਆਠਰੇ ਪਏ ਹਨ ਅਤੇ ਮੈਨੂੰ ਪ੍ਰੇਸ਼ਾਨ ਕਰ ਰਹੇ ਹਨ।"

ਅੱਜ ਸਾਡਾ ਸਮਾਜ ਗੋਡੇ ਛੁਹਾ ਰਹੇ ਅਤੇ ਛੋਹ ਰਹੇ ਵਰਗਾਂ 'ਚ ਭਲੀ ਪ੍ਰਕਾਰ ਵੰਡਿਆ ਹੋਇਆ ਹੈ। ਕੁਝ ਹੋਰ ਕਰਨ ਦੀ ਜਾਚ ਵਿਸਰਦੀ ਜਾ ਰਹੀ ਹੈ। ਕੁਰਸੀ 'ਤੇ ਬਿਰਾਜਮਾਨ ਬਹੁਤਿਆਂ 'ਚੋਂ ਕਈ ਉਸ ਸਤਿਕਾਰ ਅਤੇ ਸਨਮਾਨ ਦੇ ਪਾਤਰ ਹੁੰਦੇ ਵੀ ਨਹੀਂ, ਜਿਨ੍ਹਾਂ ਨੂੰ ਅਸੀਂ ਆਪਣੇ ਵਤੀਰੇ ਦੁਆਰਾ ਜਚਾ ਦਿੰਦੇ ਹਾਂ ਕਿ ਉਹ ਇਸ ਦੇ ਯੋਗ ਪੁਰਸ਼ ਹਨ। ਫਿਰ, ਹਰ ਇੱਕ ਵਿਅਕਤੀ ਇੱਕੋ ਸਮੇਂ ਦੋ ਬੇੜੀਆਂ 'ਚ ਸਵਾਰ ਹੈ; ਸੂਝ-ਸਮਝ ਦੀ ਬੇੜੀ 'ਚ ਅਤੇ ਲਾਲਸਾਵਾਂ ਦੀ ਬੇੜੀ 'ਚ। ਇਹ ਦੋਵੇਂ ਬੇੜੀਆਂ ਇੱਕ ਦੂਜੀ ਨਾਲ ਠਹਿਕਦੀਆਂ ਰਹਿੰਦੀਆਂ ਹਨ ਅਤੇ ਦੁਚਿੱਤੀਆਂ 'ਚ ਘਿਰੇ ਅਸੀਂ ਨਾ ਇਧਰ ਦੇ ਰਹਿ ਰਹੇ ਹਾਂ, ਨਾ ਓਧਰ ਦੇ। ਮੁੱਢੋਂ ਹੀ ਅਸੀਂ ਇਨ੍ਹਾਂ ਦੋ ਪਰਸਪਰ ਵਿਰੋਧੀ ਪ੍ਰਸਥਿਤੀਆਂ ਨੂੰ ਇਕਸੁਰ ਕਰਨ ਦੇ ਯਤਨ ਕਰਦੇ ਆ ਰਹੇ ਹਾਂ। ਇਸ ਮੰਤਵ ਨਾਲ ਧਰਮ ਟਿੱਲ ਲਾ ਚੁੱਕੇ, ਫਿਲਾਸਫਰ ਸੋਚ ਥੱਕੇ ਅਤੇ ਕਲਾਕਾਰ ਉਪਰਾਲੇ ਕਰ ਬੈਠੇ, ਪਰ ਕੀਤੇ ਗਏ ਯਤਨ, ਯਤਨਾਂ ਦੀ ਹੱਦ ਨਾ ਫਲਾਂਗ ਸਕੇ। ਸੂਝ ਅਤੇ ਲਾਲਸਾਵਾਂ ਵਿਚਕਾਰ ਤਕਰਾਰ, ਪਹਿਲਾਂ ਵਾਂਗ, ਅੱਜ ਵੀ ਜਾਰੀ ਹੈ। ਜਿੱਥੇ ਸੂਝ ਸਾਨੂੰ ਭਲੇ ਜੀਵਨ ਦਾ ਰਾਹ ਦਿਖਾ ਰਹੀ ਹੈ, ਉੱਥੇ ਲਾਲਸਾਵਾਂ ਸਾਨੂੰ ਸੁਆਰਥੀ ਘੇਰੇ 'ਚੋਂ ਬਾਹਰ ਨਹੀਂ ਆਉਣ ਦੇ ਰਹੀਆਂ। ਲਾਲਸਾਵਾਂ ਸਾਨੂੰ ਵਿਰਸੇ 'ਚ ਮਿਲਦੀਆਂ ਹਨ। ਇਸ ਲਈ ਇਹ ਸਾਡੇ ਉਪਰ ਸਹਿਜ ਹਾਵੀ ਹੋ ਜਾਂਦੀਆਂ ਹਨ ਜਦੋਂਕਿ ਸੂਝ ਵਿਰਸੇ 'ਚ ਨਹੀਂ ਮਿਲਦੀ, ਇਸ ਦੀ ਸਾਨੂੰ ਪਾਲਣਾ ਕਰਨੀ ਪੈਂਦੀ ਹੈ। ਕੁਆਰੀ ਸੂਝ ਨਾਲ ਮੋਹ ਪਾਲਣ ਲਈ ਇਸ ਨੂੰ ਗਿਆਨ ਦੁਆਰਾ ਟੁੰਬ-ਟੁੰਬ ਹਲੂਣਦੇ ਰਹਿਣਾ ਪੈਂਦਾ ਹੈ ਅਤੇ ਅਜਿਹਾ ਕਰਨ ਯੋਗ ਸਾਡੇ 'ਚੋਂ ਬਹੁਤੇ ਨਹੀਂ ਹਨ। ਪ੍ਰਗਤੀ ਕਾਰਨ ਬਹੁਤੇ ਪਹਿਲਾਂ ਨਾਲੋਂ ਵਧੀਆ ਤਾਂ ਭਾਵੇਂ ਨਹੀਂ, ਪਰ ਸੁਖਾਲਾ ਜੀਵਨ ਬਿਤਾ ਰਹੇ ਹਨ। ਇਸ ਦੇ ਬਾਵਜੂਦ ਕੁਝ ਅਜਿਹੇ ਵੀ ਹਨ ਜਿਹੜੇ ਆਪਣੇ ਜੀਵਨ ਨਾਲ ਸੰਤੁਸ਼ਟ ਹਨ। ਵਿਆਪਕ ਸਥਿਤੀ ਇਹ ਹੈ ਕਿ ਜੋ ਵੀ ਜਿਸ ਕੋਲ ਹੈ, ਉਸ ਨਾਲ ਉਹ ਸੰਤੁਸ਼ਟ ਨਹੀਂ; ਉਸ ਦੀਆਂ ਅਪੂਰਨ ਸੱਧਰਾਂ ਉਸ ਨੂੰ ਵਿਗੋਚ ਦਾ ਅਨੁਭਵ ਕਰਵਾਉਂਦੀਆਂ ਨਹੀਂ ਥੱਕਦੀਆਂ। ਗ਼ਾਲਿਬ ਨੇ ਇਸ ਸਥਿਤੀ ਨੂੰ ਇਉਂ ਬਿਆਨਿਆ:

ਹਜ਼ਾਰੋਂ ਖ੍ਵਾਹਿਸ਼ੇਂ ਐਸੀ ਕਿ ਹਰ ਖ੍ਵਾਹਿਸ਼ ਪੇ ਦਮ ਨਿਕਲੇ,
ਬਹੁਤ ਨਿਕਲੇ ਮੇਰੇ ਅਰਮਾਨ, ਲੇਕਿਨ ਫਿਰ ਕੀ ਕਮ ਨਿਕਲੇ।

ਸੱਚ ਤਾਂ ਇਹ ਹੈ ਕਿ ਨਾ ਗਿਆਨ ਬਿਨਾਂ ਢੋਈ ਹੈ ਅਤੇ ਨਾ ਸਿਆਣਪ ਬਿਨਾਂ ਸੂਝ ਸੰਚਾਰੀ। ਸਾਨੂੰ ਆਪਣੇ-ਆਪ ਨੂੰ ਕਬਾਇਲੀ ਸੋਚ ਤੋਂ ਉਪਰ ਉਭਾਰਨ ਦੀ ਲੋੜ ਹੈ ਅਤੇ ਸੁਆਰਥੀ ਹਿੱਤਾਂ ਨੂੰ ਲਾਂਭੇ ਕਰਕੇ ਆਪਣੇ-ਆਪ ਨੂੰ ਸਮਝਣ ਦੀ ਲੋੜ ਹੈ। ਭਾਵਨਾਵਾਂ ਨਾ ਤਰਕ ਦਾ ਬਦਲ ਹੋ ਸਕਦੀਆਂ ਹਨ ਅਤੇ ਨਾ ਸੂਝ-ਸਮਝ ਦਾ। ਸਾਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਜੇਕਰ ਅਸੀਂ ਮਾਨਵ ਹਾਂ ਤਾਂ ਫਿਰ ਕਿਉਂ ਅਸੀਂ ਵਣਾਂ 'ਚ ਵਿਚਰ ਰਹੇ ਮਾਨਸ ਵਾਂਗ ਵਿਚਰ ਰਹੇ ਹਾਂ ?

(ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)

# PANNU'S LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200

**IMMIGRATION**

★ PETITIONS ★ VISAS ★ POLITICAL ASYLUM ★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**

★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S PASSPORT & VISA SERVICES

indiavisa123@gmail.com • FAX 510.279.7624

**VISA IN ONE DAY**

M.K. Pannu (Owner)

Indian Passport | India Visa in 1 Day | OCI | US Passport

Power of Attorney & Other Services

**510.677.8440**

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St. #445 SAN FRANCISCO (OPPOSITE INDIA VISA CENTER)

## Serving Around the World Community Since 1994

We Specialize to Asia, Europe, Middle East, Africa, Australia & etc.

Special fares to :

**SFO TO DEL**
**LAX TO DEL**

SERVICE TRUST SKYWAY TRAVEL DOMESTIC and INTERNATIONAL

Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345



# Raja SWEETS & CATERING

AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders



Raja SWEETS & CATERING Presents PARADISE BALLROOMS banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

ਧਾਰਮਿਕ ਅਜ਼ਾਦੀਆਂ ਦੇ ਪਹਿਰੇਦਾਰ ਸਿੱਖ ਧਰਮ ਦੇ 6ਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਇਤਿਹਾਸਕ ਦੇਣ
ਮੁਗਲ ਬਾਦਸ਼ਾਹ ਵਲੋਂ ਕਿਲ੍ਹੇ 'ਚ ਕੈਦ ਕੀਤੇ 52 ਹਿੰਦੂ ਰਾਜਿਆਂ ਦੀ ਬਿਨਾਂ ਸ਼ਰਤ ਮੁਕਤੀ

# ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ

**1280 WINNETKA ST. PALATINE IL 60067, Contact : (847) 358-1117**

## ਬੰਦੀ ਛੋੜ ਦਿਵਸ ਦੀਆਂ ਲੱਖ ਲੱਖ ਵਧਾਈਆਂ

ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਸਿੱਖ ਰਿਲੀਜੀਅਸ ਸੁਸਾਇਟੀ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 1 ਫੱਗਣ ੫੪੯ (12 ਫਰਵਰੀ, 2018) ਦਿਨ ਸੋਮਵਾਰ ਨੂੰ ਬੰਦੀ ਛੋੜ ਦਿਵਸ ਮਨਾਇਆ ਜਾ ਰਿਹਾ ਹੈ। ਪ੍ਰਬੰਧਕਾਂ ਵੱਲੋਂ ਸ਼ਿਕਾਗੋ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰਨ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ। ਛੇਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਈ ਹੋਣ ਤੇ ਸੰਗਤਾਂ ਵੱਲੋਂ ਖ਼ੁਸ਼ੀਆਂ ਮਨਾਈਆਂ ਗਈਆਂ ਸਨ। ਗੁਰੂ ਸਾਹਿਬ ਨੇ ਆਪਣੇ ਨਾਲ ਕਿਲੇ ਵਿਚੋਂ 52 ਹਿੰਦੂ ਰਾਜਿਆਂ ਦੀ ਵੀ ਰਿਹਾਈ ਕਰਵਾਈ ਸੀ।



ਸੋਮਵਾਰ 12 ਫਰਵਰੀ, 2018 ਨੂੰ ਸ਼ਾਮ 6:00 ਵਜੇ ਤੋਂ 8:30 ਵਜੇ ਤੱਕ ਸ਼ਬਦ ਕੀਰਤਨ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ ਜਿਸ ਵਿਚ ਗੁਰਦੁਆਰਾ ਸਾਹਿਬ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਤੇ ਕੀਰਤਨੀ ਜਥਾ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦਾ ਜਥਾ ਹਾਜ਼ਰੀ ਭਰੇਗਾ। ਐਤਵਾਰ 18 ਫਰਵਰੀ, 2018 ਨੂੰ ਵੀ ਬੰਦੀ ਛੋੜ ਦਿਵਸ ਸਬੰਧੀ ਸਵੇਰੇ 9:00 ਵਜੇ ਤੋਂ 1:30 ਵਜੇ ਤੱਕ ਦੀਵਾਨ ਸਜਾਏ ਜਾਣਗੇ। ਇਸ ਦੇ ਨਾਲ ਹੀ 12 ਫਰਵਰੀ ਨੂੰ ਦਮਦਮੀ ਟਕਸਾਲ ਦੇ 14ਵੇਂ ਮੁੱਖੀ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਜਨਮ ਦਿਨ ਮਨਾਇਆ ਜਾਵੇਗਾ।

SIKH Religious Society
PALATINE GURDWARA

**ਦਾਸਰੇ : ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਪੈਲਾਟਾਈਨ**

**1280 Winnetka Street, Palatine, IL 60067 Ph: (847) 358-1117**

Website: www.srschicago.org Email: contactus@srschicago.org

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।

- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

**ਸੰਪਰਕ:**
**ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578**

**NOW OPEN IN MODESTO/CERES**



G.S. Pannu
Immigration Consultant-LDA

# PANNU'S
**LEGAL SERVICES** (Regd. & Bonded)

**510.677.5200**

**IMMIGRATION** ivisapass@gmail.com

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Religious
  - ... & related matters

Family Petitions **FREE**

**DIVORCE**
- Petitions
- Child Support
- Child Visitation
- Child Custody
- Modification
- ...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
RADIO GAL PUNJAB DI USA
Download on the App Store | ANDROID APP ON Google Play
Live on Facebook | Video on YouTube
www.radiogalpunjabdiusa.com

POWER OF ATTORNEY CREDIT REPAIR/CLEAR
SMALL CLAIM COURT CASES ...& help in legal documents preparation

**FREMONT**
40757 GRIMMER BLVD, CA 94538

**MODESTO/CERES**
3810 EAU CLAIRE AVE, CA 95307

# ਇੰਗਲੈਂਡ ਦੀਆਂ 225 ਗੁਰਦੁਆਰਾ ਕਮੇਟੀਆਂ ਭਾਰਤੀ ਨੁਮਾਇੰਦਿਆਂ ਉੱਤੇ ਲਾਈਆਂ ਰੋਕਾਂ ਨਾਲ ਸਹਿਮਤ

ਲੰਡਨ/ ਸਿੱਖ ਸਿਆਸਤ ਬਿਊਰੋ:
ਇੰਗਲੈਂਡ ਦੀਆਂ 10 ਸਿੱਖ ਜਥੇਬੰਦੀਆਂ ਦੇ ਤਾਲਮੇਲ ਵਾਲੀ ਜਥੇਬੰਦੀ "ਫੈਡਰੇਸ਼ਨ ਆਫ ਸਿੱਖ ਆਗਰੇਨਾਈਜ਼ੇਸ਼ਨਸ" (ਐਫ. ਐਸ. ਓ.) ਵੱਲੋਂ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਇੰਗਲੈਂਡ ਦੇ 225 ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਨੇ ਭਾਰਤੀ ਨੁਮਾਇੰਦਿਆਂ ਦੇ ਸਰਕਾਰੀ ਦੌਰਿਆਂ 'ਤੇ ਰੋਕ ਲਾਉਣ ਦੇ ਫੈਸਲੇ ਨਾਲ ਸਹਿਮਤੀ ਪਰਗਟਾਈ ਹੈ। ਜ਼ਿਕਰਯੋਗ ਹੈ ਕਿ ਕਨੇਡਾ ਦੇ ਓਂਟਾਰੀਓ ਸੂਬੇ ਦੀਆਂ ਮੁੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਜਨਵਰੀ 2018 ਵਿੱਚ ਭਾਰਤੀ ਸਫੀਰਾਂ ਤੇ ਹੋਰ ਭਾਰਤੀ ਨੁਮਾਇੰਦਿਆਂ ਨੂੰ ਗੁਰਦੁਆਰਾ ਸਾਹਿਬਾਨ ਦੇ ਮੰਚ ਤੋਂ ਬੋਲਣ ਦੀ ਇਜਾਜ਼ਤ ਨਾ ਦੇਣ ਦਾ ਐਲਾਨ ਕੀਤਾ ਗਿਆ ਸੀ। ਕਨੇਡਾ ਦੀਆਂ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਐਲਾਨ ਕੀਤਾ ਸੀ ਕਿ ਇਹ ਫੈਸਲਾ ਭਾਰਤੀ ਨੁਮਾਇੰਦਿਆਂ ਵੱਲੋਂ ਸਿੱਖ ਪੰਥ ਦੇ ਅੰਦਰੂਨੀ ਮਾਮਲਿਆਂ ਵਿੱਚ ਕੀਤੀ ਜਾਂਦੀ ਬੇਲੋੜੀ ਦਖਅੰਦਾਜ਼ੀ ਨੂੰ ਰੋਕਣ ਲਈ ਲਿਆ ਗਿਆ ਹੈ। ਇਸ ਤੋਂ ਬਾਅਦ ਅਮਰੀਕਾ, ਇੰਗਲੈਂਡ, ਯੂਰਪ ਤੇ ਆਸਟ੍ਰੇਲੀਆ ਦੇ ਸਿੱਖ ਭਾਈਚਾਰੇ ਵੱਲੋਂ ਵੀ ਭਾਰਤੀ ਨੁਮਾਇੰਦਿਆਂ ਦੇ ਸਰਕਾਰੀ ਦੌਰਿਆਂ 'ਤੇ ਰੋਕ ਲਾਉਣ ਦਾ ਐਲਾਨ ਕਰ ਦਿੱਤਾ ਸੀ। ਐਫ. ਐਸ. ਓ. ਨੇ ਆਪਣੇ ਬਿਆਨ ਵਿੱਚ


ਐਫ. ਐਸ. ਓ. ਆਗੂਆਂ ਦੀ ਇਕ ਪੁਰਾਣੀ ਤਸਵੀਰ

ਕਿਹਾ ਹੈ ਕਿ ਇੰਗਲੈਂਡ ਦੇ ਬਹੁਤੇ ਗੁਰੂਘਰਾਂ ਵਿੱਚ 1984 ਦੇ ਘੱਲੂਘਾਰੇ ਤੋਂ ਬਾਅਦ ਭਾਰਤ ਸਰਕਾਰ ਦੇ ਨੁਮਾਇੰਦਿਆਂ ਦੇ ਸਰਕਾਰੀ ਦੌਰਿਆਂ 'ਤੇ ਰੋਕ ਲੱਗ ਗਈ ਸੀ ਜੋ ਕਿ ਅੱਜ ਤੱਕ ਜਾਰੀ ਹੈ। ਜਥੇਬੰਦੀ ਨੇ ਕਿਹਾ ਕਿ ਹੁਣ ਤੱਕ ਇੰਗਲੈਂਡ ਦੇ 225 ਗੁਰਦੁਆਰਾ ਸਾਹਿਬਾਨ ਨੇ ਇਸ ਰੋਕ ਦੇ ਜਾਰੀ ਰਹਿਣ ਦੀ ਪੁਸ਼ਟੀ ਕਰ ਦਿੱਤੀ ਹੈ।
ਉਨ੍ਹਾਂ ਭਾਰਤੀ ਮੀਡੀਆ ਵਿੱਚ ਨਸ਼ਰ ਹੋਈਆਂ ਉਨ੍ਹਾਂ ਖਬਰਾਂ ਦਾ ਖੰਡਨ ਕੀਤਾ ਹੈ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ 'ਕਾਲੀ ਸੂਚੀ" ਦੇ ਡਰੋਂ ਕਮੇਟੀਆਂ ਰੋਕ ਦੇ ਫੈਸਲੇ ਤੋਂ ਪਿੱਛੇ ਹਟਣ ਲੱਗ ਪਈਆਂ ਹਨ।


ਸਰਬ ਰੋਗ ਕਾ ਅਉਖਦੁ ਨਾਮੁ ਮਿਸ਼ਨ ਚੰਡੀਗੜ੍ਹ
ਰੋਗ ਨਿਵਾਰਨ ਕੈਂਪ


Founder president
S. Hardial Singh JI
IAS Retd.

ਕੈਂਪਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜੂਰੀ ਅੰਦਰ ਸੰਗਤੀ ਰੂਪ ਵਿਚ ਪਾਠ ਸ੍ਰੀ ਸੁਖਮਨੀ ਸਾਹਿਬ, ਰੋਗ ਨਵ੍ਰਿਤੀ ਸ਼ਬਦ ਜਾਪ, ਨਾਮ ਜਾਪ ਅਤੇ ਗੁਰਮਤਿ ਵੀਚਾਰਾਂ ਦੇ ਨਾਲ ਨਾਲ, ਰੋਗਾਂ ਦੇ ਮੂਲ ਕਾਰਨਾ ਦੀ ਵੀਚਾਰ ਵੀ ਹੁੰਦੀ ਹੈ।ਸਤਿਗੁਰੂ ਪਾਤਸ਼ਾਹ ਜੀ ਦੀ ਮਿਹਰ ਸਦਕਾ ਅਧਿਆਤਮਕ ਮਾਰਗ ਦੀ ਵਡਮੁੱਲੀ ਬਖਸ਼ਿਸ਼ ਪ੍ਰਾਪਤ ਗੁਰਮੁਖ ਸ. ਹਰਦਿਆਲ ਸਿੰਘ ਜੀ (IAS Retd.) ਦੀ ਪ੍ਰੇਰਣਾ ਸਦਕਾ 1983 ਤੋਂ ਭਾਰਤ ਅਤੇ 1995 ਤੋਂ ਵਿਦੇਸ਼ਾਂ ਵਿੱਚ ਲਗਦੇ ਕੈਂਪਾਂ ਵਿੱਚ ਹਾਜ਼ਰੀ ਭਰ ਕੇ ਹੁਣ ਤੱਕ ਅਨੇਕਾਂ ਪ੍ਰਾਣੀ ਸਾਧ/ਅਸਾਧ ਰੋਗਾਂ ਤੋਂ ਰਾਹਤ ਪ੍ਰਾਪਤ ਕਰ ਚੁੱਕੇ ਹਨ। ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਕੈਂਪਾਂ ਵਿਚ ਹਾਜ਼ਰੀ ਭਰ ਕੇ ਦੁੱਖਾਂ/ ਰੋਗਾਂ ਤੋਂ ਰਾਹਤ ਅਤੇ ਨਾਮ / ਗੁਰਬਾਣੀ ਦੀ ਸੋਝੀ ਪ੍ਰਾਪਤ ਕਰਨ ਦੇ ਅਮੁੱਲ ਅਵਸਰ ਦਾ ਲਾਹਾ ਪ੍ਰਾਪਤ ਕਰੋ ਜੀ।


Dr. Balwant Singh JI
Head of Ludhiana branch

ਨੋਟ: ਮਿਸ਼ਨ ਵਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਦੁਆਈ ਸਬੰਧੀ ਕੋਈ ਵੀ ਫੈਸਲਾ ਵੀਰ ਭੈਣ ਕੇਵਲ ਆਪਣੇ ਡਾਕਟਰ ਦੀ ਸਲਾਹ ਨਾਲ ਹੀ ਕਰਨ।

DR. BALWANT SINGH JI WILL PARTICIPATE IN CAMP
DR. BALWAT SINGH JI 248-982-5942 EMAIL: info@gurunanakhealing.com

CAMPS IN CALIFORNIA USA

1. BAKERSFIELD, CA
FEBRUARY 18 TO 21 3PM TO 8PM
GURDWARA GURU DASHMESH DARBAR
7000 WIBLE ROAD, BAKERSFIED,CA 661-831-7222
BHAI BALDEV SINGH 661-220-2713
BHAI RAJVIR SINGH SANDHU 408-234-4687

2. MODESTO,CA
FEBRUARY 22 TO 25 3PM TO 8 PM
SIKH TEMPLE MODESTO-CERES
5713 E. HATCH RD, HUGHSON,CA, 209-538-4100
AVTAR SINGH GILL 209-595-4349 avtargill0310@ gmail.com
JAIPAL SINGH 209-202-5935

INFORMATION FOR ALL CAMPS PLEASE CALL
BHAI RAM SINGH 714-883-9805

SARAB ROG KA AUKHAD NAAM TV IS AVAILABLE ON ALL IP BOXES AND GURBANIHEALING.COM
CANADA:
14 AUTOMATIC ROAD UNIT 50, BRAMPTON, ONTARIO L6S 5N5, PH: 647-527-1517
EMAIL: INFO@GURBANIHEALING.COM WWW.GURBANIHEALING .COM
INFO@GURUNANAKHEALING.COM WWW.GURUNANAKHEALING.COM
WWW.CURESBYGURBANI.COM


## ਸ੍ਰੀ ਗੁਰੂ ਸਿੰਘ ਸਭਾ ਨੇ ਵੀ ਕੀਤੀ ਚਰਨਜੀਤ ਸਿੰਘ ਚੱਢਾ ਦੀ ਛੁੱਟੀ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਲਗਭਗ ਇੱਕ ਸਦੀ ਪੁਰਾਣੀ ਧਾਰਮਿਕ ਸੰਸਥਾ ਸ੍ਰੀ ਗੁਰੂ ਸਿੰਘ ਸਭਾ ਵਲੋਂ ਵੀ ਚੀਫ ਖਾਲਸਾ ਦੀਵਾਨ ਦੇ ਅਹੁਦਿਓਂ ਲਾਹੇ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੀ ਸੰਸਥਾ ਵਿਚ ਮੁਢਲੀ ਮੈਂਬਰਸ਼ਿਪ ਸਰਵ ਸੰਮਤੀ ਨਾਲ ਖਾਰਜ ਕਰ ਦਿੱਤੀ ਗਈ ਹੈ। ਇਹ ਕਾਰਵਾਈ ਇਤਰਾਜ਼ਯੋਗ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਚਰਨਜੀਤ ਸਿੰਘ ਚੱਢਾ ਵਿਰੁਧ ਉਨ੍ਹਾਂ ਨੂੰ ਖਾਲਸਾ ਕਾਲਜ ਗਵਰਨਿੰਗ ਕੌਂਸਲ ਸਮੇਤ ਵੱਖ ਵੱਖ ਸੰਸਥਾਵਾਂ ਵੱਲੋਂ ਅਹੁਦਿਆਂ ਤੋਂ ਲਾਹੇ ਜਾਣ ਦੇ ਸਿਲਸਿਲੇ ਦਾ ਹਿੱਸਾ ਹੈ।
ਦੂਜੇ ਪਾਸੇ ਚੀਫ ਖਾਲਸਾ ਦੀਵਾਨ ਵਲੋਂ ਚੱਢਾ ਨੂੰ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਮਗਰੋਂ ਨਵੇਂ ਪ੍ਰਧਾਨ ਦੀ ਚੋਣ ਵਾਸਤੇ ਫਿਲਹਾਲ ਦੀਵਾਨ ਦੇ ਜਨਰਲ ਹਾਊਸ ਦੀ ਮੀਟਿੰਗ ਨਹੀਂ ਸੱਦੀ ਗਈ।
ਚਰਨਜੀਤ ਸਿੰਘ ਚੱਢਾ ਦੀ ਇਤਰਾਜ਼ਯੋਗ ਵੀਡਿਓ ਜਾਰੀ ਹੋਣ ਮਗਰੋਂ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ 'ਤੇ ਚੀਫ ਖਾਲਸਾ ਦੀਵਾਨ ਵਲੋਂ ਉਸ ਨੂੰ ਪ੍ਰਧਾਨ ਦੇ ਅਹੁਦੇ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਹਟਾ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਖਾਲਸਾ ਕਾਲਜ ਗਵਰਨਿੰਗ ਕੌਂਸਲ ਵਲੋਂ ਉਸ ਨੂੰ ਉਪ ਪ੍ਰਧਾਨ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਹੁਣ ਇਸ ਮਾਮਲੇ ਵਿਚ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਰਜਿਸਟਰਡ ਦੀ ਜਨਰਲ ਬਾਡੀ ਦੀ ਬੀਤੇ ਕਲ ਹੋਈ ਇਕ ਮੀਟਿੰਗ ਵਿਚ ਸਰਵ ਸੰਮਤੀ ਨਾਲ ਮਤਾ ਪਾਸ ਕਰਕੇ ਚਰਨਜੀਤ ਸਿੰਘ ਚੱਢਾ ਨੂੰ ਸੰਸਥਾ ਦੀ ਮੁਢਲੀ ਮੈਂਬਰਸ਼ਿਪ ਤੋਂ ਖਾਰਜ ਕਰ ਦਿੱਤਾ ਗਿਆ ਹੈ। ਅੰਮ੍ਰਿਤਸਰ ਵਿਚ ਇਸ ਦੇ ਲਗਪਗ 120 ਮੈਂਬਰ ਹਨ। ਜਨਰਲ ਬਾਡੀ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਸਭਾ ਦੇ ਆਗੂ ਸ੍ਰੀ ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਨੇ ਦਸਿਆ ਕਿ ਮੀਟਿੰਗ ਵਿਚ 50 ਫੀਸਦ ਤੋਂ ਵੱਧ ਮੈਂਬਰ ਹਾਜ਼ਰ ਸਨ। ਮੀਟਿੰਗ ਵਿਚ ਪ੍ਰਧਾਨ ਅਤੇ ਜਨਰਲ ਸਕੱਤਰ ਦੇ ਅਹੁਦਿਆਂ ਵਾਸਤੇ ਚੋਣ ਕੀਤੀ ਗਈ। ਮੈਂਬਰਾਂ ਵਲੋਂ ਸਰਵ ਸੰਮਤੀ ਨਾਲ ਸ੍ਰੀ ਅਨੂਪ ਸਿੰਘ ਵਿਰਦੀ ਨੂੰ ਪ੍ਰਧਾਨ ਅਤੇ ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਨੂੰ ਜਨਰਲ ਸਕੱਤਰ ਚੁਣਿਆ ਗਿਆ ਹੈ। ਮੀਟਿੰਗ ਦੌਰਾਨ ਹੀ ਇਕ ਮੈਂਬਰ ਵਲੋਂ ਸ੍ਰੀ ਅਕਾਲ ਤਖ਼ਤ ਦੇ ਆਦੇਸ਼ਾਂ ਦੀ ਰੋਸ਼ਨੀ ਵਿਚ ਚਰਨਜੀਤ ਸਿੰਘ ਚੱਢਾ ਦੀ ਮੁੱਢਲੀ ਮੈਂਬਰਸਿਪ ਖਾਰਜ ਕਰਨ ਦਾ ਮਤਾ ਰੱਖਿਆ ਗਿਆ, ਜਿਸ ਨੂੰ ਸਰਵਸੰਮਤੀ ਨਾਲ ਸਹਿਮਤੀ ਦਿੱਤੀ ਗਈ ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਸੰਸਥਾ ਵਲੋਂ ਪਲੱਸ ਵੰਨ ਜਾਂ ਪਲੱਸ ਟੂ ਪਾਸ ਕਿਸੇ ਲੋੜਵੰਦ ਗੁਰਸਿੱਖ ਵਿਦਿਆਰਥੀ ਦੀ ਚੋਣ ਕੀਤੀ ਜਾਵੇਗੀ, ਜਿਸ ਨੂੰ ਸੰਸਥਾ ਦੇ ਖਰਚੇ 'ਤੇ ਸਿਵਲ ਸਰਵਿਸਿਜ਼ ਪ੍ਰੀਖਿਆਵਾਂ ਵਾਸਤੇ ਤਿਆਰ ਕੀਤਾ ਜਾਵੇਗਾ। ਇੰਜ ਸਿੱਖ ਸੰਸਥਾ ਵਲੋਂ ਯੋਗ ਗੁਰਸਿੱਖ ਅਧਿਕਾਰੀ ਸਮਾਜ ਨੂੰ ਦਿੱਤੇ ਜਾਣਗੇ।

## ਚੇਲਿਆਂ ਨੂੰ ਨਿਪੁੰਸਕ ਬਣਾਉਣ ਦੇ ਮਾਮਲੇ 'ਚ ਡੇਰਾ ਮੁਖੀ ਨੂੰ ਸੰਮਨ

**ਚੰਡੀਗੜ੍ਹ/ਬਿਊਰੋ ਨਿਊਜ਼ :** ਸੀ. ਬੀ. ਆਈ. ਦੀ ਪੰਚਕੂਲਾ ਸਥਿਤ ਵਿਸ਼ੇਸ਼ ਅਦਾਲਤ ਨੇ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ ਆਪਣੇ ਚੇਲਿਆਂ ਨੂੰ ਨਾਮਰਦ ਬਣਾਉਣ ਦੇ ਮਾਮਲੇ 'ਚ 28 ਫਰਵਰੀ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਹੈ। ਅਦਾਲਤ ਨੇ ਇਸ ਦੇ ਨਾਲ ਹੀ ਇਸ ਮਾਮਲੇ ਵਿਚ ਦੋ ਹੋਰ ਦੋਸ਼ੀਆਂ ਡਾ. ਪੰਕਜ ਗਰਗ ਤੇ ਡਾ. ਐਮ ਪੀ ਸਿੰਘ ਨੂੰ ਵੀ ਡੇਰੇ ਦੇ 400 ਪ੍ਰੇਮੀਆਂ' ਨੂੰ ਨਾਮਰਦ ਬਣਾਉਣ ਦੇ ਮਾਮਲੇ ਵਿਚ ਸੰਮਨ ਭੇਜੇ ਹਨ। ਡਾ. ਗਰਗ ਤੇ ਡਾ. ਐਮ ਪੀ ਸਿੰਘ ਦੋਵੇਂ ਡੇਰੇ ਦੇ ਹਸਪਤਾਲ ਵਿਚ ਕੰਮ ਕਰਦੇ ਸਨ।

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

## ਪੰਜਾਬੀ ਢਾਬਾ

## Now Open

Indiana

1480 N State Road 1, Cambridge City, IN 47327. 70

Diesel/Gas Exit 137

ਟਰੱਕਾਂ ਵਾਲੇ ਭਰਾਵਾਂ ਲਈ

**ਖੁੱਲ੍ਹ ਗਿਆ**



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

**Free Buffet** over 100 gallons

open 6am to midnight

**Phone: 765-478-6300**

## ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

*ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:*




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
**ਤਜਿੰਦਰ ਸਿੰਘ 916-529-7877**
**ਜਸਜੀਤ ਸਿੰਘ ਫੋਨ :510 875 3279**

CHAAT BHAVAN RESTAURANT

# CHAAT BHAVAN®

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐੱਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।

FOR CATERING INQUIRIES:
**408.472.0229**

*Catering*
FULL SERVICE CATERING FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT **510.795.1100**
976 E. EL CAMINO REAL • SUNNYVALE **408.795.1100**
4112 GRAFTON ST • DUBLIN **925.829.1700**

WWW.CHAATBHAVAN.COM


Watch Your Favorite Channel
FREE PREVIEW
jus punjabi
MUDDA
Daily Dose
KHIDI DUPEHAR
PRIME TIME NEWS
Kitty Party
Sadde Jalwe
AMERICAN VISION
FIRELINE
ਇਤਿਹਾਸ ਦੇ ਪੰਨੇ
Ithaas De Panne
The 1st American-Punjabi Television Channel
WATCH jus punjabi ON CHANNEL 736 ON
dish | sling TELEVISION
for advertisement & more information call: +1-718-752-9290 x 202
www.jusbroadcasting.com




# SAVE UPTO 24¢ PER GALLON ON DIESEL






## FUEL CARD

**Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.**

## FACTORING

**Fleet One introduces aggressive factoring program for Trans-Alliance members. We can beat any price to get your piece of business.**

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

## ਕੈਪਟਨ ਨੇ ਕਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨਾਲ ਮੁਲਾਕਾਤ ਬਾਰੇ ਅਪਣਾ ਰਵੱਈਆ ਬਦਲਿਆ

**ਚੰਡੀਗੜ੍ਹ/ ਬਿਊਰੋ ਨਿਊਜ਼:**
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸੱਜਣ ਵੱਲੋਂ ਖਾਲਿਸਤਾਨੀ ਪੱਖੀ ਪੈਂਤੜੇ ਦੇ ਹੱਕ ਵਿੱਚ ਖੜ੍ਹਨ ਤੋਂ ਕੋਰੀ ਨਾਂਹ ਕਰਨ ਦਾ ਸੁਆਗਤ ਕਰਦਿਆਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਉਨ੍ਹਾਂ ਦੇ ਮੁਲਕ ਵਿੱਚ ਵੱਖਵਾਦੀ ਤਾਕਤਾਂ ਖ਼ਿਲਾਫ਼ ਢੁਕਵਾਂ ਮਾਹੌਲ ਸਿਰਜਣ ਲਈ ਵਧਾਈ ਦਿੱਤੀ ਹੈ। ਬੁੱਧਵਾਰ ਨੂੰ ਕੈਨੇਡਾ ਦੀ ਪ੍ਰੈਸ ਵਿੱਚ ਛਪੇ ਸ੍ਰੀ ਸੱਜਣ ਦੇ ਬਿਆਨ ਮੁਤਾਬਕ ਉਨ੍ਹਾਂ ਅਤੇ ਕੈਨੇਡਾ ਦੇ ਸਿੱਖ ਮੰਤਰੀ ਅਮਰਜੀਤ ਸੋਹੀ ਨੇ ਨਾ ਤਾਂ ਸਿੱਖ ਕੌਮਪ੍ਰਸਤੀ ਲਹਿਰ ਪ੍ਰਤੀ ਹਮਦਰਦੀ ਪ੍ਰਗਟਾਈ ਹੈ ਅਤੇ ਨਾ ਹੀ ਉਹ ਇਸ ਦੇ ਪੱਖ ਵਿੱਚ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਸ ਤੋਂ ਸਿੱਧ ਹੁੰਦਾ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਦੀ ਪਾਰਟੀ ਤੇ ਸਰਕਾਰ ਵਿੱਚ ਸਪੱਸ਼ਟ ਸੰਕੇਤ ਦਿੱਤਾ ਹੈ ਕਿ ਉਹ ਆਪਣੇ ਮੁਲਕ ਨੂੰ ਭਾਰਤ ਵਿਰੋਧੀ ਗਤੀਵਿਧੀਆਂ ਲਈ ਵਰਤਣ ਦੀ ਇਜਾਜ਼ਤ ਨਹੀਂ ਦੇਣਗੇ।
ਕੈਪਟਨ ਨੇ ਕਿਹਾ ਕਿ ਸ੍ਰੀ ਸੱਜਣ ਤੇ ਸ੍ਰੀ ਸੋਹੀ ਦੇ ਤਾਜ਼ਾ ਬਿਆਨਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਦਾ ਖਾਲਿਸਤਾਨੀ ਉਦੇਸ਼ ਨਾਲ ਕੋਈ ਵਾਹ-ਵਾਸਤਾ ਨਹੀਂ ਹੈ। ਇਸ ਨੇ ਕੈਨੇਡਾ ਨਾਲ ਬਿਹਤਰ ਸਬੰਧਾਂ ਲਈ ਰਾਹ ਪੱਧਰਾ ਕੀਤਾ ਹੈ। ਉਹ ਸ੍ਰੀ ਟਰੂਡੋ ਦੀ ਇਸ ਮਹੀਨੇ ਪੰਜਾਬ ਸਮੇਤ ਭਾਰਤ ਫੇਰੀ ਮੌਕੇ ਉਨ੍ਹਾਂ ਨੂੰ ਮਿਲਣ ਦੀ ਉਡੀਕ ਵਿੱਚ ਹਨ। ਉਨ੍ਹਾਂ ਕਿਹਾ ਕਿ ਸ੍ਰੀ ਟਰੂਡੋ ਦੀ ਫੇਰੀ ਦੌਰਾਨ ਕੈਨੇਡਾ ਅਤੇ ਪੰਜਾਬ ਦਰਮਿਆਨ ਦੁਵੱਲੇ ਵਪਾਰਕ ਸਬੰਧ ਹੋਰ ਮਜ਼ਬੂਤ ਹੋਣਗੇ। ਮੁੱਖ ਮੰਤਰੀ ਨੇ ਕਿਹਾ ਕਿ ਕੈਨੇਡਾ ਸਦਾ ਹੀ ਭਾਰਤ ਖਾਸ ਕਰਕੇ ਪੰਜਾਬ ਦਾ ਮਿੱਤਰ ਰਿਹਾ ਹੈ।

# ਭਾਂ-ਭਾਂ ਕਰ ਰਿਹੈ ਕੈਪਟਨ ਸਰਕਾਰ ਦਾ ਖ਼ਜ਼ਾਨਾ

**ਚੰਡੀਗੜ੍ਹ/ਬਿਊਰੋ ਨਿਊਜ਼**
ਪੰਜਾਬ ਸਰਕਾਰ ਦੀ ਖਸਤਾ ਵਿੱਤੀ ਹਾਲਤ ਕਾਰਨ ਵਿੱਤ ਵਿਭਾਗ ਨੇ ਵੱਖ ਵੱਖ ਵਿਭਾਗਾਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਕਿਸੇ ਨਵੇਂ ਕੰਮ-ਕਾਜ ਲਈ ਅਗਲੇ ਵਿੱਤੀ ਵਰ੍ਹੇ 'ਚ ਰਾਸ਼ੀ ਨਹੀਂ ਮਿਲੇਗੀ। ਇਸ ਲਈ ਬਜਟ ਤਜਵੀਜ਼ਾਂ ਸਮੇਂ ਨਵੇਂ ਪ੍ਰਾਜੈਕਟ ਨਾ ਲਿਆਂਦੇ ਜਾਣ। ਪੰਜਾਬ ਸਰਕਾਰ ਨੂੰ ਜੀਐਸਟੀ ਤੋਂ ਬਹੁਤ ਉਮੀਦਾਂ ਸਨ ਪਰ ਜੀਐਸਟੀ ਦਾ ਪੈਸਾ ਵੀ ਸਮੇਂ ਸਿਰ ਨਹੀਂ ਮਿਲ ਰਿਹਾ, ਜਿਸ ਕਾਰਨ ਲਾਏ ਗਏ ਅੰਦਾਜ਼ੇ ਧਰੇ ਧਰਾਏ ਰਹਿ ਗਏ ਹਨ। ਪੰਜਾਬ ਸਰਕਾਰ ਨੇ ਕਿਸਾਨਾਂ ਦੀ ਕਰਜ਼ਾ ਮੁਆਫੀ ਯੋਜਨਾ ਨੂੰ ਲਾਗੂ ਕਰਨ ਵਾਸਤੇ ਕੇਂਦਰ ਸਰਕਾਰ ਕੋਲੋਂ ਵਿੱਤੀ ਜ਼ਿੰਮੇਵਾਰੀ ਤੇ ਬਜਟ ਪ੍ਰਬੰਧ ਐਕਟ ਤਹਿਤ ਕਰਜ਼ਾ ਲੈਣ ਲਈ ਇਕ ਫ਼ੀਸਦ ਦੀ ਛੋਟ ਮੰਗੀ ਸੀ ਪਰ ਇਸ ਨੂੰ ਵੀ ਮਨਜ਼ੂਰੀ ਨਹੀਂ ਮਿਲੀ।
ਵਿੱਤ ਵਿਭਾਗ ਨੇ ਸਾਲ 2018-19 ਦੇ ਬਜਟ ਦੀਆਂ ਤਿਆਰੀਆਂ ਲਈ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਕਿਹਾ ਕਿ ਖਜ਼ਾਨੇ ਦੀ ਹਾਲਤ ਕਾਫੀ ਖਰਾਬ ਹੈ ਅਤੇ ਤਨਖਾਹਾਂ ਦੇਣ ਦਾ ਸੰਕਟ ਚੱਲ ਰਿਹਾ ਹੈ। ਇਸ ਸਥਿਤੀ ਵਿੱਚ ਕੇਵਲ ਪਹਿਲਾਂ ਚੱਲ ਰਹੇ ਪ੍ਰਾਜੈਕਟਾਂ, ਵਿਕਾਸ ਕੰਮਾਂ ਅਤੇ ਯੋਜਨਾਵਾਂ ਲਈ ਹੀ ਰਾਸ਼ੀ ਦਿੱਤੀ ਜਾਵੇਗੀ। ਕਾਂਗਰਸ ਪਾਰਟੀ ਆਪਣੇ ਚੋਣ ਮਨੋਰਥ ਪੱਤਰ ਵਿਚਲੇ ਵਾਅਦੇ ਕਿਵੇਂ ਪੂਰੇ ਕਰੇਗੀ, ਇਹ ਸੁਆਲ ਚਰਚਾ ਦਾ ਵਿਸ਼ਾ ਬਣਿਆ ਰਹੇਗਾ। ਬਿਜਲੀ ਸਬਸਿਡੀ ਨੇ ਪਾਵਰਕੌਮ ਦੀ ਹਾਲਤ ਪਤਲੀ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਰਾਜ ਸਰਕਾਰ ਨੇ ਅਜੇ 4749 ਕਰੋੜ ਰੁਪਏ ਪਾਵਰਕੌਮ ਨੂੰ ਦੇਣੇ ਹਨ ਪਰ ਵਿੱਤ ਵਿਭਾਗ ਨੇ ਬਿਜਲੀ ਨਿਗਮ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਬਕਾਇਆ ਰਾਸ਼ੀ 'ਚੋਂ ਕੇਵਲ ਦੋ ਸੌ ਕਰੋੜ ਹੀ ਹੋਰ ਦਿੱਤੇ ਜਾ ਸਕਦੇ ਹਨ। ਇਸ ਮਹੀਨੇ ਪਾਵਰਕੌਮ ਨੇ ਬੈਂਕਾਂ ਤੋਂ ਕਰਜ਼ਾ ਲੈ ਕੇ ਤਨਖਾਹਾਂ ਦਿੱਤੀਆਂ ਹਨ ਅਤੇ ਫਰਵਰੀ ਮਹੀਨੇ ਦੀ ਤਨਖ਼ਾਹ ਦੇਣ ਦਾ ਸੰਕਟ ਮੁੜ ਖੜ੍ਹਾ ਹੈ। ਜਾਣਕਾਰਾਂ ਨੇ ਕਿਹਾ ਕਿ ਜਦੋਂ ਸੂਬੇ ਦੇ ਖਜ਼ਾਨੇ ਦੀ ਹਾਲਤ ਪਹਿਲਾਂ ਹੀ ਖਰਾਬ ਹੈ ਤਾਂ ਇਸ ਸਥਿਤੀ ਵਿੱਚ ਸਰਕਾਰ ਨੂੰ ਸਨਅਤਾਂ ਨੂੰ ਪੰਜ ਰੁਪਏ ਪ੍ਰਤੀ



ਯੂਨਿਟ ਬਿਜਲੀ ਦੇਣ ਦੇ ਐਲਾਨ 'ਤੇ ਅਮਲ ਕਰਨ ਦੀ ਕੀ ਲੋੜ ਸੀ? ਇਸ ਨਾਲ ਬਿਜਲੀ ਨਿਗਮ 'ਤੇ 1100 ਕਰੋੜ ਰੁਪਏ ਦਾ ਹੋਰ ਬੋਝ ਪੈ ਗਿਆ ਹੈ। ਇਸ ਲਈ ਸੂਬਾਈ ਸਰਕਾਰ ਨੂੰ ਜਾਂ ਤਾਂ ਹੋਰ ਸਾਧਨ ਜੁਟਾਉਣੇ ਪੈਣਗੇ ਜਾਂ ਫਿਰ ਖਪਤਕਾਰਾਂ 'ਤੇ ਹੋਰ ਬੋਝ ਪਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਬਚੇਗਾ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਅਜੇ ਕੁਝ ਸਮਾਂ ਪਹਿਲਾਂ ਹੀ ਬਿਜਲੀ ਦਰਾਂ ਵਧਾਈਆਂ ਸਨ।
ਪੰਜਾਬ ਸਰਕਾਰ ਨੇ ਧਰਤੀ ਹੇਠਲੇ ਪਾਣੀ ਦੀ ਬਚਤ ਲਈ ਨਵਾਂ ਵਿਭਾਗ ਬਣਾਇਆ ਹੈ ਪਰ ਇਹ ਨਵਾਂ ਪ੍ਰਾਜੈਕਟ ਹੈ, ਜਿਸ ਲਈ ਪੈਸੇ ਨਹੀਂ ਮਿਲਣੇ ਹਨ ਕਿਉਂਕਿ ਵਿੱਤ ਵਿਭਾਗ ਦਾ ਕਹਿਣਾ ਹੈ ਕਿ ਅਗਲੇ ਵਿੱਤੀ ਵਰ੍ਹੇ ਵਿੱਚ ਕਿਸੇ ਨਵੇਂ ਪ੍ਰਾਜੈਕਟਾਂ ਨੂੰ ਪੈਸੇ ਨਹੀਂ ਮਿਲ ਸਕਦੇ। ਇਹੀ ਹਾਲਤ ਹੋਰ ਵਿਭਾਗਾਂ ਦੀ ਹੈ। ਉਨ੍ਹਾਂ ਨੂੰ ਵੀ ਕਿਹਾ ਗਿਆ ਹੈ ਕਿ 'ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਉਣਗੇ'। ਪੰਜਾਬ ਸਰਕਾਰ ਨੂੰ ਆਸ ਸੀ ਕਿ ਜੀਐਸਟੀ ਲਾਗੂ ਹੋਣ ਨਾਲ ਸੂਬੇ ਨੂੰ 14 ਫ਼ੀਸਦ ਵੱਧ ਰਾਸ਼ੀ ਮਿਲੇਗੀ ਪਰ ਜੀਐਸਟੀ ਭੁਗਤਾਨ ਵਿੱਚ ਦੇਰੀ ਨੇ ਸੂਬੇ ਦਾ ਸਿਸਟਮ ਹਿਲਾ ਦਿੱਤਾ ਹੈ। ਰਹਿੰਦੀ ਕਸਰ ਅਨਾਜ ਦੇ 31,000 ਕਰੋੜ ਦੇ ਕਰਜ਼ੇ ਨੇ ਪੂਰੀ ਕਰ ਦਿੱਤੀ ਹੈ ਅਤੇ ਰਾਜ ਸਰਕਾਰ ਨੂੰ ਸਾਲਾਨਾ 3270 ਕਰੋੜ ਰੁਪਏ ਦੇਣੇ ਪੈਂਦੇ ਹਨ। ਪੰਜਾਬ ਮੰਡੀ ਬੋਰਡ ਅਤੇ ਪੰਜਾਬ ਆਧਾਰੀ ਢਾਂਚਾ ਵਿਕਾਸ ਬੋਰਡ ਨੇ ਸੂਬੇ ਦੀਆਂ ਸੜਕਾਂ ਦੀ ਮੁਰੰਮਤ ਲਈ ਦੋ ਹਜ਼ਾਰ ਕਰੋੜ ਰੁਪਏ ਦਾ ਜੁਗਾੜ ਬੈਂਕਾਂ ਤੋਂ ਕਰਜ਼ਾ ਲੈ ਕੇ ਕੀਤਾ ਹੈ ਅਤੇ ਜੇ ਅਜਿਹਾ ਨਾ ਕੀਤਾ ਹੁੰਦਾ ਤਾਂ ਸੂਬੇ ਦੀਆਂ ਲਿੰਕ ਸੜਕਾਂ ਦੇ ਬਣਨ ਦੀ ਘੱਟੋ ਘੱਟ ਇਸ ਸਾਲ ਤਾਂ ਉਮੀਦ ਨਹੀਂ ਸੀ।

## ਕੈਪਟਨ ਦੇ ਖ਼ਾਸਮ-ਖ਼ਾਸ ਸਾਬਕਾ ਅਧਿਕਾਰੀ ਦੀ ਨਿਯੁਕਤੀ ਰੱਦ ਕਰਨ ਵਿਰੁਧ ਪਟੀਸ਼ਨ ਦਾਇਰ

**ਚੰਡੀਗੜ੍ਹ/ਬਿਊਰੋ ਨਿਊਜ਼,** ਸੇਵਾਮੁਕਤ ਆਈਏਐਸ ਅਧਿਕਾਰੀ ਸੁਰੇਸ਼ ਕੁਮਾਰ ਦੀ ਮੁੱਖ ਪ੍ਰਮੁੱਖ ਸਕੱਤਰ ਦੇ ਅਹੁਦੇ ਤੋਂ ਨਿਯੁਕਤੀ ਨੂੰ ਰੱਦ ਕਰਨ ਦੇ ਇਕਹਿਰੇ ਬੈਂਚ ਦੇ ਫ਼ੈਸਲੇ ਖ਼ਿਲਾਫ਼ ਸ਼ੁਕਰਵਾਰ ਨੂੰਪੰਜਾਬ ਸਰਕਾਰ ਨੇ ਪੰਜਾਬ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ ਕਰ ਦਿੱਤੀ ਹੈ। ਇਕਹਿਰੇ ਬੈਂਚ ਦੇ ਫ਼ੈਸਲੇ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਕਿਸੇ ਵੀ ਵਿਅਕਤੀ ਨੂੰ ਸਹਿਯੋਗ ਲਈ ਨਿਯੁਕਤ ਕਰਨ ਦਾ ਅਧਿਕਾਰ ਮੁੱਖ ਮੰਤਰੀ ਕੋਲ ਹੈ। ਪਟੀਸ਼ਨ 'ਚ ਕਿਹਾ ਗਿਆ ਕਿ ਫ਼ੈਸਲਾ ਤੱਥਾਂ ਅਤੇ ਸਿਧਾਂਤਾਂ ਦੇ ਉਲਟ ਸੀ ਅਤੇ ਨਿਯੁਕਤ ਕੀਤੇ ਗਏ ਅਧਿਕਾਰੀ ਨੂੰ ਕੰਮ ਵੰਡਣ ਦਾ ਅਧਿਕਾਰ ਸਰਕਾਰ ਕੋਲ ਹੈ। ਪੰਜਾਬ ਸਰਕਾਰ ਨੇ ਇਹ ਅਪੀਲ ਮੁੱਖ ਸਕੱਤਰ ਅਤੇ ਆਮ ਪ੍ਰਸ਼ਾਸਨ ਵਿਭਾਗ ਰਾਹੀਂ ਪਾਈ ਹੈ ਜਿਸ 'ਤੇ ਅਗਲੇ ਹਫ਼ਤੇ ਸੁਣਵਾਈ ਹੋਣ ਦੀ ਸੰਭਾਵਨਾ ਹੈ। ਅਪੀਲ 'ਚ ਸੁਰੇਸ਼ ਕੁਮਾਰ ਨੂੰ ਇਕ ਧਿਰ ਬਣਾਇਆ ਗਿਆ ਹੈ ਅਤੇ ਇਸ ਦੀ ਪੈਰਵੀ ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਕਰਨਗੇ। ਸ੍ਰੀ ਨੰਦਾ ਵੱਲੋਂ ਕੇਸ ਦੀ ਪੈਰਵੀ ਕੀਤੇ ਜਾਣ ਨਾਲ ਉਨ੍ਹਾਂ ਕਿਆਸਾਂ ਦਾ ਵੀ ਅੰਤ ਹੋ ਗਿਆ ਜਿਨ੍ਹਾਂ 'ਚ ਕਿਹਾ ਜਾ ਰਿਹਾ ਸੀ ਕਿ ਸ੍ਰੀ ਨੰਦਾ ਵੱਲੋਂ ਹੀ ਸੁਰੇਸ਼ ਕੁਮਾਰ ਦਾ ਵਿਰੋਧ ਕੀਤਾ ਜਾ ਰਿਹਾ ਸੀ ਅਤੇ ਉਨ੍ਹਾਂ ਹੀ ਕੇਸ ਨੂੰ ਠੀਕ ਢੰਗ ਨਾਲ ਨਹੀਂ ਵਾਚਿਆ।

DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਸੁਪਰੀਮ ਕੋਰਟ ਵਲੋਂ ਬਾਬਰੀ ਕੇਸ ਨੂੰ ਜ਼ਮੀਨੀ ਝਗੜੇ ਵਜੋਂ ਹੀ ਵਿਚਾਰਿਆ ਜਾਵੇਗਾ

## *ਅਗਲੀ ਸੁਣਵਾਈ ਲਈ ਸਾਰੀਆਂ ਧਿਰਾਂ ਨੂੰ 14 ਮਾਰਚ ਦਾ ਸਮਾਂ ਦਿੱਤਾ*

**ਨਵੀਂ ਦਿੱਲੀ/ਬਿਊਰੋ ਨਿਊਜ਼:** ਸੁਪਰੀਮ ਕੋਰਟ ਨੇ ਧਾਰਮਿਕ ਬਹਿਸ 'ਚ ਪੈਣ ਤੋਂ ਇਨਕਾਰ ਕਰਦਿਆਂ ਸਪੱਸ਼ਟ ਕਰ ਦਿੱਤਾ ਕਿ ਸਿਆਸਤ ਪੱਖੋਂ ਸੰਵੇਦਨਸ਼ੀਲ ਰਾਮ ਜਨਮਭੂਮੀ-ਬਾਬਰੀ ਮਸਜਿਦ ਕੇਸ ਨਿਰਾ 'ਜ਼ਮੀਨੀ ਵਿਵਾਦ' ਹੈ ਅਤੇ ਇਸ ਦਾ ਨਿਬੇੜਾ ਆਮ ਕੇਸਾਂ ਵਾਂਗ ਕੀਤਾ ਜਾਵੇਗਾ। ਜਦੋਂ ਇਕ ਵਕੀਲ ਨੇ ਮਾਮਲੇ 'ਚ ਦਖ਼ਲ ਦਿੰਦਿਆਂ ਕਿਹਾ ਕਿ ਇਸ ਕੇਸ 'ਚ 100 ਕਰੋੜ ਹਿੰਦੂਆਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ ਤਾਂ ਚੀਫ਼ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਤਿੰਨ ਜੱਜਾਂ ਦੇ ਬੈਂਚ ਨੇ ਕਿਹਾ,"ਅਸੀਂ ਇਸ ਮਾਮਲੇ ਨੂੰ ਸਿਰਫ਼ ਜ਼ਮੀਨੀ ਵਿਵਾਦ ਵਜੋਂ ਹੀ ਲੈ ਰਹੇ ਹਾਂ।" ਬੈਂਚ ਨੇ ਅਲਾਹਾਬਾਦ ਹਾਈ ਕੋਰਟ 'ਚ ਧਿਰ ਨਾ ਬਣਨ ਵਾਲਿਆਂ ਦੀਆਂ ਸਾਰੀਆਂ ਅਰਜ਼ੀਆਂ ਨੂੰ ਬਕਾਇਆ ਰੱਖ ਲਿਆ ਹੈ। ਬੈਂਚ ਨੇ ਕਿਹਾ ਕਿ ਉਹ ਇਨ੍ਹਾਂ ਅਰਜ਼ੀਆਂ ਨੂੰ ਖ਼ਾਰਿਜ ਨਹੀਂ ਕਰ ਰਹੇ ਅਤੇ ਇਨ੍ਹਾਂ 'ਤੇ ਸੁਣਵਾਈ ਢੁੱਕਵੇਂ ਸਮੇਂ ਉਪਰ ਕੀਤੀ ਜਾਵੇਗੀ। ਅਜਿਹੀ ਇਕ ਅਰਜ਼ੀ ਭਾਜਪਾ ਆਗੂ ਸੁਬਰਾਮਨੀਅਮ ਸਵਾਮੀ ਨੇ ਵੀ ਬੈਂਚ ਮੂਹਰੇ ਦਾਖ਼ਲ ਕੀਤੀ ਹੋਈ ਹੈ। ਰਾਮ ਜਨਮਭੂਮੀ ਵਿਵਾਦ 'ਚ ਅਲਾਹਾਬਾਦ ਹਾਈ ਕੋਰਟ ਮੂਹਰੇ ਪੇਸ਼ ਹੋਈਆਂ ਸਾਰੀਆਂ ਧਿਰਾਂ ਨੂੰ ਸੁਪਰੀਮ ਕੋਰਟ ਨੇ ਅੱਜ ਕਿਹਾ ਹੈ ਕਿ ਉਹ ਅਪੀਲਾਂ ਦੇ ਨਾਲ ਕੇਸ ਸਬੰਧੀ ਦਸਤਾਵੇਜ਼ਾਂ ਦਾ ਤਰਜਮਾ ਅੰਗਰੇਜ਼ੀ 'ਚ ਕਰਕੇ ਦੋ ਹਫ਼ਤਿਆਂ ਦੇ ਅੰਦਰ ਅੰਦਰ ਉਨ੍ਹਾਂ ਕੋਲ ਦਾਖ਼ਲ ਕਰਨ। ਚੀਫ਼ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਵਿਸ਼ੇਸ਼ ਬੈਂਚ ਨੇ ਕਿਹਾ ਕਿ ਉਹ 14 ਮਾਰਚ ਨੂੰ ਅਪੀਲਾਂ 'ਤੇ ਸੁਣਵਾਈ ਕਰੇਗੀ ਅਤੇ ਸਪੱਸ਼ਟ ਕੀਤਾ ਕਿ ਉਨ੍ਹਾਂ ਕਦੇ ਵੀ ਕੇਸ ਦੀ ਸੁਣਵਾਈ ਰੋਜ਼ਾਨਾ ਆਧਾਰ 'ਤੇ ਕਰਨ ਦੀ ਮਨਸ਼ਾ ਜ਼ਾਹਿਰ ਨਹੀਂ ਕੀਤੀ ਹੈ। ਬੈਂਚ 'ਚ ਜਸਟਿਸ ਅਸ਼ੋਕ ਭੂਸ਼ਨ ਅਤੇ ਐਸ ਏ ਨਜ਼ੀਰ ਵੀ ਸ਼ਾਮਲ ਹਨ। ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਕੁਲ 14 ਅਪੀਲਾਂ ਦਾਖ਼ਲ ਕੀਤੀਆਂ ਗਈਆਂ ਹਨ ਜਿਨ੍ਹਾਂ 'ਤੇ ਵਿਸ਼ੇਸ਼ ਬੈਂਚ ਵੱਲੋਂ ਸੁਣਵਾਈ ਕੀਤੀ ਜਾਣੀ ਹੈ। ਜ਼ਿਕਰਯੋਗ ਹੈ ਕਿ ਅਲਾਹਾਬਾਦ ਹਾਈ ਕੋਰਟ ਦੀ ਤਿੰਨ ਜੱਜਾਂ 'ਤੇ ਆਧਾਰਿਤ ਬੈਂਚ ਨੇ 2010 'ਚ 2-1 ਦੇ ਬਹੁਮਤ ਨਾਲ ਫ਼ੈਸਲਾ ਸੁਣਾਇਆ ਸੀ ਕਿ ਵਿਵਾਦਤ ਜ਼ਮੀਨ ਤਿੰਨ ਧਿਰਾਂ ਸੁੰਨੀ ਵਕਫ਼ ਬੋਰਡ, ਨਿਰਮੋਹੀ ਅਖਾੜਾ ਅਤੇ ਰਾਮ ਲੱਲਾ ਦਰਮਿਆਨ ਬਰਾਬਰ ਹਿੱਸਿਆਂ 'ਚ ਵੰਡ ਦਿੱਤੀ ਜਾਵੇ। ਉੱਤਰ ਪ੍ਰਦੇਸ਼ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਵਧੀਕ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਦੱਸਿਆ ਕਿ ਰਾਮ ਚਰਿਤ ਮਾਨਸ, ਰਮਾਇਣ ਅਤੇ ਭਗਵਦ ਗੀਤਾ ਜਿਹੇ ਧਾਰਮਿਕ ਗ੍ਰੰਥਾਂ ਸਮੇਤ 504 ਸਬੂਤ ਅਤੇ 87 ਗਵਾਹਾਂ ਦੇ ਬਿਆਨ ਤਰਜਮਿਆਂ ਨਾਲ ਦਾਖ਼ਲ ਕੀਤੇ ਗਏ ਹਨ। ਇਕ ਅਰਜ਼ੀਕਾਰ ਦੇ ਵਕੀਲ ਇਜਾਜ਼ ਮਕਬੂਲ ਨੇ ਪਹਿਲਾਂ ਤੋਂ ਦਾਖ਼ਲ ਅਤੇ ਪੇਸ਼ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਦੀ ਜਾਣਕਾਰੀ ਦਿੱਤੀ। ਸੁਪਰੀਮ ਕੋਰਟ ਨੇ ਰਜਿਸਟਰੀ ਨੂੰ ਵੀ ਨਿਰਦੇਸ਼ ਦਿੱਤੇ ਕਿ ਉਹ ਦੋ ਵੀਡਿਓ ਕੈਸੇਟਾਂ ਦੀਆਂ ਕਾਪੀਆਂ ਅਸਲ ਮੁੱਲ 'ਤੇ ਅਰਜ਼ੀਕਾਰਾਂ ਦੇ ਵਕੀਲਾਂ ਨੂੰ ਮੁਹੱਈਆ ਕਰਾਉਣ। ਉਂਜ ਤਾਂ ਸੁਣਵਾਈ ਸ਼ਾਂਤੀਪੂਰਨ ਮਾਹੌਲ 'ਚ ਹੋਈ ਪਰ ਰਾਮ ਲੱਲਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸੀ ਐਸ ਵੈਦਿਆਨਾਥਣ ਨੇ ਕਿਹਾ ਕਿ ਦੂਜੀ ਧਿਰ ਨੂੰ ਆਪਣੇ ਕਾਨੂੰਨੀ ਖਰਚੇ ਜਮਾਂ ਕਰਾਉਣੇ ਚਾਹੀਦੇ ਹਨ ਤਾਂ ਜੋ ਹੋਰ ਸਬੰਧਤ ਧਿਰਾਂ ਨੂੰ ਅਦਾਲਤ ਨੂੰ ਸਹਿਯੋਗ ਕਰਨ 'ਚ ਆਸਾਨੀ ਹੋ ਸਕੇ। ਸੀਨੀਅਰ ਵਕੀਲ ਰਾਜੀਵ ਧਵਨ ਇਸ 'ਤੇ ਭੜਕ ਗਏ ਅਤੇ ਉਨ੍ਹਾਂ ਕਿਹਾ ਕਿ ਉਹ ਬਹਿਸ ਕਰਨ ਬਾਰੇ ਉਨ੍ਹਾਂ ਨੂੰ ਕਿਉਂ ਜਾਣਕਾਰੀ ਦੇਣ। ਇਸ 'ਤੇ ਬੈਂਚ ਨੇ ਦਖ਼ਲ ਦਿੰਦਿਆਂ ਕਿਹਾ ਕਿ ਸ੍ਰੀ ਧਵਨ ਦੇ ਨਾਰਾਜ਼ ਹੋਣ ਦੀ ਕੋਈ ਤੁਕ ਨਹੀਂ ਹੈ ਅਤੇ ਨਾ ਹੀ ਅਦਾਲਤ ਨੇ ਕਿਸੇ ਤੋਂ ਬਹਿਸ ਦੇ ਖਰਚੇ ਮੰਗੇ ਹਨ। ਹਿੰਦੂ ਜਥੇਬੰਦੀ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕੇ ਪਰਾਸਰਨ ਨੇ ਕਿਹਾ ਕਿ ਅਰਜ਼ੀਕਾਰ 30 ਹਜ਼ਾਰ ਸਾਲ ਪਹਿਲਾਂ ਦੇ ਕਿਹੜੇ ਸਬੂਤ ਲੱਭ ਕੇ ਲਿਆਉਣਗੇ ਕਿਉਂਕਿ ਇਹ ਮਾਮਲਾ ਤ੍ਰੇਤਾ ਯੁੱਗ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਅਦਾਲਤ ਨੂੰ ਮੌਜੂਦ ਸਬੂਤਾਂ ਤਕ ਹੀ ਸੀਮਤ ਰਹਿਣਾ ਚਾਹੀਦਾ ਹੈ।



ਅਯੁੱਧਿਆ ਮਾਮਲੇ ਦੀ ਸੁਣਵਾਈ ਬਾਅਦ ਪਟੀਸ਼ਨਰ ਅਤੇ ਵਕੀਲ ਸੁਪਰੀਮ ਕੋਰਟ ਦੇ ਬਾਹਰ ਖੁਸ਼ੀ ਦੇ ਰੌਂਅ 'ਚ।

### ਮੰਦਰ ਉਸਾਰਨ ਵਾਲਿਆਂ ਖ਼ਿਲਾਫ਼ ਕਾਰਵਾਈ ਹੋਵੇ

**ਹੈਦਰਾਬਾਦ/ਬਿਊਰੋ ਨਿਊਜ਼:** ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਮੰਗ ਕੀਤੀ ਹੈ ਕਿ ਅਯੁੱਧਿਆ 'ਚ ਰਾਮ ਮੰਦਰ ਬਣਾਏ ਜਾਣ ਦੇ ਬਿਆਨ ਦਾਗਣ ਵਾਲਿਆਂ ਖ਼ਿਲਾਫ਼ ਅਦਾਲਤੀ ਮਾਣਹਾਨੀ ਦਾ ਕੇਸ ਚਲਣਾ ਚਾਹੀਦਾ ਹੈ। ਜਥੇਬੰਦੀ ਦੇ ਇਥੇ ਕੱਲ ਤੋਂ ਸ਼ੁਰੂ ਹੋਣ ਵਾਲੇ ਸਮਾਗਮ ਤੋਂ ਪਹਿਲਾਂ ਬੋਰਡ ਨੇ ਕਿਹਾ ਕਿ ਅਦਾਲਤ ਅਤੇ ਸਰਕਾਰ ਨੂੰ ਅਜਿਹੇ ਬਿਆਨ ਦੇਣ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨੀ ਚਾਹਦੀ ਹੈ। ਬੋਰਡ ਦੇ ਤਰਜਮਾਨ ਮੌਲਾਣਾ ਸੱਜਾਦ ਨੋਮਾਨੀ ਨੇ ਕਿਹਾ ਕਿ ਉਹ ਸੁਪਰੀਮ ਕੋਰਟ 'ਚ ਆਪਣਾ ਪੱਖ ਰੱਖਣਗੇ ਅਤੇ ਅਦਾਲਤ ਦੇ ਫ਼ੈਸਲੇ ਦਾ ਪਾਲਣ ਕਰਨਗੇ।

### ਰਵੀ ਸ਼ੰਕਰ ਨੇ ਯਤਨ ਮੁੜ ਆਰੰਭੇ

ਬੰਗਲੌਰ/ਬਿਊਰੋ ਨਿਊਜ਼: ਅਯੁੱਧਿਆ 'ਚ ਬਾਬਰੀ ਮਸਜਿਦ-ਰਾਮ ਜਨਮਭੂਮੀ ਵਿਵਾਦ ਦੇ ਨਿਬੇੜੇ ਲਈ ਵਿਚੋਲਗੀ ਦੀਆਂ ਕੋਸ਼ਿਸ਼ਾਂ ਮੁੜ ਆਰੰਭਦਿਆਂ ਆਰਟ ਆਫ਼ ਲਿਵਿੰਗ ਸੰਸਥਾ ਦੇ ਬਾਨੀ ਰਵੀ ਸ਼ੰਕਰ ਨੇ ਅੱਜ ਮੁਸਲਮਾਨ ਆਗੂਆਂ ਨਾਲ ਇਥੇ ਬੈਠਕ ਕੀਤੀ। ਉਨ੍ਹਾਂ ਆਲ ਇੰਡੀਆ ਮੁਸਲਿਮ ਪਰਸਨਲ ਆਲ ਬੋਰਡ ਅਤੇ ਸੁੰਨੀ ਵਕਫ਼ ਬੋਰਡ ਦੇ ਮੈਂਬਰਾਂ ਸਮੇਤ 16 ਆਗੂਆਂ ਨਾਲ ਵਿਚਾਰਾਂ ਕੀਤੀਆਂ। ਸੰਸਥਾ ਮੁਤਾਬਕ ਸਾਰੀਆਂ ਧਿਰਾਂ ਨੇ ਅਯੁੱਧਿਆ ਮਾਮਲੇ ਦੇ ਅਦਾਲਤ ਤੋਂ ਬਾਹਰ ਨਿਬੇੜੇ ਲਈ ਰਵੀ ਸ਼ੰਕਰ ਨੂੰ ਹਮਾਇਤ ਦਿੱਤੀ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਮਸਜਿਦ ਨੂੰ ਦੂਜੀ ਥਾਂ 'ਤੇ ਤਬਦੀਲ ਕਰਨ ਦੀ ਤਜਵੀਜ਼ ਬਾਰੇ ਵਿਚਾਰਾਂ ਹੋਈਆਂ ਅਤੇ ਕਈ ਮੁਸਲਿਮ ਧਿਰਾਂ ਮਾਮਲੇ 'ਤੇ ਸਹਿਯੋਗ ਕਰ ਰਹੀਆਂ ਹਨ। ਬਿਆਨ ਮੁਤਾਬਕ ਅਯੁੱਧਿਆ 'ਚ ਛੇਤੀ ਹੀ ਵੱਡੀ ਬੈਠਕ ਕੀਤੀ ਜਾਵੇਗੀ।

*ਸੰਘ ਦੀ ਫੌਜ' ਦੇਸ਼ ਦੀ ਫੌਜ ਤੋਂ ਵੱਧ ਤਾਕਤਵਰ*

# ਭਾਗਵਤ ਦੇ ਬਿਆਨ ਤੋਂ ਵਿਵਾਦ ਭਖਿਆ

ਨਵੀਂ ਦਿੱਲੀ/ਬਿਊਰੋ ਨਿਊਜ਼ : ਆਰ ਐਸ ਐਸ ਆਗੂ ਮੋਹਨ ਭਾਗਵਤ ਜਿਹੜੇ ਕਿ ਆਪਣੇ ਵਿਵਾਦਮਈ ਬਿਆਨਾਂ ਲਈ ਜਾਣੇ ਜਾਂਦੇ ਹਨ, ਦੇ ਇਕ ਹੋਰ ਬਿਆਨ ਨੇ ਸਿਆਸਤ ਦੀ



ਗਰਮੀ ਵਧਾ ਦਿੱਤੀ ਹੈ। ਉਨ੍ਹਾਂ ਬਿਹਾਰ 'ਚ ਕਿਹਾ ਕਿ ਆਰ ਐਸ ਐਸ ਫੌਜ ਨਾਲੋਂ ਕਿਤੇ ਵੱਧ ਤੇਜ਼ੀ ਨਾਲ ਜਵਾਨ ਤਿਆਰ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਸੰਘ ਆਪਣੇ ਜਵਾਨਾਂ ਦੀ ਫੌਜ ਤਿੰਨ ਦਿਨਾਂ ਅੰਦਰ ਤਿਆਰ ਕਰ ਸਕਦਾ ਹੈ ਜਦਕਿ ਫੌਜ ਨੂੰ 6 ਤੋਂ 7 ਮਹੀਨੇ ਤਿਆਰੀ 'ਚ ਲਗ ਜਾਂਦੇ ਹਨ। ਇਹ ਸਾਡੀ ਤਾਕਤ ਹੈ। ਜੇਕਰ ਮੁਲਕ ਨੂੰ ਅਜਿਹੇ ਕਿਸੇ ਮਾਮਲੇ ਦਾ ਸਾਹਮਣਾ ਕਰਨਾ ਪਿਆ ਅਤੇ ਸੰਵਿਧਾਨ ਨੇ ਇਜਾਜ਼ਤ ਦਿੱਤੀ ਤਾਂ ਸਵੈ ਸੇਵਕ ਹਰ ਮੁਹਾਜ਼ 'ਤੇ ਤਾਇਨਾਤ ਹੋਣਗੇ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਆਰ ਐਸ ਐਸ ਮੁਖੀ ਮੋਹਨ ਭਾਗਵਤ 'ਤੇ ਫ਼ੌਜ ਅਤੇ ਮੁਲਕ ਲਈ ਜਾਨਾਂ ਵਾਰਨ ਵਾਲਿਆਂ ਦਾ ਅਪਮਾਨ ਕਰਨ ਦੇ ਦੋਸ਼ ਲਾਏ ਹਨ।

ਜਦੋਂ ਮਸਲਾ ਭੱਖ ਗਿਆ ਤਾਂ ਆਰ ਐਸ ਐਸ ਨੇ ਸਫ਼ਾਈ ਦਿੱਤੀ ਕਿ ਮੋਹਨ ਭਾਗਵਤ ਨੇ ਭਾਰਤੀ ਫ਼ੌਜ ਦੀ ਤੁਲਨਾ ਸੰਘ ਦੇ ਵਾਲੰਟੀਅਰਜ਼ ਨਾਲ ਨਹੀਂ ਕੀਤੀ ਸੀ ਅਤੇ ਉਨ੍ਹਾਂ ਦੇ ਬਿਆਨ ਨੂੰ ਗਲਤ ਢੰਗ ਨਾਲ ਲਿਆ ਗਿਆ। ਆਰ ਐਸ ਐਸ ਦੇ ਪ੍ਰਚਾਰ ਪ੍ਰਮੁੱਖ ਮਨਮੋਹਨ ਵੈਦਿਆ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਕਿ ਸੰਘ ਵਾਲੰਟੀਅਰਜ਼ ਦੀ ਤੁਲਨਾ ਭਾਰਤੀ ਫ਼ੌਜ ਨਾਲ ਕਿਸੇ ਵੀ ਤਰ੍ਹਾਂ ਨਹੀਂ ਕੀਤੀ ਜਾ ਸਕਦੀ। ਅਗਰਤਲਾ 'ਚ ਭਾਜਪਾ ਦੇ ਜਨਰਲ ਸਕੱਤਰ ਰਾਮ ਮਾਧਵ ਨੇ ਕਿਹਾ ਕਿ ਭਾਗਵਤ ਦਾ ਬਿਆਨ ਜਥੇਬੰਦੀ ਦੀ ਤਿਆਰੀ ਬਾਰੇ ਦਿੱਤਾ ਗਿਆ ਹੋ ਸਕਦਾ ਹੈ।

### ਰਿਜਿਜੂ ਵੱਲੋਂ ਭਾਗਵਤ ਦਾ ਬਚਾਅ

ਕੇਂਦਰੀ ਮੰਤਰੀ ਕੀਰੇਨ ਰਿਜਿਜੂ ਨੇ ਆਰ ਐਸ ਐਸ ਮੁਖੀ ਮੋਹਨ ਭਾਗਵਤ ਦਾ ਬਚਾਅ ਕਰਦਿਆਂ ਕਾਂਗਰਸ ਦੀ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਫ਼ੌਜ ਦੇ ਸਿਆਸੀਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਮੁਤਾਬਕ ਭਾਗਵਤ ਨੇ 6 ਤੋਂ 7 ਮਹੀਨਿਆਂ 'ਚ ਨੌਜਵਾਨਾਂ ਦੇ ਸਿਖਲਾਈ ਪ੍ਰਾਪਤ ਕਰਕੇ ਫ਼ੌਜੀ ਬਣਨ ਦਾ ਜ਼ਿਕਰ ਕੀਤਾ ਸੀ ਅਤੇ ਜੇਕਰ ਸੰਵਿਧਾਨ ਇਜਾਜ਼ਤ ਦੇਵੇ ਤਾਂ ਆਰਐਸਐਸ ਕਾਡਰ ਆਪਣਾ ਯੋਗਦਾਨ ਪਾ ਸਕਦੇ ਹਨ। ਟਵੀਟ ਰਾਹੀਂ ਕਾਂਗਰਸ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਨੇ 2004 ਚ ਫ਼ੌਜ ਨੂੰ ਧਰਮ ਦੇ ਆਧਾਰ ਤੇ ਵੰਡਣ ਦੀ ਕੋਸ਼ਿਸ਼ ਕੀਤੀ ਸੀ।



# ਐਦਾਂ ਹੀ ਉਡਦਾ ਰਹੇਗਾ ਰੇਤਾ !

## *ਪੰਜਾਬ ਸਰਕਾਰ ਵੱਲੋਂ ਰੇਤਾ ਸਕੈਂਡਲ ਹੋਣ ਤੋਂ ਇਨਕਾਰ*

### ਕੇਂਦਰ ਸਰਕਾਰ ਨੂੰ ਵੀ ਰੇਤਾ ਉਡਣ' 'ਤੇ ਨਹੀਂ ਕੋਈ ਇਤਰਾਜ਼

**ਬਠਿੰਡਾ/ਬਿਊਰੋ ਨਿਊਜ਼** : ਭਾਵੇਂ ਪੰਜਾਬ ਸਰਕਾਰ ਨੂੰ ਰੇਤਾ ਸਕੈਂਡਲ ਮਗਰੋਂ ਆਪਣੇ ਬਿਜਲੀ ਮੰਤਰੀ ਦੀ ਛੁੱਟੀ ਕਰਨੀ ਪਈ ਪਰ ਪੰਜਾਬ ਸਰਕਾਰ ਨੇ ਕਿਸੇ ਵੀ ਤਰ੍ਹਾਂ ਦੇ ਰੇਤਾ ਸਕੈਂਡਲ ਹੋਣ 'ਤੇ ਇਕ ਤਰ੍ਹਾਂ ਨਾਲ ਮਿੱਟੀ ਪਾ ਦਿੱਤੀ ਹੈ। ਪੰਜਾਬ ਸਰਕਾਰ ਨੇ ਕੇਂਦਰੀ ਖਣਨ ਮੰਤਰਾਲੇ ਨੂੰ ਭੇਜੀ ਰਿਪੋਰਟ ਵਿਚ ਇਕ ਵਾਢੇ ਤੋਂ ਹੀ ਰੇਤਾ ਸਕੈਂਡਲ ਹੋਣ 'ਤੇ ਕਾਟਾ ਮਾਰ ਦਿੱਤਾ ਹੈ। ਕੇਂਦਰੀ ਖਣਨ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਵੀ ਪੰਜਾਬ ਦੇ ਇਸ ਰੇਤ ਸਕੈਂਡਲ' ਦੀ ਕੋਈ ਜਾਂਚ ਕਰਾਉਣ ਦੇ ਰੌਂਅ ਵਿਚ ਨਹੀਂ ਜਾਪਦੀ ਹੈ। ਕੇਂਦਰੀ ਮੰਤਰਾਲੇ ਅਨੁਸਾਰ ਪੰਜਾਬ ਸਰਕਾਰ ਨੇ ਇਹੋ ਰਿਪੋਰਟ ਕੇਂਦਰ ਨੂੰ ਭੇਜੀ ਹੈ ਕਿ ਮਈ 2017 ਵਿਚ ਰੇਤ ਦੀਆਂ ਖੱਡਾਂ ਦੀ ਬੋਲੀ ਨੂੰ ਲੈ ਕੇ ਇੱਕ ਮਾਮਲਾ ਉੱਠਿਆ ਸੀ ਜਿਸ ਵਿਚ ਅਸਲ ਬੋਲੀਕਾਰਾਂ ਦੀ ਥਾਂ ਕਿਸੇ ਹੋਰ ਵਿਅਕਤੀ ਵਲੋਂ ਬਣਦੀ ਰਾਸ਼ੀ ਜਮ੍ਹਾਂ ਕਰਾਏ ਜਾਣ ਦੀ ਗੱਲ ਉੱਠੀ ਸੀ। ਪੰਜਾਬ ਸਰਕਾਰ ਨੇ ਕੇਂਦਰ ਨੂੰ ਦੱਸਿਆ ਹੈ ਕਿ ਇਸ ਮਾਮਲੇ 'ਤੇ ਡਾਇਰੈਕਟੋਰੇਟ ਆਫ ਐਨਫੋਰਸਮੈਂਟ ਨੇ 31 ਮਈ 2017 ਅਤੇ ਆਮਦਨ ਕਰ ਵਿਭਾਗ ਨੇ 29 ਮਈ 2017 ਨੂੰ ਸਬੰਧਿਤ ਬੋਲੀਕਾਰਾਂ ਵਲੋਂ ਜਮ੍ਹਾਂ ਕਰਾਈ ਰਾਸ਼ੀ, ਬੈਂਕ ਖਾਤਿਆਂ ਤੋਂ ਇਲਾਵਾ ਫਾਈਲ ਨੋਟਿੰਗ ਦੀ ਕਾਪੀ ਮੰਗੀ ਸੀ ਅਤੇ ਅਲਾਟਮੈਂਟ ਦਾ ਮੌਜੂਦਾ ਸਟੇਟਸ ਪੁੱਛਿਆ ਸੀ। ਰਾਜ ਸਰਕਾਰ ਨੇ ਸਭ ਵੇਰਵੇ ਉਦੋਂ ਹੀ ਦੇ ਦਿੱਤੇ ਸਨ। ਕੇਂਦਰ ਸਰਕਾਰ ਨੇ ਸਪੱਸ਼ਟ ਆਖਿਆ ਕਿ ਫਿਲਹਾਲ ਕੇਂਦਰੀ ਖਣਨ ਮੰਤਰਾਲੇ ਵਲੋਂ ਕੇਂਦਰੀ ਏਜੰਸੀ ਤੋਂ ਪੰਜਾਬ ਦੇ ਰੇਤ ਸਕੈਂਡਲ ਦੀ ਜਾਂਚ ਕਰਾਏ ਜਾਣ ਦੀ ਕੋਈ ਤਜਵੀਜ਼ ਨਹੀਂ ਹੈ। ਰਾਜ ਸਰਕਾਰ ਇਸ ਸਬੰਧੀ ਨੇਮ ਨਿਰਧਾਰਤ ਕਰਨ ਅਤੇ ਅਮਲ ਕਰਨ ਲਈ ਖੁਦ ਪਾਬੰਦ ਹੈ। ਕੇਂਦਰ ਨੇ ਦੱਸਿਆ ਹੈ ਕਿ ਪੰਜਾਬ ਦੇ ਰੇਤ ਸਕੈਂਡਲ' ਦੀ ਕੇਂਦਰੀ ਏਜੰਸੀ ਤੋਂ ਜਾਂਚ ਕਰਾਏ ਜਾਣ ਦੀ ਪੰਜਾਬ ਸਰਕਾਰ ਨੇ ਕੋਈ ਮੰਗ ਨਹੀਂ ਕੀਤੀ ਅਤੇ ਨਾ ਹੀ ਜਾਂਚ ਵਾਸਤੇ ਕਿਸੇ ਹੋਰ ਵਲੋਂ ਕੇਂਦਰ ਕੋਲ ਮੰਗ ਉਠਾਈ ਗਈ ਹੈ। ਸੂਤਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਕੇਂਦਰ ਵਿਚ ਭਾਈਵਾਲ ਸਰਕਾਰ ਹੈ ਪ੍ਰੰਤੂ ਇਸ ਨੇ ਵੀ ਇਸ ਮਾਮਲੇ 'ਤੇ ਮੰਗ ਨਹੀਂ ਉਠਾਈ ਹੈ।

# ਨਵਜੋਤ ਸਿੱਧੂ ਵਲੋਂ ਪਰਵਾਸੀ ਪੰਜਾਬੀਆਂ ਨੂੰ ਰਾਜ 'ਚ ਇੱਜ਼ਤ-ਮਾਣ ਦਿੱਤੇ ਜਾਣ ਉੱਤੇ ਜੋਰ

### ਟੁੱਟ ਭਰਾਵਾਂ ਵਲੋਂ ਕਰਵਾਏ ਜੱਟ ਐਕਸਪੋ 'ਚ ਸ਼ਮੂਲੀਅਤ ਮੌਕੇ ਪਰਵਾਸੀ ਮਸਲੇ ਉਭਾਰੇ

**ਜਲੰਧਰ/ਬਿਊਰੋ ਨਿਊਜ਼**, ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਪਰਵਾਸੀ ਪੰਜਾਬੀਆਂ ਕੋਲੋਂ ਪੂੰਜੀ ਨਿਵੇਸ਼ ਦੀ ਭੀਖ ਮੰਗਣ ਦੀ ਥਾਂ ਉਨ੍ਹਾਂ ਨੂੰ ਪੰਜਾਬ ਵਿੱਚ ਆਉਣ 'ਤੇ ਪੂਰਾ ਮਾਣ ਸਤਿਕਾਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਐਨਆਰਆਈਜ਼ ਨਾਲ ਸਬੰਧਤ ਮੰਤਰਾਲਾ, ਜਿਸ ਕੋਲ ਵੀ ਹੋਵੇ ਉਹ ਪਰਵਾਸੀ ਪੰਜਾਬੀਆਂ ਨਾਲ ਪੂਰਾ ਇਨਸਾਫ ਕਰੇ। ਸ੍ਰੀ ਸਿੱਧੂ ਇੱਥੇ ਐਨਆਰਆਈ ਰਣਬੀਰ ਸਿੰਘ ਟੁੱਟ ਅਤੇ ਰਣਜੀਤ ਸਿੰਘ ਟੁੱਟ ਦੇ ਸਹਿਯੋਗ ਨਾਲ ਕਰਵਾਏ ਜਾਂਦੇ ਜੱਟ ਐਕਸਪੋ ਕਿਸਾਨ ਮੇਲੇ 'ਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਨਵਜੋਤ ਸਿੰਘ ਸਿੱਧੂ ਦੇ ਨਾਲ ਉਨ੍ਹਾਂ ਦੀ ਪਤਨੀ ਅਤੇ ਪਿਛਲੀ ਅਕਾਲੀ-ਭਾਜਪਾ ਸਰਕਾਰ ਵਿੱਚ ਮੁੱਖ ਪਾਰਲੀਮਾਨੀ ਸਕੱਤਰ ਰਹੀ ਡਾ. ਨਵਜੋਤ ਕੌਰ ਸਿੱਧੂ ਨੇ ਵੀ ਮੇਲੇ 'ਚ ਸ਼ਮੂਲੀਅਤ ਕੀਤੀ।

ਸ੍ਰੀ ਸਿੱਧੂ ਨੇ ਕਿਹਾ ਕਿ ਪਰਵਾਸੀ ਪੰਜਾਬੀ ਵਿਦੇਸ਼ਾਂ ਵਿੱਚ ਆਰਥਿਕ ਤੌਰ 'ਤੇ ਪੂਰੀ ਤਰ੍ਹਾਂ ਸਥਾਪਤ ਹੋ ਚੁੱਕੇ ਹਨ। ਉਨ੍ਹਾਂ ਨੂੰ ਪੰਜਾਬ ਵਿੱਚ ਪੂੰਜੀ ਨਿਵੇਸ਼ ਕਰਨ ਲਈ ਤਿਆਰ ਕਰਨ ਦੀ ਲੋੜ ਹੈ। ਇਹ ਤਾਂ ਹੀ ਹੋ ਸਕਦਾ ਹੈ ਜਦੋਂ ਉਨ੍ਹਾਂ ਨੂੰ ਇੱਥੇ ਆਇਆਂ ਨੂੰ ਪੂਰਾ ਇੱਜ਼ਤ ਮਾਣ ਦਿੱਤਾ ਜਾਵੇ। ਐਨਆਰਆਈਜ਼ ਦੀ ਸਰਕਾਰੀ ਅਦਾਰਿਆਂ ਵਿੱਚ ਹੁੰਦੀ ਖੱਜਲ ਖੁਆਰੀ 'ਤੇ ਟਿੱਪਣੀ ਕਰਦਿਆਂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕਹਿਣ ਨੂੰ ਤਾਂ ਸਿੰਗਲ ਵਿੰਡੋ ਸਿਸਟਮ ਹੈ ਪਰ ਇਸ ਦੇ ਪਿੱਛੇ 56 ਵਿੰਡੋ ਖੁੱਲ੍ਹ ਗਈਆਂ ਹਨ, ਜਿਸ ਤੋਂ ਪਰਵਾਸੀ ਪੰਜਾਬੀ ਦੁਖੀ ਹਨ। ਉਨ੍ਹਾਂ ਕਿਹਾ ਕਿ ਆਸਟ੍ਰੇਲੀਆ, ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਹੋਰ ਵਿਦੇਸ਼ਾਂ ਵਿਚ ਦੋ ਕਰੋੜ ਦੇ ਕਰੀਬ ਪੰਜਾਬੀ



ਵਸੇ ਹੋਏ ਹਨ। ਪਰ ਉਨ੍ਹਾਂ ਨੂੰ ਆਪਣੇ ਹੀ ਸੂਬੇ ਵਿਚ ਭਰੋਸਾ ਨਹੀਂ ਬੱਝਦਾ ਕਿਉਂਕਿ ਉਨ੍ਹਾਂ ਦੀਆਂ ਜ਼ਮੀਨਾਂ ਦੱਬ ਲਈਆਂ ਜਾਂਦੀਆਂ ਹਨ। ਇੱਧਰ ਜੰਮੇ-ਪਲੇ ਬੰਦੇ ਤਾਂ ਵਿਦੇਸ਼ਾਂ ਵਿੱਚ ਜਾ ਕੇ ਆਪਣੀਆਂ ਜੜ੍ਹਾਂ ਨਾਲ ਜੁੜਨ ਲਈ ਵਿਲਕਦੇ ਰਹਿੰਦੇ ਹਨ ਪਰ ਉਨ੍ਹਾਂ ਦੇ ਬੱਚੇ ਇੱਧਰ ਨੂੰ ਮੂੰਹ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੂੰ ਉਹੋ ਜਿਹਾ ਮਾਹੌਲ ਨਹੀਂ ਮਿਲਦਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਾਡੇ ਐਨਆਰਆਈ ਭਰਾਵਾਂ ਨੇ ਵਿਸ਼ਵ ਭਰ ਵਿੱਚ ਆਪਣੀ ਸਖ਼ਤ ਮਿਹਨਤ ਤੇ ਲਗਨ ਨਾਲ ਆਪਣਾ ਨਾਂ ਬਣਾਇਆ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਪੋਲ ਖੋਲ੍ਹ ਰੈਲੀਆਂ ਬਾਰੇ ਪੁੱਛੇ ਜਾਣ 'ਤੇ ਸ੍ਰੀ ਸਿੱਧੂ ਨੇ ਕਿਹਾ ਕਿ ਅਕਾਲੀ ਦਲ ਨੂੰ ਲੋਕ ਤਿੰਨ ਵਾਰ ਨਕਾਰ ਚੁੱਕੇ ਹਨ ਤੇ ਉਨ੍ਹਾਂ ਨੂੰ ਕੋਈ ਨੈਤਿਕ ਅਧਿਕਾਰ ਨਹੀਂ ਬਣਦਾ ਕਿ ਉਹ ਅਜਿਹੀਆਂ ਰੈਲੀਆਂ ਕਰਨ। ਕਿਉਂਕਿ ਉਨ੍ਹਾਂ ਦੇ ਪੋਲ ਤਾਂ ਲੋਕ ਵੀ ਖੋਲ੍ਹ ਚੁੱਕੇ ਹਨ। ਉਨ੍ਹਾਂ ਕਿਹਾ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਗੁਰਦਾਸਪੁਰ ਲੋਕ ਸਭਾ ਦੀ ਉਪ ਚੋਣ ਅਤੇ ਜਲੰਧਰ ਅੰਮ੍ਰਿਤਸਰ ਤੇ ਪਟਿਆਲਾ ਦੀਆਂ ਨਿਗਮ ਚੋਣਾਂ ਵਿੱਚ ਅਕਾਲੀ ਦਲ ਨੂੰ ਵੱਡੀ ਹਾਰ ਦੇਖਣ ਨੂੰ ਮਿਲੀ ਹੈ।

# ਅਮਰੀਕਾ ਦੇ ਸਕੂਲਾਂ ਵਿਚ ਹਿੰਸਾ ਦੀਆਂ ਘਟਨਾਵਾਂ ਲਗਾਤਾਰ ਵਧੀਆਂ

**ਨਿਊਯਾਰਕ/ਬਿਊਰੋ ਨਿਊਜ਼:**
ਅਮਰੀਕੀ ਸਕੂਲਾਂ ਵਿਚ ਹਿੰਸਾ ਦੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਜਾਂਚ ਏਜੰਸੀ ਐੱਫ. ਬੀ. ਆਈ. ਅਨੁਸਾਰ ਅਮਰੀਕਾ ਵਿਚ ਸੰਨ 2000 ਤੋਂ 2013 ਦੇ ਦਰਮਿਆਨ ਗੋਲੀਬਾਰੀ ਦੀਆਂ ਕੁਲ ਘਟਨਾਵਾਂ ਵਿਚੋਂ 17 ਫੀਸਦੀ ਸਕੂਲਾਂ ਵਿਚ ਹੋਈਆਂ, ਜਦਕਿ 'ਐਵਰੀ ਟਾਊਨ ਫਾਰ ਗੰਨ ਸੇਫਟੀ' ਨਾਮੀ ਸੰਗਠਨ ਅਨੁਸਾਰ ਉਥੇ 2013 ਤੋਂ ਬਾਅਦ ਸਕੂਲਾਂ ਵਿਚ ਗੋਲੀਬਾਰੀ ਦੀਆਂ 142 ਘਟਨਾਵਾਂ ਵਾਪਰੀਆਂ, ਜਿਨ੍ਹਾਂ ਵਿਚ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਦੋਹਾਂ ਦੀਆਂ ਹੀ ਮੌਤਾਂ ਹੋਈਆਂ।
ਬਾਲਗਾਂ ਦੀ ਗੱਲ ਤਾਂ ਇਕ ਪਾਸੇ, ਸਕੂਲਾਂ ਦੇ ਵਿਦਿਆਰਥੀਆਂ-ਵਿਦਿਆਰਥਣਾਂ ਵਿਚ ਅਸਹਿਣਸ਼ੀਲਤਾ ਇਸ ਤਰ੍ਹਾਂ ਵਧ ਰਹੀ ਹੈ ਕਿ ਉਹ ਗੱਲ-ਗੱਲ 'ਤੇ ਹਥਿਆਰ ਕੱਢਣ ਲੱਗੇ ਹਨ, ਜਿਸ ਦੀਆਂ ਕੁਝ ਮਿਸਾਲਾਂ ਹੇਠਾਂ ਦਰਜ ਹਨ :

- 20 ਜਨਵਰੀ 2017 ਨੂੰ ਓਹਾਇਓ ਦੇ ਲਿਬਰਟੀ ਸਲੇਮ ਹਾਈ ਸਕੂਲ ਵਿਚ ਇਕ 16 ਸਾਲਾ ਵਿਦਿਆਰਥੀ ਨੇ ਫਾਇਰ ਕਰ ਕੇ ਆਪਣੇ ਦੋ ਜਮਾਤੀਆਂ ਨੂੰ ਜ਼ਖ਼ਮੀ ਕਰ ਦਿੱਤਾ।
- 13 ਸਤੰਬਰ 2017 ਨੂੰ ਵਾਸ਼ਿੰਗਟਨ ਦੇ ਫ੍ਰੀਮੈਨ ਹਾਈ ਸਕੂਲ ਵਿਚ ਇਕ 15 ਸਾਲਾ ਵਿਦਿਆਰਥੀ



ਵਲੋਂ ਸਾਥੀ ਵਿਦਿਆਰਥੀਆਂ 'ਤੇ ਗੋਲੀ ਚਲਾ ਦੇਣ ਦੇ ਸਿੱਟੇ ਵਜੋਂ ਇਕ ਵਿਦਿਆਰਥੀ ਦੀ ਮੌਤ ਹੋ ਗਈ ਤੇ ਕਈ ਵਿਦਿਆਰਥੀ ਜ਼ਖ਼ਮੀ ਹੋ ਗਏ।
- 20 ਸਤੰਬਰ 2017 ਨੂੰ ਸੈਂਟਰਲ ਇਲੀਨੋਇ ਦੇ ਮੈਟੂਨ ਹਾਈ ਸਕੂਲ ਦੇ ਕੈਫੇਟੇਰੀਆ ਵਿਚ ਇਕ ਵਿਦਿਆਰਥੀ ਨੇ ਫਾਇਰਿੰਗ ਕਰ ਕੇ ਦੂਜੇ ਵਿਦਿਆਰਥੀ ਨੂੰ ਜ਼ਖ਼ਮੀ ਕਰ ਦਿੱਤਾ।
- 07 ਦਸੰਬਰ 2017 ਨੂੰ ਵਿਦਿਆਰਥੀ ਦੇ ਭੇਸ ਵਿਚ ਆਏ ਇਕ 21 ਸਾਲਾ ਬੰਦੂਕਧਾਰੀ ਵਲੋਂ ਨਿਊ ਮੈਕਸੀਕੋ ਦੇ ਐਜਟੈੱਕ ਹਾਈ ਸਕੂਲ ਵਿਚ ਗੋਲੀ ਚਲਾਉਣ ਨਾਲ ਦੋ ਵਿਦਿਆਰਥੀ ਮਾਰੇ ਗਏ।
- 22 ਜਨਵਰੀ 2018 ਨੂੰ ਟੈਕਸਾਸ ਦੀ ਏਲਿਸ ਕਾਊਂਟੀ ਵਿਚ ਇਕ ਹਾਈ ਸਕੂਲ ਵਿਚ 16 ਸਾਲਾ ਵਿਦਿਆਰਥੀ ਵਲੋਂ ਸੈਮੀ-ਆਟੋਮੈਟਿਕ ਹੈਂਡਗੰਨ ਨਾਲ ਗੋਲੀ ਚਲਾਉਣ ਦੇ ਸਿੱਟੇ ਵਜੋਂ ਇਕ ਵਿਦਿਆਰਥੀ ਜ਼ਖ਼ਮੀ ਹੋ ਗਿਆ।
- 23 ਜਨਵਰੀ ਨੂੰ ਪੱਛਮੀ ਕੈਂਟੁਕੀ ਦੇ ਦਿਹਾਤੀ ਇਲਾਕੇ ਵਿਚ ਸਥਿਤ ਇਕ ਹਾਈ ਸਕੂਲ ਵਿਚ ਭੀੜ ਨਾਲ ਭਰੇ ਹਾਲ ਵਿਚ 15 ਸਾਲਾ ਵਿਦਿਆਰਥੀ ਵਲੋਂ ਅਚਾਨਕ ਕੀਤੀ ਗਈ ਫਾਇਰਿੰਗ ਵਿਚ ਦੋ ਵਿਦਿਆਰਥੀ ਮਾਰੇ ਗਏ ਤੇ 20 ਹੋਰ ਜ਼ਖ਼ਮੀ ਹੋ ਗਏ। ਇਹ ਵਿਦਿਆਰਥੀ ਉਦੋਂ ਤਕ ਗੋਲੀਆਂ ਚਲਾਉਂਦਾ ਰਿਹਾ, ਜਦੋਂ ਤਕ ਗੋਲੀਆਂ ਖਤਮ ਨਹੀਂ ਹੋ ਗਈਆਂ।
- 01 ਫਰਵਰੀ ਨੂੰ ਲਾਸ ਏਂਜਲਸ ਸ਼ਹਿਰ ਦੇ ਡਾਊਨ ਟਾਊਨ ਵਿਚ ਸਥਿਤ ਸੈਲ ਕਾਸਟਰੋ ਮਿਡਲ ਸਕੂਲ ਵਿਚ 12 ਵਰ੍ਹਿਆਂ ਦੀ ਇਕ ਵਿਦਿਆਰਥਣ ਕਲਾਸ ਅੰਦਰ ਬੰਦੂਕ ਲੈ ਕੇ ਚਲੀ ਆਈ ਅਤੇ ਉਸ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਦੇ ਸਿੱਟੇ ਵਜੋਂ 5 ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਇਕ ਵਿਦਿਆਰਥੀ ਦੇ ਸਿਰ ਵਿਚ ਗੋਲੀ ਲੱਗੀ ਹੈ।

ਅਮਰੀਕੀ ਸਕੂਲਾਂ ਵਿਚ ਗੋਲੀਬਾਰੀ ਦੀਆਂ ਉਕਤ ਘਟਨਾਵਾਂ ਜਿਥੇ ਨੌਜਵਾਨ ਵਰਗ ਵਿਚ ਵਧ ਰਹੀ ਅਸਹਿਣਸ਼ੀਲਤਾ ਦੀਆਂ ਪ੍ਰਤੀਕ ਹਨ, ਉਥੇ ਹੀ

ਬਾਕੀ ਸਫ਼ਾ 29 'ਤੇ

# ਗੁਰੂ ਨਾਨਕ ਸਪੋਰਟਸ ਕਲੱਬ ਵਲੋਂ ਵਿਸਾਖੀ ਟੂਰਨਾਮੈਂਟ ਮਈ ਦੇ ਪਹਿਲੇ ਹਫ਼ਤੇ

### *ਪੱਕੀਆਂ ਤਾਰੀਖਾਂ ਦਾ ਐਲਾਨ ਟੀਮਾਂ ਦੀ ਸਹਿਮਤੀ ਬਾਅਦ ਕੀਤਾ ਜਾਵੇਗਾ*



**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਸੈਂਟਰਲ ਵੈਲੀ ਕੈਲੀਫੋਰਨੀਆਂ ਦੀ ਸੰਘਣੀ ਪੰਜਾਬੀ ਵਸੋਂ ਵਾਲੇ ਸ਼ਹਿਰ ਫਰਿਜ਼ਨੋ ਨੇੜਲੇ ਸਨਵਾਕੀਨ ਅਤੇ ਕਰਮਨ ਦੇ ਗੁਰੂ ਨਾਨਕ ਸਪੋਰਟਸ ਕਲੱਬ ਵਲੋਂ ਆਪਣਾ ਸਾਲਾਨਾ ਵਿਸਾਖੀ ਟੂਰਨਾਮੈਂਟ ਇਸ ਵਾਰ 5 ਅਤੇ 6 ਮਈ ਨੂੰ ਕਰਵਾਉਣ ਬਾਰੇ ਸਹਿਮਤੀ ਪ੍ਰਗਟਾਈ ਗਈ। ਕਲੱਬ ਦੇ ਸਮੂਹ ਮੈਂਬਰਾਂ ਦੀ ਬੀਤੇ ਦਿਨੀਂ ਕਰਮਨ ਵਿਖੇ ਹੋਈ ਵਿਸ਼ੇਸ਼ ਮੀਟਿੰਗ ਦੌਰਾਨ ਇਸ ਫੈਸਲਾ ਕੀਤਾ ਗਿਆ ਕਿ ਖੇਡ ਮੇਲੇ ਦੀਆਂ ਪੱਕੀਆਂ ਤਰੀਕਾਂ ਦਾ ਐਲਾਨ ਪਹੁੰਚਣ ਵਾਲੀਆਂ ਟੀਮਾਂ ਨਾਲ ਮੀਟਿੰਗ ਕਰਨ ਉਪਰੰਤ ਕੀਤਾ ਜਾਵੇਗਾ।
ਕਲੱਬ ਵਲੋਂ ਕੀਤੇ ਫੈਸਲੇ ਅਨੁਸਾਰ ਇਹ ਟੂਰਨਾਮੈਂਟ ਸਨਵਾਕੀਨ ਸ਼ਹਿਰ ਦੇ ਸਕੂਲ ਦੀਆਂ ਗਰਾਊਂਡਾਂ ਵਿੱਚ ਹੋਵੇਗਾ ਜੋ ਕਿ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਦੇ ਬਿਲਕੁਲ ਨਜ਼ਦੀਕ ਹੈ। ਮੁਢਲੇ ਪ੍ਰੋਗਰਾਮ ਅਨੁਸਾਰ 5 ਮਈ ਸ਼ਨੀਵਾਰ ਨੂੰ ਬੱਚਿਆਂ ਦੀ ਬਾਸਕਟ ਬਾਲ, ਵਾਲੀਬਾਲ, ਸ਼ਾਕਰ, ਕੁਸ਼ਤੀਆਂ, ਭਾਰ ਚੁੱਕਣ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਭਾਰਤੀ ਪ੍ਰੰਪਰਾਗਤ ਖੇਡਾਂ ਹੋਣਗੀਆਂ। ਇਸੇ ਦਿਨ ਪੰਜਾਬੀ ਫੈਮਲੀ ਪਿਕਨਿਕ ਵੀ ਹੋਵੇਗੀ, ਜਿਸ ਦੌਰਾਨ ਬੱਚਿਆਂ ਅਤੇ ਔਰਤਾਂ ਲਈ ਬਹੁਤ ਸਾਰੀਆਂ ਖੇਡਾਂ, ਲੋਕ ਬੋਲੀਆਂ-ਗੀਤ ਮੁਕਾਬਲੇ ਅਤੇ ਗਿੱਧਾ-ਭੰਗੜਾ ਵੀ ਹਮੇਸ਼ਾਂ ਵਾਂਗ ਦੇਖਣਯੋਗ ਹੋਵਾਗਾ। ਵਿਸਾਖੀ ਟੂਰਨਾਮੈਂਟ ਦੇ ਦੂਸਰੇ ਦਿਨ 6 ਮਈ ਐਤਵਾਰ ਨੂੰ ਪ੍ਰਮੁੱਖ ਤੌਰ 'ਤੇ ਬਾਕੀ ਖੇਡਾਂ ਤੋਂ ਇਲਾਵਾ ਓਪਨ ਕਬੱਡੀ ਅਤੇ ਅੰਡਰ 21 ਸਾਲ ਦੀ ਉਮਰ ਦੇ ਖਿਡਾਰੀਆਂ ਦੀ ਕਬੱਡੀ ਮੁਕਾਬਲੇ ਹੋਣਗੇ। ਇਨ੍ਹਾਂ ਮੈਚਾਂ ਵਿੱਚ ਕੋਈ ਵੀ ਟੀਮ ਹਿੱਸਾ ਲੈ ਸਕਦੀ ਹੈ। ਟੂਰਨਾਮੈਂਟ ਵਿੱਚ ਹਿੱਸਾ ਲੈਣ ਲਈ ਟੀਮਾਂ ਦੀ ਐਂਟਰੀ ਦੋ ਹਫਤੇ ਪਹਿਲਾ ਹੋਣੀ ਜ਼ਰੂਰੀ ਹੈ। ਇਨ੍ਹਾਂ ਖੇਡਾਂ ਵਿੱਚ ਜੇਤੂ ਟੀਮਾਂ ਨੂੰ ਦਿਲਕਸ਼ ਇਨਾਮ ਦਿੱਤੇ ਜਾਣਗੇ। ਗੱਡੀਆਂ ਲਈ ਮੁਫ਼ਤ ਪਾਰਕਿੰਗ ਅਤੇ ਸੁਰੱਖਿਆ ਦੇ ਪ੍ਰਬੰਧ ਮਜ਼ਬੂਤ ਹੋਣਗੇ। ਔਰਤਾਂ ਅਤੇ ਬੱਚਿਆਂ ਦੇ ਬੈਠਣ ਲਈ ਵਿਸ਼ੇਸ਼ ਪ੍ਰਬੰਧ ਹੋਣਗੇ। ਗੁਰੂ ਦਾ ਲੰਗਰ ਦੋਨੋ ਦਿਨ ਅਤੁੱਟ ਵਰਤੇਗਾ। ਪ੍ਰਬੰਧਕਾ ਵੱਲੋਂ ਸਮੂੰਹ ਪੰਜਾਬੀ ਭਾਈਚਾਰੇ ਨੂੰ ਦੋਨੋ ਦਿਨ ਹਾਜ਼ਰੀਆਂ ਭਰਨ ਅਤੇ ਖੇਡਾਂ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਜਾਂਦੀ ਹੈ।

# ਪੀ ਸੀ ਐਸ ਸੈਕਰਾਮੈਂਟੋ ਦਾ ਵਿਸਾਖੀ ਮੇਲਾ 5 ਮਈ ਨੂੰ

### *ਤੀਆਂ ਦਾ ਰੌਣਕ ਮੇਲਾ 15 ਜੁਲਾਈ ਨੂੰ ਲੱਗੇਗਾ*

**ਸੈਕਰਾਮੈਂਟੋ/ਬਿਊਰੋ ਨਿਊਜ਼:** ਪੀ ਸੀ ਐਸ ਸੈਕਰਾਮੈਂਟੋ ਵੱਲੋਂ ਇਸ ਸਾਲ ਵਿਸਾਖੀ ਦਾ ਮੇਲਾ 5 ਮਈ ਨੂੰ ਤੇ ਤੀਆਂ ਦਾ ਮੇਲਾ 15 ਜੁਲਾਈ 2018 ਨੂੰ ਹੋਵੇਗਾ।
ਪੀ ਸੀ ਐਸ ਸੈਕਰਾਮੈਂਟੋ ਦੇ ਫਾਊਂਡਰ ਰਸ਼ਪਾਲ ਫਰਵਾਲਾ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਸਾਲ ਵਿਸਾਖੀ ਦਾ ਮੇਲਾ 5 ਮਈ ਦਿਨ ਸ਼ਨੀਵਾਰ ਤੇ ਤੀਆਂ ਦਾ ਮੇਲਾ 15 ਜੁਲਾਈ ਦਿਨ ਐਤਵਾਰ 2018 ਨੂੰ Sheldon High School (Performig Art Center ਵਿਖੇ ਕਰਵਾਇਆ ਜਾਵੇਗਾ। ਉਨ੍ਹਾਂ ਕਿ ਉਨ੍ਹਾਂ ਦੀ ਸੰਸਥਾ ਪਿਛਲੇ 29 ਸਾਲਾ ਤੋਂ ਲੋਕਾਂ ਦੇ ਸਹਿਯੋਗ ਦੁਆਰਾ ਇਹ ਮੇਲੇ ਕਰਵਾ ਰਹੀ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮੇਲੇ ਚੋਂ ਗੀਤ- ਸੰਗੀਤ, ਗਿੱਧਾ, ਭੰਗੜਾ ਡਾਂਸ ਤੇ ਸਕਿਟ ਪੇਸ਼ ਕੀਤੇ ਜਾਣਗੇ। ਪੀ ਸੀ ਐਸ ਸੈਕਰਾਮੈਂਟੋ ਦਾ ਇਕੋ ਹੀ ਮਕਸਦ ਹੈ ਕਿ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਿਆ ਜਾ ਸਕੇ। ਇਹ ਮਾਣ ਵਾਲੀ ਪ੍ਰਾਪਤੀ ਹੈ ਕਿ ਸੰਸਥਾ ਦੇ ਯਤਨ ਦਿਨੋਂ ਦਿਨ ਸਫ਼ਲਤਾ ਵਲ ਵਧ ਰਹੇ ਹਨ। ਰਸ਼ਪਾਲ ਫਰਵਾਲਾ ਨੇ ਦਸਿਆ ਕਿ ਇਹ ਮੇਲਾ ਬਿਲਕੁਲ ਫਰੀ ਹੈ। ਇਸ ਵਿਚੋ ਕੱਪੜੇ ਅਤੇ ਗਹਿਣਿਆਂ ਦੇ ਸਟਾਫ ਵੀ ਲਾਏ ਜਾਣਗੇ। ਹੋਰ ਜਾਣਕਾਰੀ ਲਈ ਸੰਪਰਕ ਫੋਨ: 916-880-0531 (ਰਸ਼ਪਾਲ ਫਰਵਾਲਾ) ਤੇ 916-271-8382 (ਤੀਰਥ ਸਹੋਤਾ)

# ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਦਾ 18ਵਾਂ ਮੇਲਾ 25 ਮਾਰਚ ਨੂੰ

**ਫਰਿਜ਼ਨੋ'/ਕੁਲਵੀਰ ਹੇਅਰ:**, ਗਦਰੀ ਬਾਬਿਆਂ ਅਤੇ ਦੇਸ਼ ਦੇ ਸ਼ਹੀਦਾਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਆਪਣਾ 18ਵਾਂ ਮੇਲਾ ਅਗਲੇ ਮਹੀਨੇ 25 ਮਾਰਚ ਨੂੰ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਇਹ ਫੈਸਲਾ ਫੋਰਮ ਦੇ ਅਹੁਦੇਦਾਰਾਂ ਅਤੇ ਸਹਿਯੋਗੀਆਂ ਦੀ ਹੋਈ ਅਹਿਮ ਮੀਟਿੰਗ ਵਿੱਚ ਵਿਚ ਲਿਆ ਗਿਆ। ਮੀਟਿੰਗ ਉਪਰੰਤ ਪ੍ਰਬੰਧਕਾਂ ਵਲੋਂ ਦੱਸਿਆ ਕਿ ਇਹ 18ਵਾਂ ਮੇਲਾ ਸਾਨਫਰਾਂਸਿਸਕੋ ਸਾਜਿਸ਼ ਕੇਸ ਅਤੇ ਦੇਸ਼ ਦੇ ਹੋਰ ਸ਼ਹੀਦਾਂ ਨੂੰ ਸਮਰਪਿਤ ਹੋਵੇਗਾ। ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਮੇਲਾ ਸੈਂਟਰਲ ਹਾਈ ਸਕੂਲ 3535 ਨੌਰਥ ਕੋਰਨੀਲੀਆ (ਫਰਿਜ਼ਨੋਂ) ਵਿਖੇ ਐਤਵਾਰ ਨੂੰ ਦੁਪਿਹਰ 12:00 ਵਜੇ ਤੋਂ ਸ਼ਾਮ 6:00 ਵਜੇ ਤੱਕ ਹੋਵੇਗਾ। ਮੇਲੇ ਦੌਰਾਨ ਉੱਚ ਕੋਟੀ ਦੇ ਬੁਲਾਰੇ ਅਤੇ ਬੁੱਧੀਜਵੀ ਆਪਣੇ ਵਿਚਾਰ ਪੇਸ਼ ਕਰਨਗੇ, ਲੋਕ ਗਾਇਕ ਸ਼ਹੀਦਾਂ ਦੀ ਸ਼ਹਾਦਤ ਦਾ ਬ੍ਰਿਤਾਂਤ ਸੰਗੀਤਕ ਵੰਨਗੀਆਂ ਵਿਚ ਪੇਸ਼ ਕਰਨਗੇ। ਬੱਚਿਆਂ ਵਲੋਂ ਗੀਤ, ਕਵਿਤਾ ਤੇ ਗਿੱਧਾ- ਭੰਗੜਾ ਦਾ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਮੁੱਖ ਮਹਿਮਾਨ ਤੇ ਬੁਲਾਰੇ ਵਜੋਂ ਡਾ. ਹਰਸ਼ਿੰਦਰ ਕੌਰ ਪਟਿਆਲਾ ਅਤੇ ਸ. ਜਰਨੈਲ ਸਿੰਘ ਅੱਚਰਵਾਲ ਮੇਲੇ ਵਿਚ ਸ਼ਾਮਿਲ ਹੋਣਗੇ।
ਪ੍ਰਬੰਧਕਾਂ ਨੇ ਇਹ ਵੀ ਦੱਸਿਆ ਕਿ ਮੇਲੇ ਵਾਲੇ ਦਿਨ ਦੁਪਿਹਰ 12:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ ਬੱਚਿਆਂ ਵਲੋਂ ਖਾਸ ਪ੍ਰੋਗਰਾਮ ਹੋਵੇਗਾ ਜਿਸ ਦੌਰਾਨ ਕੋਈ ਵੀ ਬੱਚਾ ਹਿੱਸਾ ਲੈ ਸਕਦਾ ਹੈ। ਮੀਟਿੰਗ ਦੌਰਾਨ ਬੀਤੇ ਸਮੇਂ ਵਿਚ ਹੋਏ ਹਰ ਮੇਲੇ ਵਿਚ ਸਹਿਯੋਗ ਦੇਣ ਲਈ ਸੈਂਟਰਲ ਵੈਲੀ ਦੇ ਭਾਰਤੀ ਭਾਈਚਾਰੇ ਅਤੇ ਸਾਰੀਆਂ ਸੰਸਥਵਾਂ ਦਾ ਧੰਨਵਾਦ ਕੀਤਾ ਗਿਆ ਅਤੇ ਇਸ ਵਾਰ ਵੀ ਸਭ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਇਸ ਮੀਟਿੰਗ ਵਿਚ ਸਮੂਹ ਪ੍ਰਬੰਧਕਾਂ ਅਤੇ ਸਹਿਯੋਗੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪੋ ਆਪਣੇ ਵਿਚਾਰ ਸਾਂਝੇ ਕੀਤੇ।

## ਪੁਸਤਕ ਨਿਰੀਖਣ

# ਹਰਿੰਦਰ ਸਿੰਘ ਮਹਿਬੂਬ ਦੀ ਵਿਚਾਰਧਾਰਾ

### ਲੇਖਕ ਅਮਰੀਕ ਸਿੰਘ ਧੌਲ

ਅਜੋਕੇ ਸਮਿਆਂ ਵਿਚ ਪੰਜਾਬੀ ਦੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਲੇਖਕ ਹੀ ਸਿੱਖੀ ਨੂੰ ਸਮਰਪਿਤ ਹਨ ਜੋ ਸਿੱਖੀ ਬਾਰੇ ਅਤੇ ਇਸ ਉੱਤੇ ਹੋ ਰਹੇ ਹਮਲਿਆਂ ਬਾਰੇ ਲਿਖ ਕੇ ਸਿੱਖਾਂ ਨੂੰ ਜਾਗਰੂਕ ਕਰ ਰਹੇ ਹਨ। ਇਸ ਪ੍ਰਸੰਗ ਵਿਚ ਬਰਤਾਨੀਆ ਨਿਵਾਸੀ ਲੇਖਕ ਅਮਰੀ ਸਿੰਘ ਧੌਲ ਦੀ ਪੁਸਤਕ 'ਹਰਿੰਦਰ ਸਿੰਘ ਮਹਿਬੂਬ ਦੀ ਵਿਚਾਰਧਾਰਾ ਵਰਨਣ ਯੋਗ ਹੈ। ਪ੍ਰੋ. ਮਹਿਬੂਬ ਉਹ ਵਿਲੱਖਣ ਚਿੰਤਕ, ਅਤੇ ਕਵੀ ਹੈ ਜਿਸ ਨੇ ਸਿੱਖੀ ਬਾਰੇ




ਨਿੱਠ ਕੇ ਅਤੇ ਭਰਪੂਰ ਰੂਪ ਵਿਚ ਲਿਖਿਆ ਹੈ। ਉਨ੍ਹਾਂ ਦੀਆਂ ਰਚਨਾਵਾਂ 'ਚ 'ਸਹਿਜੇ ਰਚਿਓ ਖਾਲਸਾ' (ਵਾਰਤਿਕ) ਵਿਚ ਅੱਠ ਪੁਸਤਕਾਂ ਝਨਾਂ ਦੀ ਰਾਤ' (ਕਵਿਤਾ) ਵਿਚ ਸੱਤ ਪੁਸਤਕਾਂ ਸੰਮਿਲਤ ਹਨ ਅਤੇ 'ਇਲਾਹੀ ਨਦਰ ਦੇ ਪੈਂਡੇ' ਦੀਆਂ ਤਿੰਨ ਜਿਲਦਾਂ ਪ੍ਰਮੁੱਖ ਹਨ। ਉਨ੍ਹਾਂ ਦੀ ਸਗਲੀ ਰਚਨਾ ਵਿਚ ਸਿੱਖੀ ਮੁਹੱਬਤ ਦੀ ਨੈਂ ਸ਼ੂਕਦੀ ਹੈ। ਨਿਸਚੇ ਹੀ ਉਨ੍ਹਾਂ ਨੂੰ ਸਿੱਖੀ 'ਤੇ ਹੁੰਦੇ ਹਮਲਿਆਂ ਦੀ ਫ਼ਿਕਰ ਮੰਦੀ ਹੈ। ਅਮਰੀਕ ਸਿੰਘ ਧੌਲ ਨੇ ਪ੍ਰੋ. ਮਹਿਬੂਬ ਦੀ ਸੰਗਤ ਮਾਣੀ ਹੈ। ਉਸ ਨੂੰ ਉਨ੍ਹਾਂ ਦੀ ਰਚਨਾ ਪ੍ਰਕਿਰਿਆ ਦਾ ਗਿਆਨ ਹੈ ਤੇ ਨਾਲੇ ਦੋਹਾਂ ਦੇ ਖਿਆਲਾਂ ਦੀ ਸੱਬਰੀ ਵੀ ਪੈਂਦੀ ਹੈ। ਇਸੇ ਕਾਰਨ ਚੇਤਨ ਸਿੰਘ ਦੇ ਸੁਝਾਅ ਉਪਰੰਤ ਇਹ ਪੁਸਤਕ ਹੋਂਦ ਵਿਚ ਆਈ। ਇਸ ਵਿਚ ਪ੍ਰੋ. ਮਹਿਬੂਬ ਦੇ ਜੀਵਨ ਤੇ ਰਚਨਾਵਾਂ ਦੀਆਂ ਛੋਹਾਂ ਦੇ ਕੇ ਅਨ੍ਹਾਂ ਦੀ ਵਿਚਾਰਧਾਰਾ ਨੂੰ ਬੜੀ ਹੀ ਖੂਬਸੂਰਤੀ ਨਾਲ ਚਿਤਰਿਆ ਗਿਆ ਹੈ।
ਪ੍ਰੋ. ਮਹਿਬੂਬ ਦਾ ਮੱਤ ਹੈ ਕਿ ਜਦੋਂ ਤੱਕ ਕੌਮਾਂ ਆਪਣੇ ਧਾਰਮਿਕ ਬਜ਼ੁਰਗਾਂ-ਪੈਗੰਬਰਾਂ ਦੇ ਨਿਕਟ ਸਾਏ ਵਿਚ ਵਿਚਰਦੀਆਂ ਹਨ ਉਨ੍ਹਾਂ ਵਿਚ ਧਰਮ ਦੀ ਮੌਲਿਕਤਾ ਬਣੀ ਰਹਿੰਦੀ ਹੈ (ਜਿਸ ਨੂੰ ਉਹ 'ਪਹਿਲ-ਤਾਜ਼ਗੀ' ਦਾ ਨਾਂ ਦਿੰਦੇ ਹਨ). ਪਰ ਸਮੇਂ ਦੀ ਦੂਰੀ ਨਾਲ ਧਰਮ ਵਿਚ ਰਲਾਅ ਅਤੇ ਮਿਲਾਵਟ ਪ੍ਰਵੇਸ਼ ਕਰ ਜਾਂਦੇ ਹਨ ਜੋ ਕੌਮਾਂ 'ਚ ਗਿਰਾਵਟ ਦਾ ਕਾਰਨ ਆਣ ਬਣਦੇ ਹਨ। ਮਹਿਬੂਬ ਨੇ ਦੇਸ਼ ਵੰਡ ਦਾ ਦੁਖਾਂਤ ਵੇਖਿਆ ਤੇ 84 ਜੂਨ ਨਵੰਬਰ ਦੀ ਸਿੱਖ ਪੀੜ ਹੰਡੀ ਹੰਢਾਈ ਹੈ। ਸਿੱਖ ਲੀਡਰਸ਼ਿਪ ਦੀ ਦਗੇਬਾਜ਼ੀ ਤੇ ਸਿੱਖਾਂ ਦੀ ਹੋਣੀ ਨੂੰ ਨਿਹਾਰਿਆ ਹੈ। ਸਿੱਖ ਲੀਡਰ ਕਿਵੇਂ ਸਾਜਿਸ਼ੀ ਜੁਲਮਾਂ ਵਿਚ ਫਸੇ ਹਨ ਤੇ ਫਸਾਏ ਜਾ ਰਹੇ ਹਨ? ਕਿਵੇਂ ਕੌਮ ਦੀ ਦੁਰਗਤੀ ਹੋ ਰਹੀ ਹੈ? ਕਿਵੇਂ ਬਿਪਰ-ਸੰਸਕਾਰ ਸਿੱਖ ਧਾਰਮਿਕ ਗ੍ਰੰਥਾਂ ਵਿਚ ਰਲਾਵਟ ਕਰਕੇ ਸਿੱਖਾਂ ਨੂੰ ਬੇਸੁਧ ਤੇ ਬੇਸੇਧ ਕਰ ਰਿਹਾ ਹੈ? ਪ੍ਰੋ. ਮਹਿਬੂਬ ਦੀ ਵਿਚਾਰ ਧਾਰਾ ਦਾ ਇਹ ਸਭੋ ਕੁਝ ਹੀ ਧੌਲ ਨੇ ਪੁਸਤਕ ਵਿਚ ਬੜੀ ਬਰੀਕਬੀਨੀ ਤੇ ਸੁੰਦਰਤਾ ਸਾਹਿਤ ਬਿਆਨ ਕੀਤਾ ਹੈ। ਜਿੱਥੇ ਲੇਖਕ ਪ੍ਰੋ. ਮਹਿਬੂਬ ਦੀ ਕਵਿਤਾ ਦਾ ਵਾਰਤਿਕ ਵਿਚ ਸਰਲੀਕਰਨ ਕਰਦਾ ਹੈ, ਉਥੇ ਅਰਥਾਂ ਵਿਚ ਭੋਰਾ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਛੱਡਦਾ। ਲਗਦਾ ਹੈ ਹੈ ਜਿਵੇਂ ਉਹ ਪ੍ਰੋ. ਮਹਿਬੂਬ ਦੇ ਰਚਨਾ ਸੰਸਾਰ ਦਾ ਵਾਸੀ ਹੀ ਹੋਵੇ। ਪੁਸਤਕ ਵਿਚ ਸ਼ਾਮਲ ਅੰਗਰੇਜ਼ੀ ਖੰਡਾਂ ਵਿਚ ਵਿਦੇਸ਼ੀ ਸਿੱਖਾਂ ਦੀ ਵਿਸ਼ੇਸ਼ਕਰ ਨਵੀਂ ਪੀੜ੍ਹੀ ਲਈ ਸਿੱਖ ਧਰਮ ਦੇ ਵਿਭਿੰਨ ਪਹਿਲੂਆਂ ਬਾਰੇ ਵਿਸ਼ੇਸ਼ ਜਾਣਕਾਰੀ ਸ਼ਾਮਲ ਹੈ ਅਤੇ ਇਨ੍ਹਾਂ ਵਿਚ ਸਿੱਖੀ ਲਈ ਸਭ ਤੋਂ ਵੱਡੇ ਖ਼ਤਰੇ ਬਿਪਰ ਸੰਸਕਾਰ ਦੇ ਸਿੱਖ ਗ੍ਰੰਥਾਂ ਵਿਚ ਰਲ਼ਾਵਟ ਕਰਕੇ ਸਿੱਖਾਂ ਵਿਚ ਸ਼ੰਕੇ ਭਰਮ ਖੜ੍ਹੇ ਕਰਨ ਦਾ ਜ਼ਿਕਰ ਹੈ ਜਿਸ ਨੂੰ ਪੜ੍ਹ ਕੇ ਸਿੱਖ ਅਜਿਹੀਆਂ ਸਾਜਿਸ਼ਾਂ ਤੋਂ ਸਾਵਧਾਨ ਤੇ ਜਾਗਰੂਕ ਹੋ ਸਕਦੇ ਹਨ।
ਮੁਕਦੀ ਗੱਲ, ਇਸ ਪੁਸਤਕ ਵਿਚ ਸ: ਧੌਲ ਨੇ ਪ੍ਰੋ. ਮਹਿਬੂਬ ਦੀ ਰਚਨਾ ਤੇ ਵਿਚਾਰਧਾਰਾ ਨੂੰ ਬਹੁਤ ਹੀ ਸ਼ਹਿਰਦਤਾ, ਸਪੱਸ਼ਟਤਾ, ਸਲੀਕੇ ਤੇ ਸਫ਼ਲਤਾ ਸਹਿਤ ਬਿਆਨ ਕੀਤਾ ਹੈ। ਲੇਖਕ ਨੂੰ ਮੁਬਾਕਬਾਦ। ਤੇ ਪਾਠਕਾਂ ਨੂੰ ਪੁਰਜ਼ੋਰ ਬੇਨਤੀ ਕਿ ਉਹ ਇਸ ਅਨੂਠੀ ਰਚਨਾ ਨੂੰ ਪੜ੍ਹਨ ਅਤੇ ਪ੍ਰੋ. ਮਹਿਬੂਬ ਦੀ ਵਿਚਾਰਧਾਰਾ ਵਿਚਲੀਆਂ ਪਤੇ ਦੀਆਂ ਗੱਲਾਂ ਨੂੰ ਪੱਲੇ ਬੰਨ੍ਹ ਕੇ ਲਾਭ ਉਠਾਉਣ। **-ਸ਼ੇਰ ਸਿੰਘ ਕੰਵਲ**

# ਹੋਲੇ ਮਹੱਲੇ ਮੌਕੇ ਹੋਵੇਗਾ ਸ਼ਰਧਾਲੂਆਂ ਦਾ ਬੀਮਾ

**ਸ੍ਰੀ ਆਨੰਦਪੁਰ ਸਾਹਿਬ /ਬਿਊਰੋ ਨਿਊਜ਼** : ਹੁਣ ਹੋਲੇ ਮਹੱਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਦਾ ਬੀਮਾ ਵੀ ਕੀਤਾ ਜਾਵੇਗਾ। ਹੋਲੇ ਮਹੱਲ ਦੇ ਇਤਿਹਾਸ 'ਚ ਪਹਿਲੀ ਵਾਰ ਇਹ ਸਹੂਲਤ ਸ਼ੁਰੂ ਹੋਣ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਹ ਹੁਕਮ ਜਾਰੀ ਕੀਤੇ ਹਨ।
ਇਸ ਦੀ ਪੁਸ਼ਟੀ ਕਰਦਿਆਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਇਹ ਹੁਕਮ ਜਾਰੀ ਕੀਤੇ ਗਏ ਹਨ ਕਿ ਹੋਲੇ ਮਹੱਲੇ ਮੌਕੇ ਹਰ ਸਾਲ 25-30 ਲੱਖ ਸ਼ਰਧਾਲੂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸਮੇਤ ਹੋਰ ਗੁਰਦੁਆਰਿਆਂ ਵਿਖੇ ਨਤਮਸਤਕ ਹੋਣ ਲਈ ਆਉਂਦੇ ਹਨ। ਇਸ ਦੌਰਾਨ ਜੇਕਰ ਕੋਈ ਸ਼ਰਧਾਲੂ ਦੇ ਕਿਸੇ ਸੜਕ ਹਾਦਸੇ ਜਾਂ ਕਿਸੇ ਹੋਰ ਹਾਦਸੇ ਦਾ ਸ਼ਿਕਾਰ ਹੋਣ ਨਾਲ ਕੋਈ ਜਾਨੀ ਨੁਕਸਾਨ ਹੁੰਦਾ ਹੈ ਜਾਂ ਕੋਈ ਸੱਟ ਲੱਗਦੀ ਹੈ ਤਾਂ ਉਸ ਦੀ ਭਰਪਾਈ ਕੀਤੀ ਜਾਣੀ ਬਣਦੀ ਹੈ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਦੇ 15 ਕਿਲੋਮੀਟਰ ਦੇ ਘੇਰੇ ਅੰਦਰ ਅਜਿਹੇ ਕਿਸੇ ਵੀ ਹਾਦਸੇ ਦਾ ਸਾਹਮਣਾ ਹੋਣ ਦੀ ਸੂਰਤ ਵਿੱਚ ਲੱਖਾਂ ਸ਼ਰਧਾਲੂਆਂ ਦਾ ਬੀਮਾ ਕਰਵਾਇਆ ਜਾਵੇਗਾ ਤਾਂ ਜੋ ਉਨ੍ਹਾਂ ਦੇ ਪਰਿਵਾਰ ਨੂੰ ਮਾਲੀ ਸਹਾਇਤਾ ਮਿਲ ਸਕੇ।

# ਅਜੋਕੇ ਹਾਕਮਾਂ ਨੂੰ ਲੋੜੀਂਦੀ ਹੈ ਪ੍ਰਾਚੀਨ ਦਾਨਾਈ...

**ਹਰੀਸ਼ ਖ਼ਰੇ**



ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਡਾ. ਮੁਰਲੀ ਮਨੋਹਰ ਜੋਸ਼ੀ ਅੱਜ ਦੇਸ਼ ਵਿਚਲੀਆਂ ਸੂਝਵਾਨ ਹਸਤੀਆਂ ਵਿੱਚੋਂ ਇੱਕ ਹਨ। ਭਾਵੇਂ ਇਹ ਸਾਬਕਾ ਕੇਂਦਰੀ ਕੈਬਨਿਟ ਮੰਤਰੀ ਭਾਜਪਾ ਦਾ ਸੰਸਦ ਮੈਂਬਰ ਹੈ, ਪਰ ਇਹ ਜਾਣਿਆ-ਪਛਾਣਿਆ ਤੱਥ ਹੈ ਕਿ ਭਾਜਪਾ ਇਸ ਸੂਝਵਾਨ ਸ਼ਖ਼ਸੀਅਤ ਦੀ ਹੁਣ ਬਹੁਤੀ ਪਰਵਾਹ ਨਹੀਂ ਕਰਦੀ। ਆਪਣੇ ਆਪ ਤਕ ਸੀਮਿਤ ਰਹਿਣ ਲਈ ਮਜਬੂਰ ਕੀਤੇ ਗਏ ਡਾ. ਜੋਸ਼ੀ ਅੱਜਕੱਲ੍ਹ ਸਭ ਤੋਂ ਉਮਦਾ ਕਾਰਜ-ਬੌਧਿਕ ਚਿੰਤਨ ਦਾ ਆਨੰਦ ਮਾਣਦੇ ਆ ਰਹੇ ਹਨ। ਅਤੇ ਉਨ੍ਹਾਂ ਵੱਲੋਂ ਕੀਤੀਆਂ ਜਾਂਦੀਆਂ ਟਿੱਪਣੀਆਂ ਉੱਤੇ ਪ੍ਰਪੱਕਤਾ ਅਤੇ ਤਜਰਬੇ ਦੀ ਛਾਪ ਹੁੰਦੀ ਹੀ ਹੈ।

ਮੇਰੇ ਵੱਲੋਂ ਉਨ੍ਹਾਂ ਦੇ ਅਜਿਹੇ ਸੋਹਲੇ ਗਾਉਣ ਦੀ ਵਜ੍ਹਾ ਹੈ ਉਨ੍ਹਾਂ ਵੱਲੋਂ ਲਿਖਿਆ ਗਿਆ ਲੇਖ। ਡਾ. ਜੋਸ਼ੀ ਨੇ ਹਾਲ ਹੀ ਵਿੱਚ ਰਾਜਧਰਮ, ਹਾਊ ਰੂਲਰਜ਼ ਮਸਟ ਕੰਡਕਟ: ਲੈਸਨਜ਼ ਫਰੌਮ ਏਨਸ਼ੀਐਂਟ ਇੰਡੀਆ' (ਰਾਜਧਰਮ, ਹਾਕਮ ਕਿਵੇਂ ਵਿਵਹਾਰ ਕਰਨ: ਪੁਰਾਤਨ ਭਾਰਤ ਦੇ ਸਬਕ) ਸਿਰਲੇਖ ਹੇਠ ਸੂਖ਼ਮਦ੍ਰਿਸ਼ਟੀ ਵਾਲਾ ਇੱਕ ਲੰਮਾ ਲੇਖ ਲਿਖਿਆ ਹੈ। ਇਹ ਮਹੱਤਵਪੂਰਨ ਤੇ ਤਰਕਪੂਰਨ ਲੇਖ ਪਾਵਰ ਪੌਲਿਟਿਕਸ' (ਸੱਤਾ ਦੀ ਸਿਆਸਤ) ਨਾਂ ਦੇ ਮੈਗਜ਼ੀਨ ਵਿੱਚ ਆਇਆ ਜੋ ਕਈ ਵਰ੍ਹੇ ਪਹਿਲਾਂ ਮੇਰੇ ਵਾਲੇ ਅਹੁਦੇ 'ਤੇ ਰਹੇ ਹਰੀ ਜੈਸਿੰਘ ਵੱਲੋਂ ਕੱਢਿਆ ਜਾਂਦਾ ਹੈ। ਉਹ ਸੰਨ 1994 ਤੋਂ 2003 ਤਕ ਨੌਂ ਸਾਲ ਟ੍ਰਿਬਿਊਨ' ਦੇ ਸੰਪਾਦਕ ਰਹੇ ਅਤੇ ਦਸ ਸਾਲਾਂ ਤੋਂ ਪਾਵਰ ਪੌਲਿਟਿਕਸ' ਦਾ ਸੰਪਾਦਨ ਕਰਦੇ ਆ ਰਹੇ ਹਨ। ਇਹ ਗ਼ੈਰ-ਦਿਖਾਵਟੀ, ਸੰਜੀਦਾ ਕਿਸਮ ਦਾ ਮੈਗਜ਼ੀਨ ਹੈ।

ਆਪਣੇ ਵਿਸ਼ੇਸ਼ ਲੇਖ ਵਿੱਚ ਡਾ. ਮੁਰਲੀ ਮਨੋਹਰ ਜੋਸ਼ੀ ਨੇ ਆਧੁਨਿਕ ਹਾਕਮਾਂ ਲਈ ਇੱਕ ਤਰ੍ਹਾਂ ਦਾ ਕਾਇਦਾ ਹੀ ਰਚ ਦਿੱਤਾ ਹੈ ਜੋ ਰਮਾਇਣ, ਮਹਾਂਭਾਰਤ, ਵੇਦਾਂ ਅਤੇ ਕੌਟਲਯ ਦੇ ਅਰਥਸ਼ਾਸਤਰ ਜਿਹੇ ਪੁਰਾਤਨ ਗਰੰਥਾਂ ਉੱਤੇ ਆਧਾਰਿਤ ਹੈ।

ਹੈਰਾਨੀਜਨਕ ਢੰਗ ਨਾਲ ਡਾ. ਜੋਸ਼ੀ ਜਿਹੜੇ ਨੁਕਤਿਆਂ ਦਾ ਵਰਣਨ ਕਰਦੇ ਹਨ, ਉਹ ਆਧੁਨਿਕ ਉਦਾਰਵਾਦੀ ਸੰਵਿਧਾਨਕ ਵਿਵਸਥਾ ਦੇ ਮੁੱਢਲੇ ਸਿਧਾਂਤਾਂ ਵਿੱਚ ਸ਼ਾਮਿਲ ਹੋ ਸਕਦੇ ਹਨ। ਮਿਸਾਲ ਵਜੋਂ: "ਜਿਵੇਂ ਇਕੱਲੇ ਇੱਕ ਪਹੀਏ ਨਾਲ ਰਥ ਨਹੀਂ ਚੱਲ ਸਕਦਾ, ਉਸੇ ਤਰ੍ਹਾਂ ਇਕੱਲਾ ਰਾਜਾ ਰਾਜ ਪ੍ਰਬੰਧ ਨਹੀਂ ਚਲਾ ਸਕਦਾ," ਜਾਂ "ਰਾਜੇ ਨੂੰ ਦਰਪ (ਹੈਂਕੜ) ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਚਾਲਬਾਜ਼ੀ ਤੇ ਮੱਕਾਰੀ ਤੋਂ ਮੁਕਤ ਹੋਣਾ ਚਾਹੀਦਾ ਹੈ," ਜਾਂ "ਰਾਜੇ ਨੂੰ ਰਿਆਇਆ ਦੇ ਦਮਨ ਅਤੇ ਧਰਮ ਦੀ ਉਲੰਘਣਾ ਕਰਨ ਦਾ ਅਧਿਕਾਰ ਨਹੀਂ ਹੁੰਦਾ... ਰਾਜੇ ਨੂੰ ਤਾਂ ਦੰਡ, ਕਾਨੂੰਨ ਅਤੇ ਪ੍ਰਸ਼ਾਸਨ ਦਾ ਭੈਅ ਹੋਰ ਸਭ ਨਾਲੋਂ ਜ਼ਿਆਦਾ ਹੁੰਦਾ ਹੈ।" ਇਹ ਸਭ ਹੋਰ ਕੁਝ ਨਹੀਂ ਸਗੋਂ ਜਵਾਬਦੇਹ ਪ੍ਰਸ਼ਾਸਨ ਦਾ ਮੂਲ ਹੈ।

ਦਰਅਸਲ, ਆਧੁਨਿਕ ਸਮਿਆਂ ਵਿੱਚ ਸਿਆਸੀ ਚੁਣੌਤੀ ਦਾ ਮੁੱਢਲਾ ਕਾਰਜ ਇਹੀ ਯਕੀਨੀ ਬਣਾਉਣਾ ਰਹਿ ਗਿਆ ਹੈ ਕਿ ਕਾਰਜਪਾਲਿਕਾ ਆਪਣੀਆਂ ਸੀਮਾਵਾਂ ਵਿੱਚ ਰਹਿ ਕੇ ਹੀ ਕਾਰਜ ਕਰੇ। ਮਿਸਾਲ ਵਜੋਂ, ਰਿਚਰਡ ਨਿਕਸਨ ਦੇ ਵਾਈਟ ਹਾਊਸ ਵਿੱਚ ਅਮਰੀਕੀ ਰਾਸ਼ਟਰਪਤੀ ਵਜੋਂ ਕਾਰਜਕਾਲ ਦੌਰਾਨ ਇਹ ਵਾਜਬ ਤੌਖ਼ਲਾ ਸੀ ਕਿ ਰਾਸ਼ਟਰਪਤੀ ਰਾਜਸ਼ਾਹੀ ਵਾਲਾ ਪ੍ਰਬੰਧ' ਠੋਸਣ ਦੀ ਕੋਸ਼ਿਸ਼ ਕਰ ਰਿਹਾ ਹੈ।

ਸਾਡੀ ਪੁਰਾਤਨ ਸਿਆਸੀ ਸੂਝ ਤਾਕੀਦ ਕਰਦੀ ਹੈ ਕਿ ਇੱਕ ਰਾਜੇ ਨੂੰ ਜ਼ਬਤ ਵਿੱਚ ਰਹਿ ਕੇ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਨੀ ਹੋਵੇਗੀ: "ਰਾਜੇ ਤੋਂ ਅਨੁਸ਼ਾਸਨ ਵਿੱਚ ਰਹਿ ਕੇ ਰਾਜ ਕਰਨ ਦੀ ਤਵੱਕੋ ਉਸ ਮਕਸਦ ਲਈ ਕੀਤੀ ਜਾਂਦੀ ਹੈ ਜਿਸ ਲਈ ਉਸ ਹੱਥ ਪ੍ਰਸ਼ਾਸਕੀ ਸੱਤਾ ਦਿੱਤੀ ਗਈ ਹੈ, ਅਤੇ ਮਹਾਂਭਾਰਤ ਰਾਜੇ ਨੂੰ ਖ਼ਾਸ ਜ਼ਬਤ ਵਿੱਚ ਰਹਿ ਕੇ



ਸ਼ਕਤੀਆਂ ਦੀ ਵਰਤੋਂ ਕਰਨ ਲਈ ਕਹਿੰਦਾ ਹੈ," ਡਾ. ਜੋਸ਼ੀ ਨਿਚੋੜ ਕੱਢਦੇ ਹਨ।

ਉਹ ਫਿਰ ਸਾਨੂੰ ਦੱਸਦੇ ਹਨ, "ਤਾਕਤ ਦੀ ਵਰਤੋਂ ਆਪਣੀ ਮਨਮਰਜ਼ੀ ਨਾਲ ਨਹੀਂ ਸਗੋਂ ਧਰਮ ਅਨੁਸਾਰ ਕਰਨੀ ਹੁੰਦੀ ਹੈ," ਜੋ ਉਦਾਰ ਰਾਜ ਪ੍ਰਬੰਧ ਅਤੇ ਆਧੁਨਿਕ ਨਿਆਂ-ਸ਼ਾਸਤਰ ਦਾ ਕੇਂਦਰੀ ਸਿਧਾਂਤ ਹੈ। ਜਿਵੇਂ ਡਾ. ਜੋਸ਼ੀ ਲਿਖਦੇ ਹਨ, "ਮਹਾਂਰਿਸ਼ੀ ਵਿਆਸ ਤਾਕੀਦ ਕਰਦੇ ਹਨ ਕਿ ਰਾਜਾ ਆਪਣੀ ਪਰਜਾ ਨੂੰ ਆਪਣੇ (ਰਾਜੇ ਦੇ) ਭੈਅ ਤੋਂ; ਹੋਰਾਂ ਦੇ ਭੈਅ ਤੋਂ; ਇੱਕ-ਦੂਜੇ ਦੇ ਭੈਅ ਤੋਂ ਅਤੇ ਗ਼ੈਰ-ਮਨੁੱਖੀ ਸ਼ੈਆਂ ਦੇ ਭੈਅ ਤੋਂ ਮੁਕਤ ਕਰੇ।" ਸਿੱਧੇ ਸ਼ਬਦਾਂ ਵਿੱਚ ਕਹੀਏ: ਖ਼ਾਸ ਵਿਅਕਤੀਆਂ, ਰਾਜਿਆਂ ਅਤੇ ਰਾਜਕੁਮਾਰਾਂ ਦੇ ਰਾਜ ਦੀ ਬਜਾਏ ਕਾਨੂੰਨ ਦਾ ਰਾਜ ਹੋਵੇ।

ਕਾਫ਼ੀ ਅਨੋਖੇ ਢੰਗ ਨਾਲ ਪੁਰਾਤਨ ਲਿਖਤਾਂ ਅਜਿਹੇ ਢੰਗ ਨਾਲ ਧਰਮ ਨੂੰ ਪਰਿਭਾਸ਼ਤ ਕਰਦੀਆਂ ਹਨ ਜੋ ਆਧੁਨਿਕ ਸਮਿਆਂ ਵਿੱਚ ਧਰਮ ਨਿਰਪੇਖ ਵਿਵਸਥਾ ਆਖੇ ਜਾਂਦੇ ਪ੍ਰਬੰਧ ਉੱਤੇ ਪੂਰੀ ਤਰ੍ਹਾਂ ਢੁੱਕਵਾਂ ਹੋਵੇ: "ਧਰਮ ਇੱਕ ਦੂਜੇ ਦੇ ਵਿਰੋਧੀ ਧਾਰਮਿਕ ਮੱਤਾਂ' ਦਰਮਿਆਨ ਇੱਕ ਹੋਰ ਧਾਰਮਿਕ ਮੱਤ' ਨਹੀਂ ਹੈ। ਪਰ ਧਰਮ ਕਿਸੇ ਧਾਰਮਿਕ ਮੱਤ ਦਾ ਵਿਰੋਧੀ ਵੀ ਨਹੀਂ ਸਗੋਂ ਧਰਮ ਤਾਂ ਧਾਰਮਿਕਤਾ' ਦੀ ਬੁਨਿਆਦ ਹੈ। ਇਸ ਲਈ ਆਪਣੇ ਸੰਸਥਾਗਤ ਰੂਪ ਵਿੱਚ ਧਰਮ ਲੋਕਾਂ ਵਿੱਚ ਵੰਡੀਆਂ ਪਾਉਂਦਾ ਹੈ ਜਦੋਂਕਿ ਧਰਮ ਦਾ ਅਸਲੀ ਸਰੂਪ ਉਨ੍ਹਾਂ ਨੂੰ ਜੋੜਦਾ ਹੈ।

ਡਾ. ਜੋਸ਼ੀ ਦੇ ਵਿਚਾਰ ਇਹ ਯਾਦ-ਦਹਾਨੀ ਕਰਵਾਉਂਦੇ ਹਨ ਕਿ ਸ਼ਾਸਨਕਲਾ ਦੇ ਸਿਧਾਂਤਾਂ ਵਿੱਚ ਯਕੀਨਨ ਸਦੀਵਤਾ ਹੁੰਦੀ ਹੈ ਅਤੇ ਇਤਿਹਾਸਕਾਰਾਂ ਉੱਤੇ ਇਨ੍ਹਾਂ ਨੂੰ ਅਗਲੇਰੀਆਂ ਪੀੜ੍ਹੀਆਂ ਲਈ ਰਿਕਾਰਡ ਕਰਨ ਦਾ ਬੋਝ ਹੁੰਦਾ ਹੈ ਤਾਂ ਜੋ ਇਹ ਪਤਾ ਲੱਗ ਸਕੇ ਕਿ ਜਦੋਂ ਨਾਸਮਝ ਹਾਕਮ ਇਨ੍ਹਾਂ ਸਿਧਾਂਤਾਂ ਨੂੰ ਅਣਗੌਲਿਆਂ ਕਰਦੇ ਹਨ ਤਾਂ ਇਸ ਦੇ ਕੀ ਸਿੱਟੇ ਨਿਕਲਦੇ ਹਨ।

**ਸ਼ਹੀਦੀਆਂ ਅਤੇ ਸਿਆਸਤ**

ਭਾਰਤ ਵਿੱਚ ਸਿਆਸੀ ਜਮਾਤ ਆਪਣੇ ਆਪ ਨੂੰ ਇੱਕ ਤਰ੍ਹਾਂ ਸ਼ਹੀਦਾਂ ਦੇ ਪੱਖ ਵਿੱਚ ਹੋਣ ਦੀ ਗੱਲ ਕਰਦੀ ਹੈ। ਕਿਉਂਕਿ ਸਾਡੀ ਬਹੁਤੀ ਸਿਆਸਤ ਰਾਸ਼ਟਰਵਾਦ, ਕੌਮੀ ਸੁਰੱਖਿਆ, ਬਲੀਦਾਨ, ਦੇਸ਼ਭਗਤੀ ਅਤੇ ਅਜਿਹੇ ਹੋਰ ਵਿਸ਼ਿਆਂ ਦੁਆਲੇ ਘੁੰਮਣ ਲੱਗੀ ਹੈ; ਇਸ ਲਈ ਭਾਰਤ-ਪਾਕਿਸਤਾਨ ਸਰਹੱਦ ਉੱਤੇ ਆਪਣੀ ਜਾਨ ਗੁਆਉਣ ਵਾਲੇ ਹਰ ਜਵਾਨ ਜਾਂ ਅਫ਼ਸਰ ਦੇ ਪਰਿਵਾਰ ਕੋਲ ਸੋਗ ਪ੍ਰਗਟਾਉਣ ਜਾਣਾ ਸਬੰਧਿਤ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਜ਼ਿੰਮੇਵਾਰੀ ਬਣ ਗਈ ਹੈ। ਕਾਰਗਿਲ ਯੁੱਧ ਦੌਰਾਨ ਸ਼ਾਇਦ ਪਹਿਲੀ ਵਾਰ ਅਜਿਹਾ ਹੋਇਆ ਸੀ ਕਿ ਚਤੁਰ ਚਾਲਾਕ ਸਿਆਸਤਦਾਨਾਂ ਨੇ ਸੈਨਿਕਾਂ ਦੀ ਅਜ਼ੀਮ ਕੁਰਬਾਨੀ ਅਤੇ ਸ਼ਹਾਦਤ ਤੋਂ ਚੁਣਾਵੀ ਫ਼ਾਇਦੇ ਹੋ ਸਕਣ ਦੀ ਗੱਲ ਮਹਿਸੂਸ ਕੀਤੀ। ਇਸ ਤੋਂ ਵੀਹ ਸਾਲਾਂ ਬਾਅਦ ਅਸੀਂ ਹਾਲੇ ਵੀ ਪਾਕਿਸਤਾਨ ਖ਼ਿਲਾਫ਼ ਅਣਐਲਾਨੀ ਜੰਗ ਲੜ ਰਹੇ ਹਾਂ ਅਤੇ ਹੁਣ ਅਸੀਂ ਇਸ ਨੂੰ ਨਿੱਤ ਦਾ ਕੰਮ ਬਣਾ ਲਿਆ ਹੈ। ਸਿਆਸਤਦਾਨਾਂ ਨੂੰ ਕਤਾਰ ਬੰਨ੍ਹ ਕੇ ਸ਼ਹੀਦ ਦੇ ਘਰ ਜਾਣਾ ਪੈਂਦਾ ਹੈ; ਸਬੰਧਿਤ ਮੁੱਖ ਮੰਤਰੀ ਨੂੰ ਵੱਡੇ ਮੁਆਵਜ਼ੇ ਦਾ ਐਲਾਨ ਕਰਨਾ ਪੈਂਦਾ ਹੈ, ਕਈ ਵਾਰ ਤਾਂ ਉਹ ਸ਼ਹੀਦ ਦੇ ਪਰਿਵਾਰ ਨੂੰ ਪੈਟਰੋਲ ਪੰਪ ਜਾਂ ਐੱਲਪੀਜੀ ਏਜੰਸੀ ਤਕ ਦੇਣ ਦਾ ਐਲਾਨ ਕਰ ਦਿੰਦਾ ਹੈ; ਕਈ ਵਾਰ ਇਸ ਤੋਂ ਇਲਾਵਾ ਸਰਕਾਰੀ ਨੌਕਰੀ ਦੀ ਮੰਗ ਵੀ ਕੀਤੀ ਅਤੇ ਮੰਨੀ ਜਾਂਦੀ ਹੈ। ਸਿਆਸਤਦਾਨ ਅਜਿਹੇ ਦੁਖਦਾਈ ਸਮੇਂ ਨੂੰ ਦਰਿਆਦਿਲੀ ਦਿਖਾਉਣ ਦੇ ਮੌਕੇ ਵਿੱਚ ਬਦਲ ਦਿੰਦੇ ਹਨ ਜਿਸ ਵਿੱਚ ਮੀਡੀਆ ਤਾੜੀਮਾਰਾਂ ਦੀ ਭੂਮਿਕਾ ਨਿਭਾਉਂਦਾ ਹੈ।

ਕੁਝ ਦਿਨ ਪਹਿਲਾਂ ਕਈ ਹਿੰਦੀ ਅਖ਼ਬਾਰਾਂ ਵੱਲੋਂ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਇਸ ਗੱਲੋਂ ਫਿਟਕਾਰ ਪਾਈ ਗਈ ਕਿਉਂਕਿ ਗੁਰੂਗ੍ਰਾਮ ਵਿੱਚ ਕੈਪਟਨ ਕਪਿਲ ਕੁੰਡੂ ਦੇ ਪਰਿਵਾਰ ਕੋਲ ਸੋਗ ਪ੍ਰਗਟਾਉਣ ਲਈ ਜਾਣ ਵਿੱਚ ਉਹ ਚਾਰ ਦਿਨ ਪਛੜ ਗਏ। ਸਿਆਸਤਦਾਨਾਂ ਦੇ ਅਜਿਹੇ ਦੌਰੇ ਜਜ਼ਬਾਤੀ ਮੌਕੇ ਬਣ ਜਾਂਦੇ ਹਨ ਅਤੇ ਉਨ੍ਹਾਂ ਨੂੰ ਦੁਸ਼ਮਣ ਦੇਸ਼ ਨੂੰ ਸਬਕ ਸਿਖਾਉਣ ਦੀਆਂ ਫੜ੍ਹਾਂ ਮਾਰਨ ਲਈ ਮਜਬੂਰ ਹੋਣਾ ਪੈਂਦਾ ਹੈ।

ਅਖ਼ਬਾਰਾਂ ਵਿੱਚ ਖ਼ਬਰ ਛਪੀ ਸੀ ਕਿ ਇਸੇ ਤਰ੍ਹਾਂ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਜਦੋਂ ਸ਼ਹੀਦ ਹੋਏ ਜਵਾਨ ਦੇ ਘਰ ਕਲਾਨੌਰ ਵਿੱਚ ਅਫ਼ਸੋਸ ਪ੍ਰਗਟਾਉਣ ਗਏ ਤਾਂ ਉਨ੍ਹਾਂ ਨੂੰ ਸ਼ਹੀਦ ਦੇ ਸੋਗਵਾਰ ਪਿਤਾ ਤੋਂ ਤੱਤੀਆਂ-ਠੰਢੀਆਂ ਸੁਣਨੀਆਂ ਪਈਆਂ। ਉਸ ਨੇ ਦੋਸ਼ ਲਾਉਣ ਦੇ ਲਹਿਜੇ ਵਿੱਚ ਮੁੱਖ ਮੰਤਰੀ ਨੂੰ ਆਖਿਆ ਕਿ ਸਰਕਾਰ ਨੇ ਹੀ ਫ਼ੌਜ ਨੂੰ ਰੋਕ ਰੱਖਿਆ ਹੈ ਅਤੇ ਉਹ ਵੀ ਖ਼ੁਦਗਰਜ਼ ਸਿਆਸੀ ਕਾਰਨਾਂ ਕਰਕੇ; ਨਹੀਂ ਤਾਂ ਭਾਰਤੀ ਫ਼ੌਜ ਲਈ ਸਰਹੱਦ ਪਾਰ ਜਾ ਕੇ ਪਾਕਿਸਤਾਨ ਨੂੰ ਸੂਤ ਕਰਨ ਦਾ ਕੰਮ ਮਹਿਜ਼ ਚਾਰ ਘੰਟਿਆਂ ਦਾ ਹੈ। ਇਸ ਪੱਖੋਂ ਪਿੱਛੇ ਨਾ ਰਹਿੰਦਿਆਂ ਮੁੱਖ ਮੰਤਰੀ ਵੀ ਲੱਫ਼ਾਜ਼ੀ ਨੂੰ ਹੋਰ ਅਗਾਂਹ ਲੈ ਗਏ: ਪਾਕਿਸਤਾਨ ਵੱਲੋਂ ਸ਼ਹੀਦ ਕੀਤੇ ਗਏ ਹਰ ਦੋ ਸੈਨਿਕਾਂ ਪਿੱਛੇ ਭਾਰਤ ਵੀਹ ਨੂੰ ਮਾਰੇਗਾ। ਅਜਿਹੀ ਹਰ ਘਟਨਾ' ਜਨਤਕ ਰੌਅ ਨੂੰ ਉਤਪੰਨ ਕਰਦੀ ਹੈ; ਅਜਿਹਾ ਰੌਅ ਮੁਲਕ ਅਤੇ ਸਾਡੇ ਗੁਆਂਢੀ ਮੁਲਕ ਵਿੱਚ ਹਮਲਾਵਰ ਤੇ ਹਿੰਸਕ ਰੁਖ਼ ਪੈਦਾ ਕਰ ਦਿੰਦਾ ਹੈ- ਜੋ ਬਦਲੇ ਵਿੱਚ ਸਰਕਾਰ ਦੇ ਕੂਟਨੀਤਕ ਵਿਕਲਪਾਂ ਨੂੰ ਬਹੁਤ ਹੀ ਸੀਮਿਤ ਕਰ ਦਿੰਦਾ ਹੈ। ਸਰਕਾਰ ਖ਼ੁਦ ਨੂੰ ਬਲੀਦਾਨ ਦੀ ਲੱਫ਼ਾਜ਼ੀ ਵਿੱਚ ਫਸਿਆ ਮਹਿਸੂਸ ਕਰਦੀ ਹੈ। ਹੁਣ ਕਿਉਂਕਿ ਚੋਣਾਂ ਹੋਣ ਵਾਲੀਆਂ ਹਨ, ਸਰਕਾਰ ਤੋਂ ਇਸ ਵੱਲੋਂ ਪਾਕਿਸਤਾਨ ਪ੍ਰਤੀ ਸੁਲ੍ਹਾਕਾਰੀ ਰਵੱਈਆ ਪ੍ਰਗਟਾਉਣ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ। ਲਿਹਾਜ਼ਾ, ਇਸ ਖ਼ਿੱਤੇ ਦੇ ਮੁੱਖ ਮੰਤਰੀਆਂ ਨੂੰ ਸੋਗ ਪ੍ਰਗਟ ਕਰਨ ਹਿੱਤ ਹੋਰ ਦੌਰੇ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

**ਡਾ. ਰੰਧਾਵਾ ਦੀ ਯਾਦ 'ਚ**

ਅਜਿਹਾ ਨਹੀਂ ਹੋ ਸਕਦਾ ਕਿ ਤੁਸੀਂ ਕੰਮ ਲਈ ਚੰਡੀਗੜ੍ਹ ਆਓ ਤੇ ਤੁਹਾਨੂੰ ਮਹਿੰਦਰ ਸਿੰਘ ਰੰਧਾਵਾ ਨਾਂ ਦੇ ਅਦਭੁੱਤ ਸ਼ਖ਼ਸ ਬਾਰੇ ਨਾ ਦੱਸਿਆ ਜਾਵੇ: "ਡਾ. ਰੰਧਾਵਾ ਹੀ ਉਹ ਵਿਅਕਤੀ ਸਨ ਜਿਸ ਨੇ ਇਹ ਸਾਰੇ ਰੁੱਖ ਪੌਦੇ ਲਾਉਣ ਦੀ ਯੋਜਨਾ ਬਣਾਈ।" "ਡਾ. ਰੰਧਾਵਾ ਨੇ ਫਲਾਣਾ ਬਾਗ਼ ਜਾਂ ਫਲਾਣਾ ਅਜਾਇਬਘਰ ਬਣਾਉਣ ਦੇ ਵਿਚਾਰ ਨੂੰ ਉਤਸ਼ਾਹਿਤ ਕੀਤਾ।" ਚੰਡੀਗੜ੍ਹ ਨੂੰ ਖ਼ੂਬਸੂਰਤ ਬਣਾਉਣ ਵਾਲੀਆਂ ਸਾਰੀਆਂ ਛੋਟੀਆਂ ਤੋਂ ਛੋਟੀਆਂ ਚੀਜ਼ਾਂ ਦੀ ਸ਼ੁਰੂਆਤ ਐੱਮ.ਐੱਸ. ਰੰਧਾਵਾ ਦੇ ਸਮੇਂ ਹੋਣ ਬਾਰੇ ਪਤਾ ਲੱਗਦਾ ਹੈ।

ਚੰਡੀਗੜ੍ਹ ਨੂੰ ਇਸ ਸ਼ਖ਼ਸ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਅਤੇ ਇਹ ਸ਼ਹਿਰ ਨਾਸ਼ੁਕਰਿਆਂ ਦਾ ਨਹੀਂ ਹੈ। ਇਸ ਨੇ ਪਿਛਲੇ ਹਫ਼ਤੇ ਉਨ੍ਹਾਂ ਦੇ 110ਵੇਂ ਜਨਮ ਦਿਨ ਮੌਕੇ ਇੱਕ ਹਫ਼ਤਾ ਚੱਲੇ ਡਾ. ਐੱਮ.ਐੱਸ. ਰੰਧਾਵਾ ਕਲਾ ਅਤੇ ਸਾਹਿਤ ਉਤਸਵ' ਜ਼ਰੀਏ ਉਨ੍ਹਾਂ ਨੂੰ ਯਾਦ ਕਰਨ ਦੀ ਸੂਝ ਭਰਿਆ ਕੰਮ ਕੀਤਾ।

ਇਸ ਮੌਕੇ ਪੰਜਾਬ ਕਲਾ ਭਵਨ ਵਿੱਚ ਬਹੁਤ ਹੀ ਸੁਹਜ ਭਰੇ ਢੰਗ ਨਾਲ ਫੋਟੋ ਪ੍ਰਦਰਸ਼ਨੀ ਲਾਈ ਗਈ। ਤਸਵੀਰਾਂ ਵਿੱਚ ਡਾ. ਰੰਧਾਵਾ ਨੂੰ ਵੱਡੀਆਂ ਹਸਤੀਆਂ ਤੇ ਰਸੂਖ਼ਵਾਨਾਂ ਦੀ ਸੰਗਤ ਵਿੱਚ ਬੈਠਦੇ ਉੱਠਦੇ ਦਿਖਾਇਆ ਗਿਆ, ਪਰ ਮੇਰਾ ਧਿਆਨ ਇਸ ਗੱਲ ਨੇ ਖਿੱਚਿਆ ਕਿ (ਜ਼ਿਆਦਾਤਰ ਸੂਟ ਤੇ ਟਾਈ ਪਹਿਨਣ ਵਾਲੀ) ਤਾਉਮਰ ਅਫ਼ਸਰ ਰਹੀ ਇਹ ਸ਼ਖ਼ਸੀਅਤ ਕਲਾਕਾਰਾਂ, ਲੇਖਕਾਂ ਤੇ ਅਦਾਕਾਰਾਂ ਦੀ ਸੰਗਤ ਵਿੱਚ ਸਭ ਤੋਂ ਖ਼ੁਸ਼ ਜਾਪਦੀ ਸੀ। ਸਰਕਾਰੀ ਅਹੁਦਾ-ਬਰਦਾਰਾਂ ਨਾਲ ਉਹ ਗੰਭੀਰਤਾ ਤੇ ਰੋਅਬ-ਦਾਬ ਨਾਲ ਪੇਸ਼ ਆਉਂਦੇ ਸਨ, ਪਰ ਸਿਰਜਣਾਤਮਕ ਭੀੜ ਵਿੱਚ ਉਨ੍ਹਾਂ ਦੇ ਚਿਹਰੇ ਉੱਤੇ ਮਿੰਨੀ ਜਿਹੀ ਮੁਸਕਰਾਹਟ ਉਨ੍ਹਾਂ ਦੇ ਸੁਖਾਲਾ ਹੋਣ ਦਾ ਪ੍ਰਭਾਵ ਪੈਦਾ ਕਰਦੀ ਸੀ। ਬੜੀ ਸੁਹਜਮਈ ਸੀ ਇਹ ਪ੍ਰਦਰਸ਼ਨੀ।

**ਵਡਿਆਈ ਦਾ ਭੁੱਖਾ!**

ਇਕ ਰਾਸ਼ਟਰ ਵਜੋਂ ਅਸੀਂ ਬੇਤਹਾਸ਼ਾ ਬੇਤੁਕੇਪਣ ਅਤੇ ਦੰਭਾਂ ਨਾਲ ਵਰੋਸਾਏ ਹੋਏ ਹਾਂ। ਇਸ ਵੱਲ ਤਵੱਜੋ ਦਿਓ: ਹੁਣੇ ਜਿਹੇ ਮਨੁੱਖੀ ਸਰੋਤ ਵਿਕਾਸ ਮੰਤਰੀ ਨੇ ਮਾਣਯੋਗ ਪ੍ਰਧਾਨ ਮੰਤਰੀ ਵੱਲੋਂ ਲਿਖੀ ਗਈ ਪੁਸਤਕ ਰਿਲੀਜ਼ ਕੀਤੀ ਜਿਸ ਵਿੱਚ ਇਮਤਿਹਾਨਾਂ ਨੂੰ ਪਾਸ ਕਰਨ ਲਈ ਮੋਦੀ ਮੰਤਰ' ਦਰਜ ਸਨ।



ਇਸ ਸਾਰੀ ਘਟਨਾ ਦਾ ਬੇਤੁਕਾਪਣ ਕੋਈ ਵੀ ਨਹੀਂ ਦੇਖ ਰਿਹਾ। ਇੱਕ ਸ਼ਖ਼ਸ ਦੀ ਵਿੱਦਿਅਕ ਯੋਗਤਾ ਰਹੱਸ ਬਣੀ ਹੋਈ ਹੈ; ਉਨ੍ਹਾਂ ਦੀਆਂ ਡਿਗਰੀਆਂ ਬਾਰੇ ਸਵਾਲ ਕਰਨ ਵਾਲਿਆਂ ਨੂੰ ਕੇਂਦਰ ਸਰਕਾਰ ਬੂਹੇ ਦੇ ਘਰ ਤਕ ਛੱਡ ਕੇ ਆਈ ਹੈ। ਚਲੋ ਫਿਰ ਵੀ ਅਸੀਂ ਇਹ ਦੰਭ ਸਵੀਕਾਰ ਕਰ ਲੈਂਦੇ ਹਾਂ ਕਿ ਉਨ੍ਹਾਂ ਕੋਲ ਵਿਦਿਆਰਥੀਆਂ ਨੂੰ ਸਲਾਹ ਦੇਣ ਜੋਗੀਆਂ ਡਿਗਰੀਆਂ ਹਨ।

ਅੰਗਰੇਜ਼ੀ ਵਿੱਚ ਇੱਕ ਸ਼ਬਦ ਹੈ: ਮੈਗਲੋਮੇਨੀਆ। ਇਸ ਦਾ ਮਤਲਬ ਹੈ ਮਹਾਂਪੁਰਸ਼ੀ ਭਾਵ ਆਤਮ-ਵਡਿਆਈ ਦਾ ਖ਼ਬਤ। ਸ਼ਾਇਦ ਮੈਗਲੋਮੇਨੀਆ ਅਜਿਹੇ ਵਿਵਹਾਰ ਲਈ ਹੀ ਬਣਿਆ ਹੈ।

ਖ਼ੈਰ, ਇਸ ਗੱਲ ਉੱਤੇ ਤਾਂ ਕੌਫ਼ੀ ਪੀਣੀ ਬਣਦੀ ਹੈ। ਆਓ, ਤੁਸੀਂ ਵੀ ਇਸ ਕਾਰਜ 'ਚ ਮੇਰੀ ਸੰਗਤ ਕਰੋ!

ਈਮੇਲ:kaffeeklatsch@tribuneindia.com

## ਨੌਜਵਾਨਾਂ ਨੂੰ ਸਮਾਜਿਕ ਕੁਰੀਤੀਆਂ ਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਗੱਤਕਾ ਖੇਡ ਨੂੰ ਪ੍ਰਫੁੱਲਤ ਕਰਨ ਦੀ ਲੋੜ: ਹਰਜੀਤ ਸਿੰਘ ਗਰੇਵਾਲ

**ਸੁਨਾਮ/ਸੰਗਰੂਰ/ਬਿਊਰੋ ਨਿਊਜ਼:**

ਨੌਜਵਾਨਾਂ ਨੂੰ ਸਮਾਜਿਕ ਕੁਰੀਤੀਆਂ, ਪਤਿੱਤਪੁਣੇ ਤੇ ਨਸ਼ਿਆਂ ਤੋਂ ਦੂਰ ਰੱਖਣ ਅਤੇ ਸਿੱਖ ਵਿਰਸੇ ਦੀ ਸੰਭਾਲ ਖਾਤਰ ਪਿੰਡ ਪੱਧਰ 'ਤੇ ਗੱਤਕੇਬਾਜ਼ੀ ਦੇ ਵਿਰਾਸਤੀ ਮੁਕਾਬਲੇ ਕਰਵਾਉਣ ਲਈ ਪ੍ਰੇਰਿਤ ਕਰਦਿਆਂ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਨੇ ਸਮੂਹ ਨੌਜਵਾਨਾਂ ਖਾਸ ਕਰਕੇ ਲੜਕੀਆਂ ਨੂੰ ਇਹ ਸਵੈ-ਰੱਖਿਆ ਦੀ ਮਾਣਮੱਤੀ ਖੇਡ ਅਪਨਾਉਣ ਦਾ ਸੱਦਾ ਦਿੱਤਾ। ਗੱਤਕਾ ਪ੍ਰੋਮੋਟਰ ਬੀਤੇ ਦਿਨ ਨੇੜਲੇ ਪਿੰਡ ਜਖੇਪਲ ਸਥਿਤ ਬਾਬਾ ਪਰਮਾਨੰਦ ਕੰਨਿਆਂ ਮਹਾਂਵਿਦਿਆਲਾ ਵਿਖੇ ਤਿੰਨ ਰੋਜ਼ਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਅੰਤਰ-



ਕਾਲਜ ਗੱਤਕਾ ਟੂਰਨਾਮੈਂਟ ਦੀ ਸ਼ੁਰੂਆਤ ਮੌਕੇ ਬੋਲ ਰਹੇ ਸਨ। ਇਸ ਟੂਰਨਾਮੈਂਟ ਵਿੱਚ ਪੰਜਾਬੀ ਯੂਨੀਵਰਸਿਟੀ ਅਧੀਨ ਆਉਂਦੇ ਕਾਲਜਾਂ ਦੀਆਂ 11 ਲੜਕਿਆਂ ਅਤੇ 8 ਲੜਕੀਆਂ ਦੀਆਂ ਗੱਤਕਾ ਟੀਮਾਂ ਭਾਗ ਲੈ ਰਹੀਆਂ ਹਨ।

ਇਸ ਟੂਰਨਾਮੈਂਟ ਦਾ ਉਦਘਾਟਨ ਮੁੱਖ ਮਹਿਮਾਨ ਸ.ਹਰਜੀਤ ਸਿੰਘ ਗਰੇਵਾਲ, ਉਘੇ ਲੋਕ ਗਾਇਕ ਪਰਮਜੀਤ ਸਿੰਘ ਪੰਮੀ ਬਾਈ, ਕਾਲਜ ਦੇ ਸੰਸਥਾਪਕ ਬਾਬਾ ਪ੍ਰੀਤਮ ਦਾਸ ਅਤੇ ਪ੍ਰਿੰਸੀਪਲ ਉਂਕਾਰ ਸਿੰਘ ਨੇ ਸਾਂਝੇ ਰੂਪ ਵਿੱਚ ਕੀਤਾ।

ਸ. ਗਰੇਵਾਲ, ਜੋ ਕਿ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਦੇ ਵੀ ਚੇਅਰਮੈਨ ਹਨ, ਨੇ ਕਿਹਾ ਕਿ ਦੇਸ਼ ਦੀ ਮਾਣਮੱਤੀ ਖੇਡ ਗੱਤਕਾ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਹੋਰਨਾਂ ਖੇਡਾਂ ਵਾਂਗ ਪ੍ਰਸਿੱਧੀ ਦਿਵਾਈ ਜਾਵੇਗੀ ਤਾਂ ਜੋ ਗੱਤਕਾ ਖਿਡਾਰੀ ਵੀ ਦੂਜੇ ਖਿਡਾਰੀਆਂ ਵਾਂਗ ਆਪਣਾ ਬਣਦਾ ਹੱਕ ਅਤੇ ਮਾਣ-ਸਨਮਾਨ ਹਾਸਲ ਕਰ ਸਕਣ। ਉਨ੍ਹਾਂ ਨੇ ਗੱਤਕਾ ਖੇਡ ਨੂੰ ਅਮੀਰ ਵਿਰਸੇ ਪੱਖੋਂ ਅਤੇ ਖੇਡ ਦੇ ਤੌਰ

ਬਾਕੀ ਸਫ਼ਾ 29 'ਤੇ

# ਹਾਕੀ ਨਾਲ ਅਟੁੱਟ ਰਿਸ਼ਤੇ ਵਾਲਾ ਪਰਿਵਾਰ

## ਉੱਘੀ ਖਿਡਾਰਨ ਰਾਜਬੀਰ ਕੌਰ ਦਾ ਦਿਲਚਸਪ ਜੀਵਨ ਸਫ਼ਰ

**ਰਾਜਬੀਰ ਕੌਰ ਨੂੰ ਮਹਿਲਾ ਹਾਕੀ ਦੇ ਖੇਤਰ ਵਿਚ 'ਗੋਲਡਨ ਗਰਲ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਗਲੀ ਲਾਈਨ ਵਿਚ ਸੈਂਟਰ ਫਾਰਵਰਡ ਖੇਡਣ ਵਾਲੀ ਰਾਜਬੀਰ ਕੌਰ ਰਾਏ ਨੇ 17 ਸਾਲ ਦੀ ਉਮਰ ਵਿਚ ਉਹ ਮੁਕਾਮ ਹਾਸਲ ਕੀਤਾ ਹੈ। ਗੁਰਮੇਲ ਹਾਕੀ ਦਾ ਮੀਰੀ ਖਿਡਾਰੀ ਬਣਿਆ, ਜਿਸ ਦਾ ਜਾਮਨ ਜੱਗ ਦੀ ਹਾਕੀ ਦੀ ਡਾਇਰੀ ਦੇ ਖੇਡ ਪੰਨੇ ਹਨ। 1980 ਵਿਚ ਓਲੰਪੀਅਨ ਗੁਰਮੇਲ ਸਿੰਘ ਵੱਲੋਂ ਖੇਡੀ ਗਈ ਹਾਕੀ ਦੀ ਕਦਰ ਪਾਉਂਦਿਆਂ ਪੰਜਾਬ ਸਰਕਾਰ ਨੇ ਉਸ ਦਾ ਸੂਬੇ ਦੇ ਸਰਵਉੱਚ ਖੇਡ ਸਨਮਾਨ 'ਮਹਾਰਾਜਾ ਰਣਜੀਤ ਸਿੰਘ ਐਵਾਰਡ' ਨਾਲ ਮਾਣ ਕੀਤਾ।**



ਰਾਜਬੀਰ ਕੌਰ



ਗੁਰਮੇਲ ਸਿੰਘ

**ਬਿਊਰੋ ਨਿਊਜ਼**

ਰਾਜਬੀਰ ਕੌਰ ਦੇ ਪਰਿਵਾਰ ਦਾ ਹਾਕੀ ਨਾਲ ਰਿਸ਼ਤਾ ਇਸ ਕਦਰ ਡੂੰਘਾ ਹੈ ਕਿ ਉਸ ਦੇ ਓਲੰਪੀਅਨ ਪਤੀ ਗੁਰਮੇਲ ਸਿੰਘ ਤੇ ਦੋ ਚਚੇਰੇ ਭਰਾਵਾਂ ਜੁਗਰਾਜ ਸਿੰਘ ਤੇ ਹਰਮੀਕ ਸਿੰਘ ਨੇ ਹਾਕੀ ਵਿਚ ਚੰਗਾ ਨਾਂ ਕਮਾਇਆ ਹੈ। ਦੋਵਾਂ ਨੇ ਕੌਮੀ ਤੇ ਕੌਮਾਂਤਰੀ ਹਾਕੀ ਵਿਚ ਵੱਖਰੀ ਪਛਾਣ ਬਣਾਈ। ਰਾਜਬੀਰ ਕੌਰ ਨੂੰ ਮਹਿਲਾ ਹਾਕੀ ਦੇ ਖੇਤਰ ਵਿਚ 'ਗੋਲਡਨ ਗਰਲ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਗਲੀ ਲਾਈਨ ਵਿਚ ਸੈਂਟਰ ਫਾਰਵਰਡ ਖੇਡਣ ਵਾਲੀ ਰਾਜਬੀਰ ਕੌਰ ਰਾਏ ਨੇ 17 ਸਾਲ ਦੀ ਉਮਰ ਵਿਚ ਉਹ ਮੁਕਾਮ ਹਾਸਲ ਕੀਤਾ ਹੈ। ਹਰ ਮੈਚ ਵਿਚ ਵਿਰੋਧੀ ਕਿਲ੍ਹੇ ਨੂੰ ਢਾਹ ਲਾ ਕੇ ਗੋਲ ਦਾ ਫੱਟਾ ਖੜਕਾਉਣ ਵਿਚ ਉਸ ਨੇ ਅਹਿਮ ਭੂਮਿਕਾ ਨਿਭਾਈ ਹੈ।

ਰਾਜਬੀਰ ਕੌਰ ਹਾਕੀ ਖੇਡ ਵਿਚ 1982 ਦੌਰਾਨ ਉਦੋਂ ਚਮਕੀ ਜਦੋਂ ਉਸ ਨੇ ਵਿਰੋਧੀ ਟੀਮਾਂ ਨੂੰ ਗੋਲਾਂ ਨਾਲ ਲੱਦ ਦਿੱਤਾ। ਰਾਜਬੀਰ ਨੂੰ ਵਿਰੋਧੀ ਟੀਮਾਂ ਸਿਰ ਦਰਜਨ ਤੋਂ ਵੱਧ ਗੋਲ ਕਰਨ ਕਰਕੇ ਏਸ਼ੀਆ ਵੂਮੈਨ ਹਾਕੀ ਦੇ ਕਰਤਿਆਂ ਵੱਲੋਂ 'ਟਾਪ ਸਕੋਰਰ' ਐਲਾਨਿਆ ਗਿਆ। ਦਿੱਲੀ ਏਸ਼ਿਆਈ ਹਾਕੀ ਤੋਂ ਇਲਾਵਾ ਰਾਜਬੀਰ ਨੇ ਸਿਓਲ, ਬੀਜਿੰਗ ਤੇ ਹਿਰੋਸ਼ੀਮਾ ਏਸ਼ਿਆਈ ਹਾਕੀ ਵਿਚ ਚਾਰ ਹਾਕੀ ਐਡੀਸ਼ਨ ਖੇਡਣ ਦਾ ਪਟਾ ਆਪਣੇ ਨਾਂ ਕਰਵਾਇਆ। ਏਸ਼ੀਆ ਵਿਚ ਧੂਮ ਮਚਾਉਣ ਵਾਲੀ ਰਾਜਬੀਰ ਨੇ ਕੁਆਲਾਲੰਪੁਰ ਵੂਮੈਨ ਵਿਸ਼ਵ ਕੱਪ ਵਿਚ ਹਿੰਦ ਦੀ ਹਾਕੀ ਟੀਮ ਦੀ ਪ੍ਰਤੀਨਿੱਧਤਾ ਕੀਤੀ। ਹੀਰੋਸ਼ੀਮਾ ਏਸੀਆ ਵਿਚ ਟੀਮ ਦੀ ਕਪਤਾਨੀ ਸਾਂਭਣ ਵਾਲੀ ਰਾਜਬੀਰ ਨੇ ਜਾਪਾਨ ਦੇ ਸ਼ਹਿਰ ਕਯੋਟਾ ਵਿਖੇ ਪਹਿਲੇ ਏਸ਼ੀਆ ਕੱਪ ਵਿਚ ਆਪਣੀ ਅਗਵਾਈ ਵਿਚ ਟੀਮ ਨੂੰ ਚੈਂਪੀਅਨ ਬਣਾ ਕੇ ਮਹਿਲਾ ਹਾਕੀ ਵਿਚ ਨਵੀਂ ਚਰਚਾ ਛੇੜੀ। ਦੇਸ ਦੇ ਮਹਿਲਾ ਹਾਕੀ ਸੰਘ ਨੇ ਹਿਰੋਸ਼ੀਮਾ-1993 ਦੇ ਏਸ਼ੀਆ ਕੱਪ ਟੀਮ ਦੀ ਵਾਗਡੋਰ ਮੁੜ ਰਾਜਬੀਰ ਨੂੰ ਸੌਂਪੀ। ਇਸ ਮੁਕਾਬਲੇ ਵਿਚ ਰਾਜਬੀਰ ਦੀ ਟੀਮ ਨੇ ਤਾਂਬੇ ਦਾ ਮੈਡਲ ਹਾਸਲ ਕੀਤਾ। ਰਾਜਬੀਰ ਦੀ ਕਮਾਂਡ ਹੇਠ ਭਾਰਤੀ ਮਹਿਲਾ ਹਾਕੀ ਨੇ ਵਿਸ਼ਵ ਕੱਪ ਕੁਆਲੀਫਾਈ ਟੂਰਨਾਮੈਂਟ ਅਰਜਨਟੀਨਾ ਤੇ ਵਿਸ਼ਵ ਕੱਪ ਕੁਆਲੀਫਾਈ ਹਾਕੀ ਮੁਕਾਬਲਾ ਫਿਲਾਡੈਲਫੀਆ ਵਿਖੇ ਖੇਡ ਕੇ ਆਲਮੀ ਹਾਕੀ ਵਿਚ ਸੱਤ ਰੰਗ ਭਰੇ, ਉੱਥੇ ਤਿੰਨ ਵਾਰ ਆਪਣੀ ਅਗਵਾਈ ਵਿਚ ਦਿੱਲੀ, ਚੰਡੀਗੜ੍ਹ ਤੇ ਅੰਮ੍ਰਿਤਸਰ ਵਿਖੇ ਹੋਏ ਕੌਮਾਂਤਰੀ ਇੰਦਰਾ ਗਾਂਧੀ ਗੋਲਡ ਹਾਕੀ ਕੱਪ ਵਿਚ ਤਿੰਨੇ ਵਾਰ ਕੱਪ ਜਿੱਤਣ ਦੇ ਰਾਹ ਪਾਇਆ।

ਆਪਣੀ ਹਾਕੀ ਕਿੱਲੀ 'ਤੇ ਟੰਗਣ ਤੋਂ ਬਾਅਦ ਵੀ ਉਹ ਨੇ ਪੰਜਾਬ ਦੀਆਂ ਕੁੜੀਆਂ ਨੂੰ ਹਾਕੀ ਦੇ ਲੜ ਲਾਈ ਰੱਖਣ ਲਈ ਕੋਚਿੰਗ ਦੇਣ ਦਾ ਜ਼ਿੰਮਾ ਸੰਭਾਲਿਆ ਤਾਂ ਜੋ ਪੰਜਾਬ ਦੀਆਂ ਖਿਡਾਰਨਾਂ ਦੀ ਕੌਮਾਂਤਰੀ ਪੱਧਰ 'ਤੇ ਹਿੱਸੇਦਾਰੀ ਬਰਕਰਾਰ ਰਹੇ।

**ਕੌਮਾਂਤਰੀ ਹਾਕੀ 'ਚ ਵੱਡਾ ਨਾਂ ਗੁਰਮੇਲ ਸਿੰਘ**

ਸਾਬਕਾ ਓਲੰਪੀਅਨ ਗੁਰਮੇਲ ਸਿੰਘ ਬਾਰੇ ਕਿਹਾ ਗਿਆ ਹੈ ਕਿ ਉਹ ਨਰਮ ਹਿਰਦੇ ਦਾ ਮਾਲਕ ਹੈ ਪਰ ਖੇਡ ਪੱਖੋਂ ਤਿੱਖਾ ਹੋਣ ਕਰਕੇ ਮੈਦਾਨ ਵਿਚ ਉਸ ਨੇ ਚੰਗੇ ਤੋਂ ਚੰਗੇ ਫਾਰਵਰਡਾਂ ਦੀਆਂ ਗੋਡਣੀਆਂ ਲੁਆ ਕੇ ਵਿਖਾ ਦਿੱਤਾ ਕਿ ਮੱਧ ਪੰਕਤੀ ਵਿਚ ਖੇਡਣ ਵਾਲੇ ਖਿਡਾਰੀ ਦਾ ਟੀਮ ਵਿਚ ਕਿੰਨਾ ਅਹਿਮ ਸਥਾਨ ਹੁੰਦਾ ਹੈ। ਸਾਬਕਾ ਓਲੰਪੀਅਨ ਗੁਰਮੇਲ ਸਿੰਘ ਦਾ ਨਾਂ ਵਿਸ਼ਵ ਹਾਕੀ ਦਾ ਚਰਚਿਤ ਨਾਂ ਹੈ, ਜੋ ਆਪਣੀ ਖੇਡ ਦੀ ਮਿਸਾਲ ਵੀ ਆਪ ਬਣਿਆ। ਜਲੰਧਰ ਦੇ ਨੇੜਲੇ ਪਿੰਡ ਸੰਸਾਰਪੁਰ ਦੀ ਕੁੱਛੜ ਵਿਚ ਵਸੇ ਪਿੰਡ ਖੁਸਰੋਪੁਰ ਵਿਖੇ 10 ਦਸੰਬਰ 1959 ਨੂੰ ਜਨਮੇ ਗੁਰਮੇਲ ਨੇ ਕੌਮੀ ਤੇ ਕੌਮਾਂਤਰੀ ਹਾਕੀ ਮੈਦਾਨ ਵਿਚ ਵਾਹੀਆਂ ਖੇਡ ਲਕੀਰਾਂ ਸਦਕਾ ਆਲਮੀ ਹਾਕੀ ਵਿਚ ਵੱਡਾ ਨਾਂ ਕਮਾਇਆ ਹੈ। ਹਾਫ-ਲਾਈਨ ਵਿਚ ਜਦੋਂ ਤੱਕ ਉਹ ਖੇਡਿਆ, ਉਸ ਨੇ ਕਿਸੇ ਦੂਜੇ ਖਿਡਾਰੀ ਨੂੰ ਖੰਘਣ ਨਹੀਂ ਦਿੱਤਾ। ਗੁਰਮੇਲ ਜਿੱਥੇ ਦੂਜੀਆਂ ਟੀਮਾਂ ਦੇ ਸਟ੍ਰਾਈਕਰਾਂ ਦੇ ਗੋਲ ਕਰਨ ਦੇ ਸੁਪਨਿਆਂ ਨੂੰ ਬੁਰੀ ਤਰ੍ਹਾਂ ਤੋੜ ਦਿੰਦਾ ਸੀ, ਉੱਥੇ ਉਹ ਆਪਣੇ ਹਮਲਾਵਰਾਂ ਨੂੰ ਫੀਡ ਬੈਕ ਕਰਨ ਦੀ ਕਮਾਨ ਵੀ ਬਾਖ਼ੂਬੀ ਸੰਭਾਲਦਾ ਸੀ।

**ਕਰਾਚੀ 'ਚ ਧੁੰਮਾਂ**

ਓਲੰਪੀਅਨ ਗੁਰਮੇਲ ਨੇ ਸੰਨ 1975 ਵਿਚ ਜੂਨੀਅਰ ਯੂਰਪੀਨ ਹਾਕੀ ਟੂਰਨਾਮੈਂਟ ਖੇਡ ਕੇ ਆਪਣੀ ਖੇਡ ਕਲਾ ਦਾ ਸ਼ੁਭ ਆਰੰਭ ਕੀਤਾ। ਇਸੇ ਸਾਲ ਕਟਕ ਵਿਚ ਉਹ ਜੂਨੀਅਰ ਨੈਸ਼ਨਲ ਹਾਕੀ ਖੇਡਿਆ, ਜਿਸ ਵਿਚ ਪੰਜਾਬ ਦੀ ਟੀਮ ਨੇ ਜੂਨੀਅਰ ਕੌਮੀ ਹਾਕੀ ਚੈਂਪੀਅਨਸ਼ਿਪ ਜਿੱਤੀ। ਵਿਸ਼ਵ ਚੈਂਪੀਅਨਜ਼ ਹਾਕੀ ਟਰਾਫੀ, ਜੋ 1979 ਵਿਚ ਪਾਕਿਸਤਾਨ ਦੇ ਸ਼ਹਿਰ ਕਰਾਚੀ ਵਿਚ ਖੇਡੀ ਗਈ, ਹਿੰਦ ਦੇ ਹਾਕੀ ਚੋਣਕਾਰਾਂ ਵੱਲੋਂ ਗੁਰਮੇਲ ਨੂੰ ਹਾਕੀ ਟੀਮ ਵਿਚ ਸ਼ਾਮਲ ਕੀਤਾ ਗਿਆ। ਟੀਮ ਭਾਵੇਂ ਜਿੱਤ ਦਾ ਕਰਿਸ਼ਮਾ ਨਹੀਂ ਕਰ ਸਕੀ ਪਰ ਗੁਰਮੇਲ ਦੀ ਖੇਡ ਦੀ ਕਰਾਚੀ ਵਿਚ ਅਜਿਹੀ ਧੁੰਮ ਮਚੀ ਕਿ ਹਾਕੀ ਸੰਘ ਨੇ ਉਸ ਨੂੰ ਮਾਸਕੋ ਓਲੰਪਿਕ ਹਾਕੀ ਦੇ ਸਿਖਲਾਈ ਕੈਂਪ ਵਿਚ ਸ਼ਾਮਲ ਕਰ ਲਿਆ। ਹਾਕੀ ਕੈਂਪ ਦੇ ਕਿਆਮ ਦੌਰਾਨ ਟੀਮ ਦਾ ਮੁੱਖ ਕੋਚ ਬਾਲਕ੍ਰਿਸ਼ਨ ਸਿੰਘ ਗੁਰਮੇਲ ਦੀ ਹਾਕੀ ਕਲਾ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਗੁਰਮੇਲ ਨੂੰ ਮਾਸਕੋ ਓਲੰਪਿਕ ਖੇਡਣ ਵਾਲੀ ਟੀਮ ਲਈ ਚੁਣੇ ਜਾਣ ਦੀ ਸਿਫਾਰਸ਼ ਕਰ ਦਿੱਤੀ।

**ਜਿੱਤਾਂ 'ਚ ਮੋਹਰੀ ਭੂਮਿਕਾ**

1980 ਲਿਟ ਮਾਸਕੋ ਓਲੰਪਿਕ ਦਾ ਗੋਲਡ ਮੈਡਲ ਜਿੱਤਣ ਸਦਕਾ ਉਸ ਦੀ ਪਿੱਠ 'ਤੇ ਹਾਕੀ ਓਲੰਪੀਅਨ ਦਾ ਠੱਪਾ ਲੱਗਿਆ। ਇਸੇ ਸਾਲ ਗੁਰਮੇਲ ਨੇ ਹਾਲੈਂਡ ਚੈਂਪੀਅਨਜ਼ ਹਾਕੀ ਟਰਾਫੀ ਖੇਡਣ ਵਾਲੀ ਟੀਮ ਦੀ ਪ੍ਰਤੀਨਿੱਧਤਾ ਕੀਤੀ। ਡੱਚਾਂ ਦੇ ਹਾਕੀ ਮੈਦਾਨ 'ਤੇ ਹਿੰਦ ਦੀ ਹਾਕੀ ਨੇ ਤਾਂਬੇ ਦਾ ਤਮਗ਼ਾ ਜਿੱਤਿਆ। ਗੁਰਮੇਲ ਦੀ ਟੀਮ ਨੇ 1980 ਵਿਚ ਜਲੰਧਰ ਦੇ ਹਾਕੀ ਮੈਦਾਨ ਵਿਚ ਨੈਸ਼ਨਲ ਹਾਕੀ ਦਾ ਖ਼ਿਤਾਬ ਵੀ ਜਿੱਤਿਆ। 1980 ਦਾ ਵਰ੍ਹਾ ਦੇਸ ਦੀ ਹਾਕੀ ਲਈ ਜਿੱਤਾਂ ਵਾਲਾ ਹੋਣ ਕਰਕੇ ਉਸ ਲਈ ਬਹੁਤ ਮਹੱਤਵ ਰੱਖਦਾ ਹੈ। ਗੁਰਮੇਲ ਸਿੰਘ ਨੇ ਜ਼ਿਲ੍ਹਾ ਗੁਰਦਾਸਪੁਰ ਦੇ ਦਾਖਲਾ ਪਿੰਡ ਦੇ ਓਲੰਪੀਅਨ ਸੁਰਜੀਤ ਸਿੰਘ ਦੀ ਕਪਤਾਨੀ ਹੇਠ ਬੰਬੇ ਵਿਸ਼ਵ ਹਾਕੀ ਕੱਪ ਖੇਡਿਆ। ਇਹ ਮੇਜ਼ਬਾਨ ਟੀਮ ਦੀ ਬਦਕਿਸਮਤੀ ਹੀ ਸੀ ਕਿ ਟੀਮ ਸੈਮੀਫਾਈਨਲ ਦੇ ਦਰ 'ਤੇ ਪੁੱਜੀ ਹੋਈ ਵੀ ਪੰਜਵੇਂ ਸਥਾਨ 'ਤੇ ਖਿਸਕ ਗਈ। ਦਿੱਲੀ ਏਸ਼ਿਆਈ ਹਾਕੀ ਮੁਕਾਬਲਾ ਗੁਰਮੇਲ, ਜ਼ਫ਼ਰ ਇਕਬਾਲ ਦੀ ਕਮਾਨ ਅਧੀਨ ਖੇਡਿਆ ਗਿਆ, ਪਰ ਮੇਜ਼ਬਾਨ ਟੀਮ ਨੂੰ ਆਪਣੇ ਘਰੇਲੂ ਮੈਦਾਨ 'ਤੇ ਗੁਆਂਢੀ ਮੁਲਕ ਪਾਕਿਸਤਾਨ ਦੀ ਟੀਮ ਕੋਲੋਂ ਹਾਰਨ ਕਰਕੇ ਚਾਂਦੀ ਦੇ ਮੈਡਲ ਨਾਲ ਸਬਰ ਕਰਨਾ ਪਿਆ।

ਨੈਸ਼ਨਲ ਚੈਂਪੀਅਨਸ਼ਿਪ ਵਿਚ 1980 ਜਲੰਧਰ, 1981 ਮੇਰਠ ਤੇ 1982 ਕਲਕੱਤਾ ਵਿਚ ਲਗਾਤਾਰ ਤਿੰਨ ਵਾਰ ਕੌਮੀ ਚੈਂਪੀਅਨ ਬਣਨ ਵਾਲੀ ਪੰਜਾਬ ਦੀ ਟੀਮ ਦੀ ਨੁਮਾਇੰਦਗੀ ਕਰ ਕੇ ਗੁਰਮੇਲ ਨੇਲ ਜਿੱਥੇ ਲੋਕਲ ਹਾਕੀ ਟੀਮ ਨੂੰ ਤਿੰਨ ਵਾਰ ਗੋਲਡ ਮੈਡਲ ਦਿਵਾਉਣ ਵਿਚ ਯੋਗਦਾਨ ਪਾਇਆ, ਉੱਥੇ 1983 ਵਿਚ ਦਿੱਲੀ ਵਿਚ ਤਾਂਬੇ ਤੇ 1984 ਵਿਚ ਪਾਲਘਾਟ ਕੌਮੀ ਹਾਕੀ ਵਿਚ ਸਿਲਵਰ ਮੈਡਲ ਜਿੱਤ ਕੇ ਜਿੱਤਾਂ ਦਾ ਰਾਂਝਾ ਰਾਜ਼ੀ ਕੀਤਾ। ਪਾਲਘਾਟ ਕੌਮੀ ਮੁਕਾਬਲੇ ਵਿਚ ਪੰਜਾਬ ਦੀ ਟੀਮ ਦੀ ਅਗਵਾਈ ਗੁਰਮੇਲ ਸਿੰਘ ਨੇ ਕੀਤੀ। ਗੁਰਮੇਲ ਨੇ 1980 ਵਿਚ ਹਾਲੈਂਡ ਵਿਚ ਦੇਸ ਦੀ ਪ੍ਰਤੀਨਿੱਧਤਾ ਕਰ ਕੇ ਤਾਂਬੇ ਦਾ ਮੈਡਲ ਦਿਵਾਉਣ ਵਿਚ ਮੋਹਰੀ ਰੋਲ ਅਦਾ ਕੀਤਾ। ਓਲੰਪਿਕ, ਵਿਸ਼ਵ ਕੱਪ, ਏਸ਼ਿਆਈ ਹਾਕੀ ਤੇ ਚੈਂਪੀਅਨਜ਼ ਹਾਕੀ ਟਰਾਫੀ ਖੇਡਣ ਵਾਲੇ ਗੁਰਮੇਲ ਨੂੰ ਇੱਕ ਵਾਰ ਇੰਡੋ-ਪਾਕਿ ਹਾਕੀ ਟੈਸਟ ਲੜੀ, ਤਿੰਨ ਵਾਰ ਰੂਸ ਨਾਲ ਟੈਸਟ ਸੀਰੀਜ਼ ਆਦਿ ਵਿਚ ਆਪਣੀ ਖੇਡ ਦਾ ਲੋਹਾ ਮੰਨਵਾਇਆ।

ਗੁਰਮੇਲ ਹਾਕੀ ਦਾ ਮੀਰੀ ਖਿਡਾਰੀ ਬਣਿਆ, ਜਿਸ ਦਾ ਜਾਮਨ ਜੱਗ ਦੀ ਹਾਕੀ ਦੀ ਡਾਇਰੀ ਦੇ ਖੇਡ ਪੰਨੇ ਹਨ। 1980 ਵਿਚ ਓਲੰਪੀਅਨ ਗੁਰਮੇਲ ਸਿੰਘ ਵੱਲੋਂ ਖੇਡੀ ਗਈ ਹਾਕੀ ਦੀ ਕਦਰ ਪਾਉਂਦਿਆਂ ਜਾਬ ਸਰਕਾਰ ਨੇ ਉਸ ਦਾ ਸੂਬੇ ਦੇ ਸਰਵਉੱਚ ਖੇਡ ਸਨਮਾਨ 'ਮਹਾਰਾਜਾ ਰਣਜੀਤ ਸਿੰਘ ਐਵਾਰਡ' ਨਾਲ ਮਾਣ ਕੀਤਾ।

# 13 ਅਰਬ ਡਾਲਰ ਦੀ ਫਰਮ ਦਾ ਮਾਲਕ ਹੈ ਇਹ ਰਫ਼ੂਜੀ ਸੁਖਪਾਲ ਸਿੰਘ ਆਹਲੂਵਾਲੀਆ

**ਲੰਡਨ/ਬਿਊਰੋ ਨਿਊਜ਼:** ਭਾਰਤੀ ਮੂਲ ਦੇ ਕਈ ਸ਼ਰਨਾਰਥੀਆਂ ਨੇ ਵੀ ਸਫ਼ਲਤਾ ਦੇ ਝੰਡੇ ਗੱਡੇ ਹਨ। ਇਨ੍ਹਾਂ ਵਿਚੋਂ ਇੱਕ ਹਨ ਸੁਖਪਾਲ ਸਿੰਘ ਆਹਲੂਵਾਲੀਆ। ਉਨ੍ਹਾਂ ਨੇ ਮਿਹਨਤ ਨਾਲ ਅਰਬਪਤੀ ਬਣਨ ਦੀ ਯਾਤਰਾ ਤੈਅ ਕੀਤੀ। ਉਨ੍ਹਾਂ ਦਾ ਪਰਿਵਾਰ ਚੰਗੀ ਨੌਕਰੀ ਦੀ ਭਾਲ ਵਿਚ ਭਾਰਤ ਤੋਂ ਯੂਗਾਂਡਾ ਚਲਾ ਗਿਆ ਸੀ। ਉਸ ਵਕਤ ਉਹ ਬ੍ਰਿਟੇਨ ਦਾ ਬਿਜਨੈਸਮੈਨ ਸੀ। ਸੁਖਪਾਲ ਦਾ ਜਨਮ ਸਾਲ 1959 ਵਿਚ ਯੂਗਾਂਡਾ ਵਿਚ ਹੀ ਹੋਇਆ ਸੀ। ਆਰਮੀ ਕਮਾਂਡਰ ਈਦੀ ਅਮੀਨ ਤਖ਼ਤਾ ਪਲਟਣ ਦੇ ਰਾਹੀਂ ਸਾਲ 1971 ਵਿਚ ਸੱਤਾ ਵਿਚ ਆਏ ਸਨ। ਉਨ੍ਹਾਂ ਨੇ ਦੱਖਣੀ ਏਸ਼ੀਆ ਤੋਂ ਆਏ ਲੋਕਾਂ ਨੂੰ ਇੱਕ ਮਹੀਨੇ ਦੇ ਅੰਦਰ ਦੇਸ ਛੱਡਣ ਦਾ ਫੁਰਮਾਨ ਸੁਣਾਇਆ ਸੀ। ਇਸ ਤੋਂ ਬਾਅਦ ਸੁਖਪਾਲ ਦੇ ਪਰਿਵਾਰ ਨੂੰ ਵੀ ਹੋਰ ਲੋਕਾਂ ਦੀ ਤਰ੍ਹਾਂ ਬ੍ਰਿਟੇਨ ਵਿਚ ਸ਼ਰਨ ਲੈਣੀ ਪਈ ਸੀ। ਇਹ ਉਨ੍ਹਾਂ ਲਈ ਵਰਦਾਨ ਸਾਬਤ ਹੋਇਆ। ਸੁਖਪਾਲ ਨੇ 19 ਸਾਲ ਦੀ ਉਮਰ (1978) ਪਿਤਾ ਤੇ ਬਾਰਕਲੇਜ ਬੈਂਕ ਤੋਂ ਪੰਜ ਹਜ਼ਾਰ ਪੌਂਡ ਦਾ ਕਰਜ਼ਾ ਲਿਆ ਸੀ। ਸੁਖਪਾਲ ਨੇ ਕਰਜ਼ੇ ਦੇ ਪੈਸਿਆਂ ਨਾਲ ਉੱਤਰੀ ਲੰਡਨ ਵਿਚ ਸਥਿਤ 'ਹਾਈਵੇਅ ਆਟੋਜ) ਨੂੰ ਖ਼ਰੀਦਿਆ ਸੀ। ਉਨ੍ਹਾਂ ਨੇ ਇਸ ਦਾ ਨਾਂ ਬਦਲ ਕੇ 'ਯੂਰੋ ਕਾਰ ਪਾਰਟਸ' ਕਰ ਦਿੱਤਾ ਸੀ। ਸੁਖਪਾਲ ਦੱਸਦਾ ਹੈ ਕਿ ਉਸ ਨੂੰ ਇਸ ਵਕਤ ਕਾਰ ਪਾਰਟਸ ਦੇ ਬਾਰੇ ਵਿਚ ਕੋਈ ਜਾਣਕਾਰੀ ਨਹੀਂ ਸੀ। ਕੰਪਨੀ ਨੂੰ ਸਫ਼ਲ ਬਣਾਉਣ ਲਈ ਉਨ੍ਹਾਂ ਨੇ ਸਖ਼ਤ ਮਿਹਨਤ ਕੀਤੀ। ਉਹ ਸਵੇਰੇ ਸੱਤ ਵਜੇ ਪੁੱਜ ਜਾਂਦੇ ਸਨ ਤੇ ਉਦੋਂ ਤਕ ਡਟੇ ਰਹਿੰਦੇ ਸਨ ਜਦੋਂ ਤੱਕ ਗਾਹਕਾਂ ਨੂੰ ਉਨ੍ਹਾਂ ਦੀ ਲੋੜ ਹੁੰਦੀ ਸੀ। ਉਨ੍ਹਾਂ ਦੀ ਕੋਸ਼ਿਸ਼ ਰੰਗ ਲਿਆਈ ਤੇ ਯੂਰੋ ਕਾਰ ਪਾਰਟਸ ਦਾ ਲੰਡਨ ਤੋਂ ਇਲਾਵਾ ਯੂਨਾਈਟਿਡ ਕਿੰਗਡਮ ਦੇ ਕਈ ਹਿੱਸਿਆਂ (200 ਲੋਕੇਸ਼ਨ) ਤੱਕ ਵਿਸਥਾਰ ਹੋ ਗਿਆ। ਸੁਖਪਾਲ ਨੇ ਜਿਸ ਕੰਪਨੀ ਨੂੰ ਰੋਜ਼ੀ-ਰੋਟੀ ਲਈ 10 ਲੋਕਾਂ ਦੇ ਨਾਲ ਸ਼ੁਰੂ ਕੀਤਾ ਸੀ, ਉਸ ਵਿਚ 10,000 ਲੋਕ ਨੌਕਰੀ ਕਰਨ ਲੱਗੇ। ਸੁਖਪਾਲ ਨੇ ਸਾਲ 2011 ਵਿਚ ਯੂਰੋ ਕਾਰ ਪਾਰਟਸ ਕੰਪਨੀ 'ਐੱਲਕੇਯੂ ਕਾਰਪੋਰੇਸ਼ਨ' ਦੇ ਹੱਥੋਂ 255 ਮਿਲੀਅਨ ਪੌਂਡ ਵਿਚ ਵੇਚ ਦਿੱਤਾ ਸੀ। ਇਸ ਦੇ ਨਾਲ ਹੀ ਉਹ ਸ਼ਿਕਾਗੋ ਸਥਿਤ ਕੰਪਨੀ ਦੇ ਬੋਰਡ ਆਫ ਡਾਇਰੈਕਟਰਾਂ ਦੇ ਮੈਂਬਰ ਵੀ ਹੋ ਗਏ। ਐੱਲਕੇਯੂ ਕਾਰਪੋਰੇਸ਼ਨ ਕੰਪਨੀ ਦਾ ਕੁੱਲ ਮੁੱਲ 13 ਅਰਬ ਡਾਲਰ ਹੈ। ਸੁਖਪਾਲ ਨੇ ਕਿਹਾ, 'ਮੈਂ ਇਸ ਫ਼ੈਸਲੇ ਤੋਂ ਬਾਅਦ ਕਈ ਹੋਰ ਕੰਮ ਵੀ ਕਰ ਸਕਿਆ। ਮੈਂ ਛੇ-ਸੱਤ ਕੰਪਨੀਆਂ ਵਿਚ ਨਿਵੇਸ਼ ਵੀ ਕਰ ਰੱਖਿਆ ਹੈ। ਮੈਂ ਹੁਣ ਸੀਰੀਅਲ ਵਪਾਰੀ ਹਾਂ।'



ਸੁਖਪਾਲ ਨੇ ਪਰਵਾਸੀਆਂ ਦੀ ਪ੍ਰਸੰਸ਼ਾ ਕਰਦੇ ਦੱਸਿਆ ਕਿ ਪਰਵਾਸੀ ਬ੍ਰਿਟੇਨ ਦੀ ਰੀੜ੍ਹ ਹਨ। ਉਹ ਚੈਰਿਟੀ ਲਈ ਵੀ ਸਰਗਰਮ ਹਨ। ਆਪਣੇ ਰੁਝੇਵੇਂ ਸਮੇਂ ਦੌਰਾਨ ਇਸ ਲਈ ਕੁਝ ਸਮਾਂ ਕੱਢ ਲੈਂਦੇ ਹਨ। ਸੁਖਪਾਲ ਲੰਡਨ ਵਿਚ ਬੇਸਹਾਰੇ ਲੋਕਾਂ ਨੂੰ ਸਹਾਰਾ ਦੇਣ ਦੇ ਨਾਲ ਹੀ ਭਾਰਤ ਵਿਚ ਸਹੂਲਤ ਤੋਂ ਵਾਂਝੇ ਬੱਚਿਆਂ ਨੂੰ ਸਿੱਖਿਆ ਵੀ ਦੇ ਰਹੇ ਹਨ। ਉਨ੍ਹਾਂ ਦਾ ਉਦੇਸ਼ ਇੱਕ ਅਜਿਹੀ ਵਿਰਾਸਤ ਖੜ੍ਹੀ ਕਰਨੀ ਹੈ, ਜਿਸ ਤੋਂ ਹਰ ਕੋਈ ਪ੍ਰੇਰਣਾ ਲੈ ਸਕੇ।

## ਭਾਰਤ ਬਣਿਆ ਬੇਰੁਜ਼ਗਾਰੀ ਤੇ ਭੁੱਖਮਰੀ ਦਾ ਅੱਡਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਪ੍ਰਧਾਨ ਮੰਤਰੀ ਮੋਦੀ ਦਾ ਨਿਊ ਇੰਡੀਆ ਨਵੇਂ-ਨਵੇਂ ਕੀਰਤੀਮਾਨ ਸਥਾਪਿਤ ਕਰ ਰਿਹਾ ਹੈ। ਭ੍ਰਿਸ਼ਟਾਚਾਰ ਤੇ ਭੁੱਖਮਰੀ ਤੋਂ ਬਾਅਦ ਹੁਣ ਭਾਰਤ 'ਬੇਰੁਜ਼ਗਾਰੀ' ਵਿਚ ਵੀ ਅੱਵਲ ਨਜ਼ਰ ਆਉਣ ਲੱਗਾ ਹੈ। ਕਿਰਤ ਬਿਓਰੋ ਦੇ ਤਾਜ਼ਾ ਅੰਕੜਿਆਂ ਦੇ ਅਨੁਸਾਰ ਭਾਰਤ ਵਿਸ਼ਵ ਦਾ ਸਭ ਤੋਂ ਵੱਧ ਬੇਰੋਜ਼ਗਾਰਾਂ ਵਾਲਾ ਦੇਸ ਬਣ ਗਿਆ ਹੈ। ਅੰਕੜਿਆਂ ਦੇ ਅਨੁਸਾਰ ਭਾਰਤ ਦੀ 11 ਫ਼ੀਸਦੀ ਅਬਾਦੀ ਮਤਲਬ ਲੱਗਭਗ 12 ਕਰੋੜ ਲੋਕ ਬੇਰੁਜ਼ਗਾਰ ਹਨ। ਇਸੇ ਲਈ ਭਾਰਤ ਦੁਨੀਆਂ ਦੇ ਸਭ ਤੋਂ ਜ਼ਿਆਦਾ ਬੇਰੋਜ਼ਗਾਰਾਂ ਦਾ ਦੇਸ ਬਣ ਗਿਆ ਹੈ। ਰਿਪੋਰਟ ਮੁਤਾਬਕ, 2015-16 ਵਿਚ ਬੇਰੋਜ਼ਗਾਰੀ ਦੀ ਦਰ 5 ਸਾਲ ਦੇ ਉੱਚ ਪੱਧਰ 'ਤੇ ਪਹੁੰਚ ਗਈ। ਜਿੱਥੇ 12 ਕਰੋੜ ਲੋਕ ਬੇਰੋਜ਼ਗਾਰ ਹਨ, ਉੱਥੇ 2015 ਵਿਚ ਸਿਰਫ਼ 1 ਲੱਖ 35 ਹਜ਼ਾਰ ਲੋਕਾਂ ਨੂੰ ਨੌਕਰੀ ਮਿਲੀ। ਚਾਰ ਸਾਲ ਤੋਂ 550 ਨੌਕਰੀਆਂ ਰੋਜ਼ ਖ਼ਤਮ ਹੋ ਰਹੀਆਂ ਹਨ।



ਬੇਰੋਜ਼ਗਾਰਾਂ ਵਿਚ ਪੜ੍ਹੇ-ਲਿਖੇ ਨੌਜਵਾਨਾਂ ਦੀ ਗਿਣਤੀ ਹੀ ਸਭ ਤੋਂ ਵੱਧ ਹੈ, ਜਿਸ ਵਿਚ 25 ਫ਼ੀਸਦੀ 20 ਤੋਂ 24 ਸਾਲ ਦੇ ਹਨ, ਜਦਕਿ 25 ਤੋਂ 29 ਸਾਲ ਦੀ ਉਮਰ ਵਾਲੇ ਨੌਜਵਾਨਾਂ ਦੀ ਗਿਣਤੀ 17 ਫ਼ੀਸਦੀ ਹੈ। 20 ਸਾਲ ਤੋਂ ਵੱਧ ਉਮਰ ਦੇ 14.30 ਕਰੋੜ ਨੌਜਵਾਨਾਂ ਨੂੰ ਨੌਕਰੀ ਦੀ ਭਾਲ ਹੈ।

ਇਸ ਤੋਂ ਪਹਿਲਾਂ ਫੋਬਰਸ ਨੇ ਭਾਰਤ ਨੂੰ ਏਸ਼ੀਆ ਦਾ ਸਭ ਤੋਂ ਭ੍ਰਿਸ਼ਟ ਦੇਸ ਦੱਸਿਆ ਸੀ। ਭਾਜਪਾ ਸਰਕਾਰ ਨੋਟਬੰਦੀ ਤੇ ਦੂਜੇ ਹੋਰ ਢੰਗਾਂ ਨਾਲ ਭਾਵੇਂ ਹੀ ਭ੍ਰਿਸ਼ਟਾਚਾਰ 'ਤੇ ਕਾਬੂ ਪਾਉਣ ਦੇ ਲੱਖ ਦਾਅਵੇ ਕਰਦੀ ਹੋਵੇ, ਪਰ ਸੱਚਾਈ ਇਹ ਹੈ ਕਿ ਭਾਰਤ ਏਸ਼ੀਆ ਦਾ ਸਭ ਤੋਂ ਭ੍ਰਿਸ਼ਟ ਦੇਸ ਹੈ। ਫੋਬਰਸ ਵੱਲੋਂ ਜਾਰੀ ਸੂਚੀ ਵਿਚ ਏਸ਼ੀਆ ਦੇ ਪੰਜ ਸਭ ਤੋਂ ਵੱਧ ਭ੍ਰਿਸ਼ਟ ਦੇਸਾਂ ਦੇ ਨਾਂ ਹਨ। ਇਸ ਰਿਪੋਰਟ ਦੇ ਅਨੁਸਾਰ ਰਿਸ਼ਵਤਖ਼ੋਰੀ ਦੇ ਮਾਮਲੇ ਵਿਚ ਭਾਰਤ ਨੇ ਵੀਅਤਨਾਮ ਤੇ ਪਾਕਿਸਤਾਨ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਫੋਬਰਸ ਪੱਤਰਿਕਾ ਦੀ ਰਿਪੋਰਟ ਦੇ ਅਨੁਸਾਰ, ਭਾਰਤ ਵਿਚ ਸਭ ਤੋਂ ਵੱਧ ਰਿਸ਼ਵਤ ਸਕੂਲਾਂ ਵਿਚ (58 ਫ਼ੀਸਦੀ) ਤੇ ਸਿਹਤ ਸੇਵਾਵਾਂ ਵਿਚ (59 ਫ਼ੀਸਦੀ) ਦਿੱਤੀ ਜਾਂਦੀ ਹੈ। ਭ੍ਰਿਸ਼ਟ ਦੇਸਾਂ ਵਿਚ ਵੀਅਤਨਾਮ, ਭਾਰਤ ਤੋਂ ਬਾਅਦ ਆਉਂਦਾ ਜਿੱਥੇ ਰਿਸ਼ਵਤਖੋਰੀ 65 ਫ਼ੀਸਦੀ ਹੈ, ਜਦ ਕਿ ਪਾਕਿਸਤਾਨ 40 ਫ਼ੀਸਦੀ ਦੇ ਨਾਲ ਚੌਥੇ ਨੰਬਰ 'ਤੇ ਹੈ। ਭਾਰਤ ਭੁੱਖਮਰੀ ਦੇ ਮਾਮਲੇ ਵਿਚ ਵੀ ਅੱਵਲ ਹੁੰਦਾ ਜਾ ਰਿਹਾ ਹੈ। ਵਿਸ਼ਵਕ ਭੁੱਖਮਰੀ ਸੂਚਕ ਅੰਕ ਦੇ 118 ਦੇਸਾਂ ਦੀ ਸੂਚੀ ਵਿਚ ਭਾਰਤ 97ਵੇਂ ਨੰਬਰ 'ਤੇ ਪਹੁੰਚ ਚੁੱਕਾ ਹੈ। 2008 ਤੋਂ 2014 ਤੱਕ ਹਾਲਤ ਜਿੰਨੀ ਸੁਧਰੀ ਸੀ ਤਥਾਕਥਿਤ ਵਿਕਾਸ ਦੀ ਸਰਕਾਰ ਆਉਣ ਤੋਂ ਬਾਅਦ ਹਾਲਾਤ ਬਦਤਰ ਹੋ ਗਏ।

2014 ਵਿਚ ਮੋਦੀ ਦੀ ਸਰਕਾਰ ਆਉਣ ਦੌਰਾਨ ਭੁੱਖਮਰੀ ਦੇ ਮਾਮਲੇ ਵਿਚ 17.8 ਪੁਆਇੰਟ ਦੇ ਨਾਲ (120) ਦੇਸਾਂ ਵਿੱਚੋਂ ਭਾਰਤ 55ਵੇਂ ਸਥਾਨ 'ਤੇ ਸੀ, ਪਰ 2016 ਵਿਚ ਭੁੱਖਮਰੀ ਨਾਲ ਜੁੜੇ ਸੂਚਕ ਅੰਕਾਂ ਵਿਚ ਵਾਧਾ ਹੁੰਦੇ ਹੋਏ ਇਹ 28.5 ਹੋ ਗਿਆ, ਜਿਸ ਨਾਲ ਭਾਰਤ 118 ਦੇਸਾਂ ਵਿਚੋਂ 97ਵੇਂ ਸਥਾਨ 'ਤੇ ਪਹੁੰਚ ਗਿਆ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਆਰ. ਐਸ. ਐਸ. ਦਾ ਨਿਸ਼ਾਨਾ ਭਾਰਤ ਨੂੰ 2019 ਤੱਕ ਹਿੰਦੂ ਰਾਸ਼ਟਰ ਬਣਾਉਣਾ

## • ਹਿਟਲਰ ਦੇ ਰਾਹਾਂ 'ਤੇ ਚਲ ਰਹੀ ਏ ਭਗਵੀਂ ਜਥੇਬੰਦੀ

## • ਹਿੰਦੀਆਂ ਦਾ ਨਿਸ਼ਾਨਾ : ਘੱਟ ਗਿਣਤੀਆਂ ਤੇ ਦਲਿਤ

**ਬਿਊਰੋ ਨਿਊਜ਼**

25 ਸਤੰਬਰ, 1925 ਨੂੰ ਤਕਰੀਬਨ 92 ਸਾਲ ਪਹਿਲਾਂ ਨਾਗਪੁਰ ਵਿਖੇ ਹੋਂਦ ਵਿੱਚ ਆਈ ਹਿੰਦੂ ਰਾਸ਼ਟਰਵਾਦੀ ਵਲੰਟੀਅਰ ਸੰਸਥਾ 'ਆਰ. ਐਸ. ਐਸ.' (ਰਾਸ਼ਟਰੀ ਸਵੈਮ ਸੇਵਕ ਸੰਘ) ਦੇ ਪਹਿਲੇ ਬਾਨੀ ਮੁੱਖੀ ਕੇਸ਼ਵ ਬਲੀਰਾਮ ਹੈਡਗੇਵਰ ਨੇ ਇਸ ਸੰਸਥਾ ਨੂੰ ਬਣਾਉਣ ਵੇਲੇ ਭਾਰਤ ਨੂੰ 'ਹਿੰਦੂ ਰਾਸ਼ਟਰ' ਬਣਾਉਣ ਦਾ ਸੁਪਨਾ ਲਿਆ ਸੀ। ਉਸ ਸਮੇਂ ਤੋਂ ਲੈ ਕੇ ਇਹ ਸੰਸਥਾ ਆਪਣੇ ਟੀਚੇ ਨੂੰ ਪੂਰਾ ਕਰਨ ਲਈ ਬੜੀ ਤਨਦੇਹੀ ਨਾਲ ਲੁਕਵੇਂ ਰੂਪ ਵਿੱਚ ਕੰਮ ਕਰਦੀ ਰਹੀ ਹੈ। ਦੁਨੀਆਂ ਦੀ ਸਭ ਤੋਂ ਵੱਡੀ ਵਲੰਟੀਅਰ ਅਧਾਰਿਤ ਸੰਸਥਾ (ਜਿਸ ਕੋਲ 60 ਲੱਖ ਤੋਂ ਵੱਧ ਰਜਿਸਟਰਡ ਵਲੰਟੀਅਰ ਮੈਂਬਰ ਹਨ, ਜੋ ਕਿ 50 ਹਜ਼ਾਰ ਤੋਂ ਵੱਧ ਸ਼ਾਖਾਵਾਂ ਵਿੱਚ ਸਰਗਰਮ ਹਨ। ਇਨ੍ਹਾਂ ਕੋਲ ਇਸ ਤੋਂ ਇਲਾਵਾ ਹਜ਼ਾਰਾਂ ਹੀ ਨਾਨ ਰਜਿਸਟਰਡ ਮੈਂਬਰ ਹਨ) ਅਧੀਨ ਅੱਜ ਸੈਂਕੜੇ ਹੋਰ ਸੰਸਥਾਵਾਂ ਕੰਮ ਕਰ ਰਹੀਆਂ ਹਨ, ਜਿਨ੍ਹਾਂ ਵਿੱਚ ਭਾਜਪਾ, ਇਸ ਦਾ ਮੁੱਖ ਰਾਜਨੀਤਕ ਵਿੰਗ ਹੈ, ਜੋ ਕਿ ਮੋਦੀ ਦੀ ਅਗਵਾਈ ਵਿੱਚ ਸਰਕਾਰ ਚਲਾ ਰਹੀ ਹੈ ਅਤੇ ਇਸ ਤੋਂ ਇਲਾਵਾ 'ਵਿਸ਼ਵ ਹਿੰਦੂ ਪ੍ਰੀਸ਼ਦ' (ਜਿਸਨੇ ਅਯੁਧਿਆ ਵਿੱਚ ਬਾਬਰੀ ਮਸਜਿਦ ਢਾਹੁਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ), 'ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ' (ਜੋ ਕਿ ਮੋਦੀ ਸਰਕਾਰ ਬਣਨ ਵੇਲੇ ਤੋਂ ਬੜੇ ਯੋਜਨਾਬੱਧ ਢੰਗ ਨਾਲ ਕਾਲਜਾਂ, ਯੂਨੀਵਰਸਿਟੀਆਂ ਵਿੱਚ ਧਰਮ ਨਿਰਪੱਖ, ਮਾਰਕਸੀ, ਦਲਿਤ, ਮੁਸਲਿਮ ਤੇ ਹੋਰ ਘੱਟ ਗਿਣਤੀ ਪ੍ਰੋਫੈਸਰਾਂ, ਵਿਦਿਆਰਥੀ ਲੀਡਰਾਂ, ਪੱਤਰਕਾਰਾਂ, ਮਨੁੱਖੀ ਅਧਿਕਾਰ ਕਾਰਕੁੰਨਾਂ, ਲੇਖਕਾਂ ਆਦਿ ਨੂੰ ਨਿਸ਼ਾਨਾ ਬਣਾ ਰਹੀ ਹੈ), 'ਬਜਰੰਗ ਦਲ' (ਜੋ ਕਿ ਯੋਜਨਾਬੱਧ ਢੰਗ ਨਾਲ ਮੁਸਲਮਾਨਾਂ, ਦਲਿਤਾਂ, ਆਦਿ ਵਾਸੀਆਂ ਤੇ ਘੱਟ ਗਿਣਤੀਆਂ ਤੇ ਸਿੱਧੇ-ਅਸਿੱਧੇ ਢੰਗ ਨਾਲ ਸਰੀਰਕ ਤੇ ਮਾਨਸਿਕ ਹਮਲੇ ਕਰਨ ਲਈ ਬਦਨਾਮ ਹੈ), 'ਰਾਸ਼ਟਰੀ ਸਿੱਖ ਸੰਗਤ' ਤੇ 'ਮੁਸਲਿਮ ਰਾਸ਼ਟਰੀਆ ਮੰਚ' (ਸਿੱਖਾਂ ਤੇ ਮੁਸਲਮਾਨਾਂ ਦਾ ਸੂਖਸ਼ਮ ਢੰਗ ਨਾਲ ਭਗਵਾਂਕਰਨ ਕਰਨ ਵਿੱਚ ਲੱਗੀਆਂ ਹੋਈਆਂ ਹਨ), 'ਅਖਿਲ ਭਾਰਤੀ ਕਿਸਾਨ ਸੰਘ', 'ਅਖਿਲ ਭਾਰਤੀ ਮਜਦੂਰ ਸੰਘ', 'ਭਾਰਤੀ ਵਿਚਾਰ ਕੇਂਦਰ' (ਜੋ ਕਿ ਆਰ. ਐਸ. ਐਸ. ਨਾਲ ਸਬੰਧਿਤ ਬੁਧੀਜੀਵੀਆਂ ਦਾ ਥਿੰਕ ਟੈਂਕ ਹੈ) ਆਦਿ ਅਨੇਕਾਂ ਸੰਸਥਾਵਾਂ ਗਰਾਊਂਡ ਵਰਕ ਕਰ ਰਹੀਆਂ ਹਨ। ਬਹੁ ਗਿਣਤੀ ਮੋਦੀ ਸਰਕਾਰ ਬਣਨ ਤੋਂ ਬਾਅਦ ਆਰ. ਐਸ. ਐਸ. ਨੇ ਆਪਣੇ ਲੁਕਵੇਂ ਏਜੰਡੇ ਨੂੰ ਬਾਹਰ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਦੀ ਘੱਟ ਗਿਣਤੀ ਵਾਜਪਈ ਸਰਕਾਰ ਵੇਲੇ ਉਹ ਲੁਕਵੇਂ ਢੰਗ ਨਾਲ ਕੰਮ ਕਰ ਰਹੇ ਸਨ। ਹੁਣ ਉਨ੍ਹਾਂ ਨੇ ਬੜੇ ਯੋਜਨਬੱਧ ਢੰਗ ਨਾਲ ਦਲਿਤਾਂ, ਆਦਿ ਵਾਸੀਆਂ, ਘੱਟ ਗਿਣਤੀਆਂ ਤੇ ਖਾਸਕਰ ਮੁਸਲਮਾਨਾਂ ਨੂੰ 'ਦੇਸ਼ ਭਗਤੀ' ਤੇ 'ਰਾਸ਼ਟਰਵਾਦ' ਦਾ ਪਾਠ ਪੜ੍ਹਾਉਣਾ ਸ਼ੁਰੂ ਕੀਤਾ ਹੋਇਆ ਹੈ। ਦੇਸ਼ ਭਗਤੀ ਤੇ ਰਾਸ਼ਟਰਵਾਦ ਦੇ ਸੰਕਲਪ ਆਰ. ਐਸ. ਐਸ. ਨੇ ਇਟਲੀ ਦੇ ਫਾਸ਼ੀਵਾਦੀ ਨੇਤਾ ਮੁਸੋਲੇਨੀ ਅਤੇ ਜਰਮਨੀ ਦੇ ਨਾਜ਼ੀਵਾਦੀ ਨੇਤਾ ਹਿਟਲਰ ਤੋਂ ਲਏ ਸਨ। ਜਿਸ ਢੰਗ ਨਾਲ ਯੂਰਪ ਦੇ ਇਨ੍ਹਾਂ ਦੋਨਾਂ ਨੇਤਾਵਾਂ ਨੇ 'ਦੇਸ਼ ਭਗਤੀ' ਤੇ 'ਰਾਸ਼ਟਰਵਾਦ' ਦਾ ਸਿਧਾਤ ਲਿਆਂਦਾ ਸੀ, ਉਸ ਤੋਂ ਆਰ. ਐਸ. ਐਸ. ਦਾ ਪਹਿਲਾ ਮੁੱਖੀ ਹੈਡਗੇਵਰ ਹੀ ਪ੍ਰਭਾਵਿਤ ਨਹੀਂ ਸੀ, ਸਗੋਂ ਦੂਜੇ ਮੁਖੀ ਮਾਧਵ ਸਦਾਸ਼ਿਵ ਗੋਲਵਲਕਰ ਨੇ ਕਈ ਥਾਵਾਂ ਤੇ ਇਨ੍ਹਾਂ ਨੇਤਾਵਾਂ ਦੀ ਤਾਰੀਫ ਕੀਤੀ ਸੀ। ਉਸ ਨੇ ਆਪਣੀਆਂ ਕਿਤਾਬਾਂ 'ਵੀ ਔਰ ਅਵਰ ਨੇਸ਼ਨਹੁੱਡ ਡਿਫਾਈਨ' ਅਤੇ 'ਬੰਚ ਆਫ ਥਾਟਸ' ਵਿੱਚ ਨਾਜ਼ੀ ਹਿਟਲਰ ਵਲੋਂ ਆਰੀਰਨ ਨਸਲ ਦੇ ਗੋਰਿਆਂ ਦੀ ਸੁਪਰਮੇਸੀ ਸਥਾਪਿਤ ਕਰਨ ਲਈ 60 ਲੱਖ ਯਹੂਦੀਆਂ, ਘੱਟ ਗਿਣਤੀਆਂ, ਜਿਪਸੀਆਂ, ਕਾਮਰੇਡਾਂ ਨੂੰ ਗੈਸ ਚੈਂਬਰਾਂ ਆਦਿ ਵਿੱਚ ਮਾਰਨ ਨੂੰ ਸਹੀ ਠਹਿਰਾਇਆ ਸੀ। ਇਸੇ ਕਿਤਾਬ ਵਿੱਚ 'ਹਿੰਦੂ ਰਾਸ਼ਟਰ' ਬਾਰੇ ਗੱਲ ਕਰਦਿਆਂ ਗੋਲਵਰਕਰ ਕਹਿੰਦਾ ਹੈ ਕਿ ਭਾਰਤੀ ਹਿੰਦੂ ਰਾਸ਼ਟਰ ਵਿੱਚ ਗੈਰ ਹਿੰਦੂਆਂ (ਖਾਸਕਰ ਮੁਸਲਮਾਨਾਂ ਤੇ ਇਸਾਈਆਂ ਨੂੰ, ਉਨ੍ਹਾਂ ਅਨੁਸਾਰ ਬੋਧੀ, ਜੈਨੀ, ਸਿੱਖ ਤੇ ਹੋਰ ਛੋਟੇ ਧਾਰਮਿਕ ਫਿਰਕੇ ਤਾਂ ਹਿੰਦੂ ਧਰਮ ਦਾ ਹਿੱਸਾ ਹੀ ਹਨ) ਨੂੰ ਹਿੰਦੂ ਕਲਚਰ (ਧਰਮ) ਤੇ ਭਾਸ਼ਾ (ਸੰਸਕ੍ਰਿਤ) ਨੂੰ ਸਵੀਕਾਰ ਕਰਨਾ ਪਵੇਗਾ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਉਹ ਭਾਰਤ ਵਿੱਚ ਹਿੰਦੂਆਂ ਦੇ ਰਹਿਮੋ ਕਰਮ ਤੇ ਗੈਰ ਭਾਰਤੀ ਬਣ ਕੇ ਰਹਿ ਸਕਦੇ ਹਨ, ਉਨ੍ਹਾਂ ਕੋਲ ਭਾਰਤ ਦੀ ਨਾਗਰਿਕਤਾ ਨਹੀਂ ਹੋਵੇਗੀ। ਆਰ. ਐਸ. ਐਸ. ਬੁਨਿਆਦੀ ਤੌਰ ਤੇ ਭਾਰਤ ਨੂੰ ਹਿੰਦੂ ਦੇਸ਼ ਮੰਨਦੀ ਹੈ ਅਤੇ ਮੁਸਲਮਾਨਾਂ ਤੇ ਇਸਾਈਆਂ ਨੂੰ ਬਾਹਰੋਂ ਧਾੜਵੀ ਰੂਪ ਵਿੱਚ ਆ ਕੇ ਵਸੇ ਗੈਰ ਭਾਰਤੀ ਮੰਨਦੀ ਹੈ।



ਆਰ. ਐਸ. ਐਸ. ਬੇਸ਼ਕ ਪਿਛਲੇ 92 ਸਾਲ ਤੋਂ ਹੀ ਭਾਰਤ ਨੂੰ 'ਹਿੰਦੂ ਰਾਸ਼ਟਰ' ਬਣਾਉਣ ਦਾ ਸੁਪਨਾ ਦੇਖਦੀ ਆ ਰਹੀ ਹੈ, ਪਰ 2014 ਦੀਆਂ ਪਾਰਲੀਮਾਨੀ ਚੋਣਾਂ ਵਿੱਚ ਭਾਜਪਾ ਦੇ ਭਾਰੀ ਬਹੁਮਤ ਨਾਲ ਸਤ੍ਹਾ ਵਿੱਚ ਆਉਣ ਤੋਂ ਬਾਅਦ, ਉਨ੍ਹਾਂ ਨੂੰ ਇਹ ਸੁਪਨਾ ਪੂਰਾ ਹੁੰਦਾ ਦਿਖਾਈ ਦੇ ਰਿਹਾ ਹੈ। ਇਸ ਪੱਖ ਤੋਂ ਪਿਛਲੇ 3 ਸਾਲ ਤੋਂ ਬੜੇ ਯੋਜਨਾਬੱਧ ਢੰਗ ਨਾਲ ਕੰਮ ਕੀਤਾ ਜਾ ਰਿਹਾ ਹੈ। ਇਸ ਦੇ ਰਸਤੇ ਵਿੱਚ ਉਨ੍ਹਾਂ ਦੀ ਰੁਕਾਵਟ ਰਾਜ ਸਭਾ ਵਿੱਚ ਉਨ੍ਹਾਂ ਦੀ ਬਹੁਮਤ ਨਾ ਹੋਣਾ, ਉਨ੍ਹਾਂ ਦੀ ਵਿਚਾਧਾਰਾ ਦਾ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਨਾ ਹੋਣਾ। ਪਿਛਲ਼ੇ ਮਹੀਨੇ ਕੁੱਝ ਰਾਜਾਂ ਤੇ ਖਾਸਕਰ ਯੂਪੀ ਵਿੱਚ ਹੋਈਆਂ ਚੋਣਾਂ ਤੋਂ ਬਾਅਦ ਨਾ ਸਿਰਫ ਉਨ੍ਹਾਂ ਲਈ ਆਪਣਾ ਰਾਸ਼ਟਰਪਤੀ ਐਲ ਕੇ ਅਡਵਾਨੀ ਜਾਂ ਮੁਰਲੀ ਮਨੋਹਰ ਜੋਸ਼ੀ ਨੂੰ ਬਣਾਉਣ ਲਈ ਰਾਹ ਪੱਧਰਾ ਹੋ ਗਿਆ ਹੈ, ਸਗੋਂ ਰਾਜ ਸਭਾ ਵਿੱਚ ਇਸ ਸਾਲ ਦੇ ਅੰਤ ਤੱਕ ਬਹੁਮਤ ਹੋਣ ਨਾਲ ਦੋਨਾਂ ਸਦਨਾਂ ਵਿੱਚ ਆਪਣੀ ਮਰਜੀ ਦੇ ਬਿੱਲ ਪਾਸ ਕਾਰਨ ਵਿੱਚ ਕੋਈ ਰੁਕਾਵਟ ਨਹੀਂ ਰਹੇਗੀ। ਮੋਦੀ ਸਰਕਾਰ ਵਲੋਂ ਆਪਣੇ ਏਜੰਡੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਤਿੰਨੋਂ ਸੈਨਾਵਾਂ ਦੇ ਮੁੱਖੀ, ਸੁਪਰੀਮ ਕੋਰਟ ਦੇ ਜੱਜ ਤੇ ਹੋਰ ਉਚ ਅਹੁਦਿਆਂ ਤੇ ਪਹਿਲਾਂ ਹੀ ਤਿਆਰ ਕੀਤੇ ਹੋਏ ਆਈ. ਏ. ਐਸ. , ਆਈ. ਪੀ. ਐਸ. , ਪੀ. ਸੀ. ਐਸ. , ਆਈ. ਐਫ. ਐਸ., ਯੂਨੀਵਰਸਿਟੀਆਂ ਦੇ ਵਾਈ ਚਾਂਸਲਰ ਆਦਿ ਆਪਣੇ ਵਿਅਕਤੀ ਲਗਾਏ ਜਾ ਰਹੇ ਹਨ। ਰਿਪੋਰਟਾਂ ਅਨੁਸਾਰ ਇਸ ਸਾਲ ਦੇ ਅੰਤ ਤੱਕ ਆਰ. ਐਸ. ਐਸ. ਆਪਣੇ ਏਜੰਡੇ ਨੂੰ ਲਾਗੂ ਕਰਨ ਲਈ ਪੂਰੇ ਭਾਰਤੀ ਤੰਤਰ ਤੇ ਕੰਟਰੋਲ ਕਰ ਲਵੇਗੀ। ਆਪਣੇ 'ਹਿੰਦੂ ਰਾਸ਼ਟਰ' ਦੇ ਏਜੰਡੇ ਨੂੰ ਅੰਤਿਮ ਛੋਹਾਂ ਦੇਣ ਲਈ ਕਸ਼ਮੀਰ ਵਿਚੋਂ ਧਾਰਾ 370 (ਜਿਸ ਅਧੀਨ ਕਸ਼ਮੀਰੀਆਂ ਨੂੰ ਵੱਧ ਅਧਿਕਾਰ ਮਿਲੇ ਹੋਏ ਹਨ) ਨੂੰ ਖਤਮ ਕਰਨਾ, ਤਿੰਨੇ ਸੈਨਾਵਾਂ ਦੇ ਮੁੱਖੀਆਂ ਉਪਰ ਆਪਣਾ ਇੱਕ ਰਾਜਨੀਤਕ ਮੁੱਖੀ ਸਥਾਪਤ ਕਰਨਾ ਤਾਂ ਕਿ ਸੈਨਾਵਾਂ ਨੂੰ ਆਪਣੇ ਰਾਜਸੀ ਮੰਤਵ ਲਈ ਵਰਤਿਆ ਜਾ ਸਕੇ ਤੇ ਕਿਸੇ ਤਰ੍ਹਾਂ ਦੀ ਬਗਾਵਤ ਤੋਂ ਰੋਕਿਆ ਜਾ ਸਕੇ, ਭਾਰਤ ਵਿੱਚ ਯੂਨੀਫਾਰਮ ਸਿਵਲ ਕੋਡ ਲਾਗੂ ਕਰਨਾ (ਯਾਦ ਰਹੇ ਹੁਣ ਹਿੰਦੂ ਕੋਡ ਬਿੱਲ ਤੇ ਮੁਸਲਿਮ ਪਰਸਨਲ ਲਾਅ ਚਲਦਾ ਹੈ) ਤਾਂ ਕਿ ਭਾਰਤੀ ਸੰਸਕ੍ਰਿਤੀ (ਬਹੁ ਗਿਣਤੀ ਹਿੰਦੂ ਕਲਚਰ) ਨੂੰ ਸਭ ਭਾਰਤੀਆਂ ਤੇ ਠੋਸਿਆ ਜਾ ਸਕੇ, ਭਾਰਤ ਦਾ ਤਿਰੰਗਾ ਝੰਡਾ ਤੇ ਰਾਸ਼ਟਰੀ ਗੀਤ ਜਨ-ਗਨ-ਮਨ ਬਦਲਣਾ (ਯਾਦ ਰਹੇ ਆਰ ਐਸ ਐਸ ਨੇ ਭਾਰਤੀ ਤਿਰੰਗੇ ਝੰਡੇ ਨੂੰ ਕਦੇ ਮਾਨਤਾ ਨਹੀਂ ਦਿੱਤੀ, ਬੇਸ਼ਕ ਕੁੱਝ ਸਾਲਾਂ ਤੋਂ ਉਨ੍ਹਾਂ ਆਪਣੇ ਭਗਵੇਂ ਝੰਡੇ ਦੇ ਨਾਲ ਤਿਰੰਗਾ ਵੀ ਲਹਿਰਾਉਣਾ ਸ਼ੁਰੂ ਕੀਤਾ ਹੈ ਅਤੇ ਇਸੇ ਤਰ੍ਹਾਂ ਉਹ ਜਨ ਗਨ ਮਨ ਵਾਲੇ ਰਾਸ਼ਟਰੀ ਗੀਤ ਦੀ ਥਾਂ ਬੰਦੇ ਮਾਤਰਮ ਵਾਲੇ ਗੀਤ ਨੂੰ ਨੈਸ਼ਨਲ ਐਨਥਮ ਬਣਾਉਣਾ ਚਾਹੁੰਦੇ ਹਨ), ਹਿੰਦੀ ਦੇ ਨਾਲ-ਨਾਲ ਸੰਸਕ੍ਰਿਤ ਨੂੰ ਰਾਸ਼ਟਰੀ ਭਾਸ਼ਾ ਬਣਾਉਣਾ, ਸਾਰੇ ਦੇਸ਼ ਵਿੱਚ ਗਾਂ ਮਾਸ ਤੇ ਪਾਬੰਦੀ ਲਗਾ ਕੇ ਮੁਸਲਮਾਨਾਂ ਨੂੰ ਅਹਿਸਾਸ ਕਰਾਉਣਾ ਕਿ ਉਹ ਹੁਣ ਹਿੰਦੂਆਂ ਦੇ ਰਹਿਮੋ-ਕਰਮ ਤੇ ਹਨ, ਦਲਿਤਾਂ, ਆਦਿ ਵਾਸੀਆਂ ਤੇ ਘੱਟ ਗਿਣਤੀਆਂ ਲਈ ਰਾਖਵਾਂਕਰਨ ਨੂੰ ਖਤਮ ਕਰਨਾ, ਮੁਸਲਮਾਨਾਂ ਦਾ ਦੇਸ਼ ਵਿੱਚ ਘੱਟ ਗਿਣਤੀ ਸਟੇਟਸ ਖੋਹਣਾ, ਦੇਸ਼ ਵਿੱਚ ਵਸਦੀਆਂ ਵੱਖ-ਵੱਖ ਕੌਮਾਂ, ਘੱਟ ਗਿਣਤੀਆਂ, ਦਲਿਤਾਂ, ਆਦਿ ਵਾਸੀਆਂ, ਮੁਸਲਮਾਨਾਂ (ਖਾਸਕਰ) ਦਾ ਅਜਿਹੇ ਢੰਗ ਨਾਲ ਧਰੁਵੀਕਰਨ (ਪੋਲਾਰਾਈਜ਼ੇਸ਼ਨ) ਕਰਨਾ ਕਿ ਉਹ ਇੱਕ ਜਗ੍ਹਾ ਇਕੱਠੇ ਨਾ ਹੋ ਸਕਣ, ਆਪਣੀ ਕਿਤੇ ਪੱਕੀ ਵੋਟ ਬੈਂਕ ਨਾ ਬਣਾ ਸਕਣ ਤਾਂ ਕਿ ਉਹ ਰਾਜਨੀਤਕ ਸਿਸਟਮ ਨੂੰ ਪ੍ਰਭਾਵਿਤ ਨਾ ਕਰ ਸਕਣ ਆਦਿ ਏਜੰਡੇ ਅਗਲੇ ਇੱਕ ਸਾਲ ਵਿੱਚ ਲਾਗੂ ਕੀਤੇ ਜਾ ਸਕਦੇ ਹਨ। ਇਸ ਦੇ ਨਾਲ ਹੀ ਇਹ ਵੀ ਖਿਆਲ ਰੱਖਿਆ ਜਾਵੇਗਾ ਕਿ 2019 ਦੀਆਂ ਇਲੈਕਸ਼ਨਾਂ ਇੱਕ ਵਾਰ ਫਿਰ ਭਾਰੀ ਬਹੁਮਤ ਨਾਲ ਜਿੱਤੀਆਂ ਜਾ ਸਕਣ। ਇਸ ਸਬੰਧੀ ਅਗਰ ਤੁਸੀਂ ਆਰ ਐਸ ਐਸ ਮੁਖੀ ਮੋਹਨ ਭਗਵਤ ਦੇ ਬਿਆਨ ਦੇਖੋਂ ਤਾਂ ਉਹ ਕਹਿ ਰਿਹਾ ਹੈ ਕਿ ਹਿੰਦੂਆਂ ਕੋਲ 1000 ਸਾਲ ਦੀ ਗੁਲਾਮੀ ਤੋਂ ਬਾਅਦ ਰਾਜ ਸਤ੍ਹਾ ਆਈ ਹੈ, ਹੁਣ ਸਾਡੇ ਕੋਲ ਮੌਕਾ ਹੈ ਕਿ ਅਸੀਂ 2019 ਤੱਕ ਭਾਰਤ ਦੇ ਹਰ ਨਾਗਰਿਕ ਨੂੰ ਹਿੰਦੂ ਬਣਾ ਦੇਈਏ ਭਾਵ ਹਰ ਭਾਰਤੀ ਗਰਵ ਸੇ ਕਹੇ ਕਿ ਹਮ ਹਿੰਦੂ ਹੈਂ, ਭਾਵੇਂ ਉਹ ਪੂਜਾ ਪਾਠ ਤੇ ਪਹਿਰਾਵਾ ਕਿਸੇ ਵੀ ਧਾਰਮਿਕ ਫਿਰਕੇ ਦਾ ਪਾਈ ਰੱਖੇ।



ਜੇ ਤੁਸੀਂ ਮੋਦੀ ਸਰਕਾਰ ਦੀ ਕਾਰਗੁਜਾਰੀ ਦੇਖੋਂ ਤਾਂ ਉਹ ਆਪਣੇ ਹਿੰਦੂ ਰਾਸ਼ਟਰਵਾਦ ਦੇ ਏਜੰਡੇ ਨੂੰ ਲਾਗੂ ਕਰਨ ਲਈ ਹਿਟਲਰ ਦੇ ਨਾਜੀਵਾਦ ਤੇ ਮੋਸੋਲਿਨੀ ਦੇ ਫਾਸ਼ੀਵਾਦ ਦੀਆਂ ਰਾਹਾਂ ਤੇ ਸਾਬਿਤ ਕਦਮੀਂ ਚੱਲ ਰਹੇ ਹਨ। ਅੱਜ ਭਾਰਤ ਵਿੱਚ ਹਰ ਇਨਸਾਫ ਪਸੰਦ, ਧਰਮ ਨਿਰਪੱਖ ਤੇ ਘੱਟ ਗਿਣਤੀਆਂ ਨਾਲ ਸਬੰਧਿਤ ਬੁੱਧੀਜੀਵੀ, ਲੇਖਕ, ਐਕਟੀਵਸਟ, ਪੱਤਰਕਾਰ ਦਹਿਸ਼ਤ ਦੇ ਮਾਹੌਲ ਵਿੱਚ ਹੈ। ਘੱਟ ਗਿਣਤੀਆਂ ਖਾਸਕਰ ਮੁਸਲਾਮਾਨ, ਦਲਿਤ ਤੇ ਆਦਿ ਵਾਸੀਆਂ ਤੇ ਨਸਲੀ ਹਮਲੇ ਜਾਰੀ ਹਨ। ਯੂਨੀਵਰਸਿਟੀਆਂ ਵਿੱਚ ਰਿਸਰਚ ਗਰਾਂਟਾਂ ਖਤਮ ਕੀਤੀਆਂ ਜਾ ਰਹੀਆਂ ਹਨ। ਦੇਸ਼ ਦੇ ਕੁਦਰਤੀ ਸੋਮੇ ਵੱਡੇ-ਵੱਡੇ ਸਰਮਾਏਦਾਰ ਘਰਾਣਿਆਂ ਜਾਂ ਮਲਟੀ ਨੈਸ਼ਨਲ ਕਾਰਪੋਰੇਸ਼ਨਾਂ ਨੂੰ ਕੌਡੀਆਂ ਭਾਅ ਵੇਚੇ ਜਾ ਰਹੇ ਹਨ। ਆਉਣ ਵਾਲੇ 2 ਸਾਲ ਨਾ ਸਿਰਫ ਹਰ ਭਾਰਤੀ ਲਈ, ਸਗੋਂ ਹਰ ਇਨਸਾਫ ਪਸੰਦ, ਮਨੁੱਖਤਾਵਾਦੀ, ਧਰਮ ਨਿਰਪੱਖ ਵਿਅਕਤੀ ਲਈ ਕੁੱਝ ਕਰਨ ਲਈ ਆਵਾਜ ਦੇ ਰਹੇ ਹਨ।

# ਨਕਲੀ ਹਰਿਮੰਦਰ ਸਾਹਿਬ ਉਸਾਰਨ ਦਾ ਮਾਮਲਾ ਫਿਰ ਚਰਚਾ ਦਾ ਵਿਸ਼ਾ ਬਣਿਆ

## • ਜਾਂਚ ਟੀਮ ਨੇ ਹੁਕਮਨਾਮੇ ਦੀ ਪਾਲਣਾ ਨਾ ਹੋਣ ਦਾ ਕੀਤਾ ਖ਼ੁਲਾਸਾ • ਜੇਕਰ ਮਾਮਲਾ ਹੱਲ ਨਾ ਹੋਇਆ ਤਾਂ ਸੰਘਰਸ਼ ਕਰਾਂਗੇ :ਫੱਗੂਵਾਲਾ

**ਸੰਗਰੂਰ/ਬਿਊਰੋ ਨਿਊਜ਼:** ਇੱਥੋਂ ਨੇੜਲੇ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਕੰਪਲੈਕਸ ਵਿੱਚ ਬਣ ਰਹੇ ਗੁਰਦੁਆਰੇ ਦੀ ਦਿੱਖ ਹਰਿਮੰਦਰ ਸਾਹਿਬ ਨਾਲ ਮਿਲਦੀ-ਜੁਲਦੀ ਹੋਣ ਤੋਂ ਛਿੜੇ ਵਿਵਾਦ ਦੇ ਹੱਲ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਬਣਾਈ ਗਈ ਚਾਰ ਮੈਂਬਰੀ ਜਾਂਚ ਟੀਮ ਇੱਥੇ ਮਸਤੂਆਣਾ ਸਾਹਿਬ ਵਿਖੇ ਪੁੱਜੀ। ਇਸ ਟੀਮ ਵਿੱਚ ਐਸਜੀਪੀਸੀ ਮੈਂਬਰ ਕਰਨੈਲ ਸਿੰਘ ਪੰਜੋਲੀ, ਭੁਪਿੰਦਰ ਸਿੰਘ ਭਲਵਾਨ, ਹਰਦੇਵ ਸਿੰਘ ਰੋਗਲਾ ਅਤੇ ਗੁਰਦੁਆਰਾ ਨਾਨਕਿਆਣਾ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਗਾਜੀਪੁਰ ਸ਼ਾਮਲ ਸਨ, ਜਦੋਂ ਕਿ ਚੌਥੇ ਮੈਂਬਰ ਮਲਕੀਤ ਸਿੰਘ ਚੰਗਾਲ ਗੈਰ-ਹਾਜ਼ਰ ਸਨ।

ਮੁਆਇਨਾ ਕਰਨ ਪਿੱਛੋਂ ਜਾਂਚ ਟੀਮ ਨੇ ਖੁਲਾਸਾ ਕੀਤਾ ਕਿ 20 ਜੂਨ 2009 ਨੂੰ ਜਾਰੀ ਹੁਕਮਨਾਮੇ ਮੁਤਾਬਕ ਗੁਰਦੁਆਰੇ ਨਾਲ ਸਬੰਧਤ ਉਹ ਸਾਰੀਆਂ ਨਿਸ਼ਾਨੀਆਂ ਖ਼ਤਮ ਨਹੀਂ ਕੀਤੀਆਂ ਗਈਆਂ, ਜਿਨ੍ਹਾਂ ਦਾ ਹੁਕਮਨਾਮੇ ਵਿੱਚ ਜ਼ਿਕਰ ਕੀਤਾ ਹੈ। ਜਾਂਚ ਟੀਮ ਨੇ ਕਿਹਾ ਕਿ ਉਨ੍ਹਾਂ



ਨੇ ਗੁਰਦੁਆਰੇ ਦੀ ਇਮਾਰਤ ਦੀ ਜਾਂਚ ਕੀਤੀ ਅਤੇ ਇਸ ਸਬੰਧੀ ਆਪਣੀ ਰਿਪੋਰਟ ਤਿਆਰ ਕਰ ਦਿੱਤੀ ਹੈ, ਜੋ ਜਲਦ ਹੀ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਸੌਂਪ ਦਿੱਤੀ ਜਾਵੇਗੀ। ਜਾਂਚ ਕਮੇਟੀ ਦੇ ਆਗੂ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ 20 ਜੂਨ 2009 ਨੂੰ ਅਕਾਲ ਤਖਤ ਵੱਲੋਂ ਆਦੇਸ਼ ਜਾਰੀ ਹੋਇਆ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਮਸਤੂਆਣਾ ਸਾਹਿਬ ਵਿਖੇ ਹਰਿਮੰਦਰ ਸਾਹਿਬ ਦਾ ਭੁਲੇਖਾ ਪਾਉਂਦੀਆਂ ਨਿਸ਼ਾਨੀਆਂ ਨੂੰ ਖ਼ਤਮ ਕੀਤਾ ਜਾਵੇ ਜਿਵੇਂ ਸਾਰਾ ਸਰੋਵਰ ਪੂਰ ਦਿੱਤਾ ਜਾਵੇ, ਇਮਾਰਤ ਨੂੰ ਜਾਂਦਾ ਪੁਲ ਢਾਹ ਦਿੱਤਾ ਜਾਵੇ, 'ਹਰਿ ਕੀ ਪੌੜੀ' ਵਰਗੀ ਦਿੱਖ ਵਾਲੀ ਇਮਾਰਤ ਦਾ ਹਿੱਸਾ ਢਾਹ ਦਿੱਤਾ ਜਾਵੇ ਤੇ ਇਮਾਰਤ ਦੇ ਆਲੇ-ਦੁਆਲੇ ਵਰਾਂਡਾ ਬਣਾ ਦਿੱਤਾ ਜਾਵੇ, ਗੁਰਦੁਆਰੇ ਦੀਆਂ ਉਪਰਲੀਆਂ ਗੁੰਬਦੀਆਂ ਢਾਹ ਕੇ ਕੇਵਲ ਇੱਕ ਗੁੰਬਦ ਬਣਾਇਆ ਜਾਵੇ ਤੇ ਇਸ ਦਾ ਨਾਮ ਸ੍ਰੀ ਗੁਰੂ ਸਿੰਘ ਸਭਾ ਮਸਤੂਆਣਾ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਅਜੇ ਤੱਕ ਕੇਵਲ ਵਰਾਂਡੇ ਬਣਾਕੇ ਤੇ ਹਰਿ ਕੀ ਪੌੜੀ ਕੋਲ ਦੀਵਾਰ ਬਣਾਕੇ ਉਸ ਨੂੰ ਬੰਦ ਕੀਤਾ ਗਿਆ ਹੈ ਜਦਕਿ ਬਾਕੀ ਨਿਸ਼ਾਨੀਆਂ ਪਹਿਲਾਂ ਦੀ ਤਰ੍ਹਾਂ ਹੀ ਹਨ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ 16 ਫਰਵਰੀ ਨੂੰ ਹੋਣ ਵਾਲੀ ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਮੀਟਿੰਗ ਵਿੱਚ ਇਹ ਮਾਮਲਾ ਵਿਚਾਰਿਆ ਜਾਵੇਗਾ ਤੇ ਇਸ ਸਬੰਧੀ ਅਗਲਾ ਫੈਸਲਾ ਲਿਆ ਜਾਵੇਗਾ।

### *ਜਾਂਚ ਕਮੇਟੀ ਉਪਰ ਉੱਠੇ ਇਤਰਾਜ਼*

ਯੂਨਾਈਟਿਡ ਅਕਾਲੀ ਦੇ ਆਗੂ ਪ੍ਰਸ਼ੋਤਮ ਸਿੰਘ ਫੱਗੂਵਾਲਾ, ਜਿਨ੍ਹਾਂ ਨੇ ਉਕਤ ਹੁਕਮਨਾਮੇ ਨੂੰ ਲਾਗੂ ਕਰਵਾਉਣ ਲਈ ਮਰਨ ਵਰਤ ਰੱਖਿਆ ਸੀ, ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਜਾਂਚ ਕਮੇਟੀ ਸਿਰਫ਼ ਖਾਨਾਪੂਰਤੀ ਤੱਕ ਸੀਮਤ ਹੈ। ਉਨ੍ਹਾਂ ਦੋਸ਼ ਲਾਇਆ ਕਿ ਅੱਜ ਜਾਂਚ ਕਮੇਟੀ ਚੋਰੀ-ਛਿਪੇ ਹੀ ਮਸਤੂਆਣਾ ਸਾਹਿਬ ਦਾ ਦੌਰਾ ਕਰ ਆਈ ਤੇ ਇਸ ਦੌਰੇ ਆਧਾਰ 'ਤੇ ਹੀ ਰਿਪੋਰਟ ਤਿਆਰ ਕਰਕੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਸੌਂਪ ਦੇਵੇਗੀ। ਉਨ੍ਹਾਂ ਮੰਗ ਕੀਤੀ ਕਿ ਅਕਾਲ ਤਖਤ ਤੋਂ ਜਾਰੀ ਹੋਏ ਹੁਕਮਨਾਮੇ ਨੂੰ ਗੰਭੀਰਤਾ ਨਾਲ ਲਾਗੂ ਕੀਤਾ ਜਾਵੇ। ਪ੍ਰਸ਼ੋਤਮ ਸਿੰਘ ਫੱਗੂਵਾਲਾ ਨੇ ਐਸਜੀਪੀਸੀ ਦੀ ਜਾਂਚ ਕਮੇਟੀ ਦੀ ਢਿੱਲੀ ਕਾਰਵਾਈ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਜਾਂਚ ਕਮੇਟੀ ਵੱਲੋਂ ਦੋ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ ਪ੍ਰੰਤੂ ਮਾਮਲਾ ਉਥੇ ਦਾ ਉਥੇ ਹੈ। ਅਗਲੀ ਮੀਟਿੰਗ ਦਾ ਸਮਾਂ ਨਿਸ਼ਚਿਤ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਐਸਜੀਪੀਸੀ ਵੱਲੋਂ ਜਾਂਚ ਕਰਾਉਣ ਦਾ ਭਰੋਸਾ ਦੇ ਕੇ ਉਸ ਨਾਲ ਧੋਖਾ ਕੀਤਾ ਗਿਆ ਹੈ, ਜਿਸ ਕਰਕੇ ਜਾਂਚ ਕਮੇਟੀ ਤੋਂ ਅਕਾਲ ਤਖਤ ਦਾ ਫੈਸਲਾ ਲਾਗੂ ਕਰਾਉਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਜਾਂਚ ਕਮੇਟੀ ਵੱਲੋਂ ਅਕਾਲ ਤਖਤ ਤੋਂ ਜਾਰੀ ਹੁਕਮਨਾਮਾ ਲਾਗੂ ਨਾ ਕਰਵਾਇਆ ਗਿਆ ਤਾਂ ਉਹ ਮੁੜ ਸੰਘਰਸ਼ ਦਾ ਐਲਾਨ ਕਰਨਗੇ।

# ਸਿੱਖ ਕਿਉਂ ਰੁਲਦੇ ਜਾਂਦੇ ਨੀ



## ਪ੍ਰੋ. ਬਲਵਿੰਦਰਪਾਲ ਸਿੰਘ

ਜਿਹੜੀਆਂ ਕੌਮਾਂ ਰੂਹ ਦੇ ਜ਼ੋਰ ਨਾਲ ਜਿਉਂਦੀਆਂ ਹਨ, ਉਨ੍ਹਾਂ ਦੇ ਦੁੱਖ ਡੂੰਘਿਆਈ ਤੱਕ ਵੀ ਮਾਪੇ ਨਹੀਂ ਜਾ ਸਕਦੇ। ਇਹੋ ਜਿਹੀਆਂ ਕੌਮਾਂ ਦੀ ਦਾਸਤਾਨ ਬੜੀ ਅਨੋਖੀ ਹੋਇਆ ਕਰਦੀ ਹੈ। ਜਦੋਂ ਉਨ੍ਹਾਂ ਦੇ ਆਗੂ ਪਦਾਰਥਵਾਦੀ ਸੋਚ ਤੇ ਨਿੱਜਤਾ ਨਾਲ ਜੁੜ ਜਾਂਦੇ ਹਨ ਤੇ ਉਨ੍ਹਾਂ ਦੀ ਸੋਚ ਵਿਕਾਊ ਹੋ ਜਾਂਦੀ ਹੈ ਤਾਂ ਇਹੋ ਜਿਹੇ ਸਮੇਂ ਦੌਰਾਨ ਰੂਹ ਦੇ ਜ਼ੋਰ ਨਾਲ ਜਿਉਣ ਵਾਲੀਆਂ ਕੌਮਾਂ ਅੰਦਰ ਵੱਲ ਪਰਤ ਜਾਂਦੀਆਂ ਹਨ ਅਤੇ ਗੰਭੀਰ ਖਤਰਿਆਂ ਵਿੱਚ ਘਿਰ ਜਾਂਦੀਆਂ ਹਨ। ਇਸੇ ਨੂੰ ਢਹਿੰਦੀ ਕਲਾ ਦਾ ਨਾਮ ਦਿੱਤਾ ਜਾ ਸਕਦਾ ਹੈ। ਜਾਪਦਾ ਹੈ ਕਿ ਸਿੱਖ ਕੌਮ ਦੀ ਦਰਦਨਾਕ ਦਾਸਤਾਂ ਵੀ ਅਜਿਹੀ ਹੈ, ਜਿਸ ਦਾ ਦਰਦ ਖਮੋਸ਼ੀ ਨਾਲ ਜੁੜ ਗਿਆ। ਇਹ ਦੌਰ ਬਹੁਤ ਲੰਮਾ ਜਾਪਦਾ ਹੈ। ਸਿੱਖ ਕੌਮ ਜਿਸ ਦੌਰ ਵਿਚੋਂ ਗੁਜ਼ਰ ਰਹੀ ਹੈ, ਉਹ ਦੌਰ ਕਦੇ ਵੀ ਇਤਿਹਾਸ ਵਿਚ ਅੱਜ ਤੱਕ ਨਹੀਂ ਵਾਪਰਿਆ। ਅੱਜ ਡੂੰਘਾ ਸਵਾਲ ਇਹੀ ਹੈ ਕਿ ਸਿੱਖ ਕਿਉਂ ਰੁਲਦੇ ਜਾਂਦੇ ਹਨ ?

20ਵੀਂ ਸਦੀ ਦੇ ਪ੍ਰਸਿੱਧ ਪੰਜਾਬੀ ਸ਼ਾਇਰ ਪ੍ਰੋ. ਪੂਰਨ ਸਿੰਘ ਨੇ ਵੀ ਅਜਿਹਾ ਤੌਖਲਾ ਪ੍ਰਗਟਾਇਆ ਸੀ। ਉਸ ਨੇ ਆਪਣੀ ਇਕ ਕਵਿਤਾ ਵਿਚ ਲਿਖਿਆ ਸੀ-

ਇਹ ਗਲੀ !<br>
ਮਾਹੀ ਯਾਰ ਦੀ ਹਾਂ<br>
ਇਹ ਰਾਹ !<br>
ਸੱਚੀ ਸਰਕਾਰ ਦੀ ਹਾਂ<br>
ਓਏ !<br>
ਸਿੱਖ ਕਿਉਂ ਰੁਲਦੇ ਜਾਂਦੇ ਨੀ ?

ਪੂਰਨ ਸਿੰਘ ਨੇ ਆਪਣੀ ਇਸ ਕਵਿਤਾ ਵਿਚ ਸਿੱਖਾਂ ਦੇ ਰੁਲ ਜਾਣ ਦੀ ਗੱਲ ਕੀਤੀ ਹੈ। ਸਾਨੂੰ ਹੁਣ ਇਨ੍ਹਾਂ ਕਾਰਨਾਂ ਦਾ ਲੇਖਾ-ਜੋਖਾ ਕਰਨਾ ਪਵੇਗਾ ਕਿ ਸਿੱਖਾਂ ਵਿਚ ਢਹਿੰਦੀ ਕਲਾ ਕਿਉਂ ਆ ਰਹੀ ਹੈ ਤੇ ਉਹ ਰੁਲ ਕਿਉਂ ਰਹੇ ਨੇ ?

ਸਿੱਖਾਂ ਦਾ ਇਤਿਹਾਸ ਗਵਾਹ ਹੈ ਕਿ ਸਿੱਖ ਹਮੇਸ਼ਾ ਖਤਰਿਆਂ ਦੇ ਨਾਲ ਖੇਡਦੇ ਰਹੇ ਹਨ। ਸ਼ਹਾਦਤਾਂ ਦਿੰਦੇ ਰਹੇ ਹਨ। ਬੜੀਆਂ ਮੁਸੀਬਤਾਂ ਵਿਚੋਂ ਵੀ ਗੁਜ਼ਰੇ ਹਨ ਪਰ ਅਜਿਹਾ ਦੌਰ ਕਦੇ ਵੀ ਨਹੀਂ ਆਇਆ ਕਿ ਉਹ ਬਿਲਕੁਲ ਹੀ ਖਾਮੋਸ਼ ਹੋ ਗਏ ਹੋਣ ਜਿਵੇਂ ਕਿ ਅੱਜ ਹਨ। ਸਿੱਖਾਂ ਦੇ ਬੀਤ ਚੁੱਕੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੇ ਸੰਕਲਪ ਤਹਿਤ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ। ਸੰਸਾਰਕ ਰਾਜਨੀਤੀ ਤੋਂ ਵੀ ਉੱਪਰ ਸੱਚੇ ਪਾਤਸ਼ਾਹ (ਅਕਾਲ ਪੁਰਖ) ਤਖ਼ਤ ਐਲਾਨ ਕਰ ਦਿੱਤਾ, ਜਿੱਥੇ ਧਰਮ ਤੇ ਰਾਜਨੀਤੀ ਸਾਂਝੀ ਸੀ ਤੇ ਇਨਸਾਫ ਤੇ ਸੱਚ ਦਾ ਬੋਲਬਾਲਾ ਸੀ।

ਕਹਿਣ ਤੋਂ ਭਾਵ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖ ਕੌਮ ਵਿਚ ਚੜ੍ਹਦੀ ਕਲਾ ਦਾ ਦੌਰ ਸਿਰਜਿਆ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਮਨੁੱਖੀ ਅਧਿਕਾਰਾਂ ਦੇ ਹਿੱਤ ਵਿੱਚ ਸ਼ਹਾਦਤ ਹੋਈ, ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰ ਚੁੱਕ ਲਏ। ਇਸ ਕਰਕੇ ਕਿ ਇਨ੍ਹਾਂ ਤੋਂ ਬਿਨਾਂ ਸਿੱਖ ਕੌਮ ਦੀ ਵੱਖਰੀ ਹੋਂਦ ਕਾਇਮ ਨਹੀਂ ਰੱਖੀ ਜਾ ਸਕਦੀ ਸੀ ਤੇ ਨਾ ਹੀ ਜ਼ੁਲਮ ਨਾਲ ਟੱਕਰ ਲਈ ਜਾ ਸਕਦੀ ਸੀ। ਗੁਰੂ ਦਾ ਨਿਸ਼ਾਨਾ ਇਹ ਸੀ ਕਿ ਸ਼ਬਦ ਗੁਰੂ ਲਹਿਰ ਅਧੀਨ ਸਿੱਖਾਂ ਨੂੰ ਗਿਆਨਵਾਨ, ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ ਬਣਾਉਣਾ ਤੇ ਸੁਚੱਜੇ ਆਦਰਸ਼ਵਾਦੀ ਸਮਾਜ ਦੀ ਸਿਰਜਣਾ ਕਰਨਾ। ਇਸੇ ਸੰਕਲਪ ਅਧੀਨ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ, ਜਿਸ ਦਾ ਨਿਸ਼ਾਨਾ ਸੀ ਹਲੇਮੀ ਰਾਜ ਤੇ ਬੇਗਮਪੁਰੇ ਦੀ ਸਿਰਜਣਾ, ਜਿੱਥੇ ਸਮੂਹ ਲੋਕ ਸੁਖੀ ਰਹਿਣ ਭਾਵੇਂ ਉਹ ਕਿਸੇ ਜਾਤ ਦੇ ਹੋਣ, ਕਿਸੇ ਧਰਮ ਦੇ ਹੋਣ। ਰਾਜਾ ਨਿਆਂਕਾਰੀ ਹੋਵੇ ਤੇ ਮਨੁੱਖੀ ਅਧਿਕਾਰਾਂ ਦੀ ਪਾਲਣਾ ਹੋਵੇ। ਗੁਰੂ ਦੀ ਬਖਸ਼ਿਸ਼ ਸਦਕਾ ਉਹ ਦੌਰ ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਵੇਲੇ ਆਇਆ, ਜਿਥੇ ਦਬੇ-ਕੁਚਲਿਆਂ, ਲੁੱਟੇ-ਕੁੱਟੇ ਕਿਸਾਨਾਂ ਨੂੰ ਰਾਜੇ ਬਣਾਇਆ ਗਿਆ। ਜੰਗ ਦੇ ਮੈਦਾਨ ਵਿਚ ਜੂਝਣ ਦਾ ਉਨ੍ਹਾਂ ਨੇ ਵੱਲ ਸਿੱਖਿਆ। ਇਹ ਦੱਬੇ-ਕੁਚਲੇ ਲੋਕ ਉਨ੍ਹਾਂ ਸਵਰਨ ਜਾਤਾਂ ਦੀ ਕਿਸਮਤ ਦੇ ਘਾੜੇ ਬਣੇ ਜੋ ਉਨ੍ਹਾਂ ਨੂੰ ਗੁਲਾਮਾਂ ਦੀ ਤਰ੍ਹਾਂ ਲਿਤਾੜਦੇ ਸਨ ਅਤੇ ਉੱਚ ਜਾਤ ਦਾ ਗੁਮਾਨ ਰੱਖ ਕੇ ਦਬੇ-ਕੁਚਲੇ ਲੋਕਾਂ ਅਤੇ ਕਿਸਾਨਾਂ ਨਾਲ ਪਸ਼ੂਆਂ ਤੋਂ ਵੀ ਭੈੜਾ ਸਲੂਕ ਕਰਦੇ ਸਨ।

ਸਿੱਖਾਂ ਦੀ ਫੁੱਟ ਕਾਰਨ ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਗਿਆ, ਸ਼ਹਾਦਤਾਂ ਹੋਈਆਂ, ਸਿੱਖਾਂ ਦੇ ਬੰਦ-ਬੰਦ ਕੱਟੇ ਗਏ, ਮਾਵਾਂ ਨੇ ਸਿੱਖੀ ਸਿਦਕ ਨਾ ਹਾਰਦਿਆਂ ਆਪਣੇ ਬੱਚਿਆਂ ਦੇ ਟੋਟੇ ਕਰਵਾ ਕੇ ਆਪਣੀਆਂ ਝੋਲੀਆਂ 'ਚ ਪੁਆ ਲਏ। ਕਿੰਨਾ ਭਿਆਨਕ ਦੌਰ ਸੀ ਜਦੋਂ ਮੁਗਲ ਹਕੂਮਤ ਦੌਰਾਨ ਮਨੁੱਖੀ ਅਧਿਕਾਰਾਂ ਦੀ ਕੋਈ ਕਦਰ ਨਹੀਂ ਸੀ, ਪਰ ਸਿੱਖ ਫਿਰ ਵੀ ਨਹੀਂ ਹਾਰੇ, ਫਿਰ ਵੀ ਨਹੀਂ ਰੁਲੇ। ਗੁਰੂ ਨੂੰ ਅੰਗ-ਸੰਗ ਸਮਝ ਕੇ ਚੜ੍ਹਦੀ ਕਲਾ ਵਿੱਚ ਰਹੇ।

ਮਿਸਲਾਂ ਦਾ ਯੁਗ ਆਇਆ, ਮੁਗਲ ਹਕੂਮਤ ਤਬਾਹ ਹੋ ਕੇ ਰਹਿ ਗਈ। ਸਿੱਖ ਕੌਮ ਦੀ ਅਹਿਮਦ ਸ਼ਾਹ ਅਬਦਾਲੀ, ਨਾਦਰ ਸ਼ਾਹ ਨਾਲ ਟੱਕਰ ਹੋਈ, ਦੋ ਘੱਲੂਘਾਰੇ ਹੋਏ ਪਰ ਸਿੱਖ ਚੜ੍ਹਦੀ ਕਲਾ ਵਿੱਚ ਰਹੇ। 18ਵੀਂ ਸਦੀ ਦੌਰਾਨ ਬਾਬਾ ਬਘੇਲ ਸਿੰਘ ਦੀ ਅਗਵਾਈ ਵਿੱਚ ਸਿੱਖ ਦਿੱਲੀ 'ਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਕੇ ਪੂਰੇ ਭਾਰਤ ਦੇ ਸਰਦਾਰ ਬਣ ਗਏ। ਇਸੇ ਲਈ ਸਿੱਖਾਂ ਦੇ ਸੀਨੇ-ਬਸੀਨੇ ਇਹ ਸ਼ਬਦ ਘਰ ਕੀਤਾ ਹੋਇਆ ਹੈ 'ਦਿੱਲੀ ਤਖ਼ਤ ਪਰ ਬਹੇਗੀ ਆਪ ਗੁਰੂ ਕੀ ਫੌਜ, ਛਤਰ ਝੁਲੇਂਗੇ ਸੀਸ ਪਰ ਬੜੀ ਕਰੇਗੀ ਮੌਜ'।

ਮਹਾਰਾਜਾ ਰਣਜੀਤ ਸਿੰਘ ਦੇ ਦੌਰ ਦੌਰਾਨ ਸਿੱਖਾਂ ਨੇ ਪੰਜਾਬ ਉੱਪਰ ਰਾਜ ਕੀਤਾ। ਅਫਗਾਨੀਆਂ ਅਤੇ ਅੰਗਰੇਜ਼ਾਂ ਨੂੰ ਡੱਕ ਕੇ ਰੱਖੀ ਰੱਖਿਆ। ਮਰਹੱਟੇ ਅਤੇ ਰਾਜਪੂਤ ਵੀ ਸਿੱਖਾਂ ਤੋਂ ਖੌਫ ਖਾਂਦੇ ਸਨ। ਅੰਗਰੇਜ਼ਾਂ ਦੇ ਸਮੇਂ ਸਿੱਖਾਂ ਨੇ ਭਾਰਤ ਨੂੰ ਗੁਲਾਮੀ ਤੋਂ ਛੁਟਕਾਰਾ ਦੁਆਉਣ ਲਈ 80 ਪ੍ਰਤੀਸ਼ਤ ਕੁਰਬਾਨੀਆਂ ਕੀਤੀਆਂ, ਜੇਲ੍ਹਾਂ ਕੱਟੀਆਂ ਪਰ ਫਿਰ ਵੀ ਸਿੱਖ ਚੜ੍ਹਦੀ ਕਲਾ ਵਿੱਚ ਰਹੇ।

ਬੀਤੇ ਤਿੰਨ ਦਹਾਕਿਆਂ ਦੌਰਾਨ ਸਿੱਖਾਂ ਨੇ ਗੰਭੀਰ ਸੰਤਾਪ ਝੱਲਿਆ। ਜੂਨ 84 ਅਤੇ ਨਵੰਬਰ-84 ਦੇ ਦੋ ਘੱਲੂਘਾਰਿਆਂ ਨੂੰ ਹੰਢਾਇਆ ਹੈ। ਇਨ੍ਹਾਂ ਘੱਲੂਘਾਰਿਆਂ ਦੌਰਾਨ ਸਿੱਖਾਂ ਦਾ ਵੱਡਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਹਰਿਮੰਦਰ ਸਾਹਿਬ ਦੀ ਬੇਅਦਬੀ ਹੋਈ, ਅਕਾਲ ਤਖ਼ਤ ਸਾਹਿਬ ਫੌਜੀ ਹਮਲੇ ਕਾਰਣ ਢਹਿ-ਢੇਰੀ ਹੋਇਆ ਤੇ ਨਵੰਬਰ 84 ਦੌਰਾਨ ਸਿੱਖਾਂ ਦਾ ਵੱਡੀ ਪੱਧਰ 'ਤੇ ਕਤਲੇਆਮ ਕੀਤਾ ਹੋਇਆ। ਸਿੱਖਾਂ ਦੀਆਂ ਧੀਆਂ-ਭੈਣਾਂ ਦੀ ਸ਼ਰੇਆਮ ਇੱਜ਼ਤ ਲੁੱਟੀ ਗਈ। ਪੰਜਾਬ ਵਿੱਚ ਸ਼ਾਂਤੀ ਕਾਇਮ ਕਰਨ ਦੇ ਨਾਂ 'ਤੇ ਸਿੱਖਾਂ ਨੂੰ ਲਾਵਾਰਿਸ ਲਾਸ਼ਾਂ ਬਣਾਇਆ ਗਿਆ। ਇਸ ਦੌਰ ਤੋਂ ਬਾਅਦ ਰਵਾਇਤੀ ਸਿੱਖ ਲੀਡਰਸ਼ਿਪ ਨੇ ਸਿੱਖ ਕੌਮ ਨਾਲ ਸੱਤਾ ਦੇ ਲਾਲਚ 'ਚ ਧੋਖਾ ਕੀਤਾ। ਇਹ ਦੁਖਾਂਤ 18ਵੀਂ ਸਦੀ ਦੇ ਸਿੱਖ ਘੱਲੂਘਾਰਿਆਂ ਤੇ ਚਮਕੌਰ ਦੀ ਗੜ੍ਹੀ ਦੇ ਦ੍ਰਿਸ਼ ਤੋਂ ਵੱਖਰਾ ਨਹੀਂ ਸੀ। ਜੇਕਰ ਸਿੱਖ ਉਸ ਸਮੇਂ ਚੜ੍ਹਦੀ ਕਲਾ 'ਚ ਰਹਿ ਸਕਦੇ ਹਨ, ਤਾਂ ਹੁਣ ਅਜਿਹਾ ਕੀ ਬੀਤਿਆ ਹੈ ਕਿ ਦੋ ਘੱਲੂਘਾਰਿਆਂ ਤੋਂ ਬਾਅਦ ਸਿੱਖਾਂ ਵਿੱਚੋਂ ਗੁਰੂ ਦਾ ਸੂਹਜ ਹੀ ਗਾਇਬ ਹੋ ਗਿਆ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਸਿੱਖ ਲੀਡਰਸ਼ਿਪ ਨੇ ਗੁਰੂਆਂ ਦੀ ਵਿਚਾਰਧਾਰਾ 'ਚ ਮਿਲਾਵਟੀ ਰੰਗ ਭਰ ਕੇ ਮਾਇਆਵਾਦੀ, ਕਰਮ-ਕਾਂਡੀ ਤੇ ਸੱਤਾ ਦੀ ਦੌੜ ਵਿੱਚ ਆਪਣੇ-ਆਪ ਨੂੰ ਜਜ਼ਬ ਕਰ ਲਿਆ। ਪੰਥ ਦੀਆਂ ਮੰਗਾਂ ਤੇ ਮਸਲਿਆਂ ਨਾਲੋਂ ਨਾਤਾ ਤੋੜ ਲਿਆ ਤੇ ਸਮੁੱਚੀ ਕੌਮ ਨੂੰ ਦਿਸ਼ਾਹੀਣ ਕਰ ਦਿੱਤਾ।

ਅਸੀਂ ਇਕ ਅਜਿਹੇ ਪੜਾਅ 'ਤੇ ਆ ਪਹੁੰਚੇ ਹਾਂ ਜਿੱਥੇ ਸਾਨੂੰ ਆਪਣੇ ਅੰਦਰ ਇਕ ਡੂੰਘੀ ਝਾਤ ਮਾਰਨੀ ਪੈਣੀ ਹੈ। ਜਦੋਂ ਕੌਮ ਆਪਣੇ ਪੈਗੰਬਰਾਂ ਦੀ ਪਹਿਲ ਤਾਜ਼ਗੀ ਨਾਲੋਂ ਟੁੱਟਣ ਲੱਗਦੀ ਹੈ ਤਾਂ ਕੌਮਾਂ ਵਿਚ ਖੜੋਤ ਆ ਜਾਂਦੀ ਹੈ। ਇਹ ਸਭ ਹੁਣ ਸਾਡੇ ਨਾਲ ਬੀਤ ਰਿਹਾ ਹੈ। ਇਹ ਵੇਲਾ ਹੈ ਕਿ ਅਸੀਂ ਆਪਣੀ ਅੰਤਰ-ਦ੍ਰਿਸ਼ਟੀ ਨਾਲ ਇਸ ਸਭ ਕੁਝ ਦਾ ਲੇਖਾ-ਜੋਖਾ ਕਰੀਏ। ਇਹ ਨੁਕਤਾ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਸਾਰਾ ਖ਼ਤਰਾ ਸਾਡੀ ਵੱਖਰੀ ਪਛਾਣ ਗੁਆਚਣ ਦਾ ਹੈ। ਆਰ. ਐਸ. ਐਸ., ਹਿੰਦੂ ਪ੍ਰੀਸ਼ਦ, ਸ਼ਿਵ ਸੈਨਾ, ਪਖੰਡੀ ਸਾਧ ਅਤੇ ਸਿੱਖ ਵਿਰੋਧੀ ਜਥੇਬੰਦੀਆਂ ਸਾਡੀ ਵੱਖਰੀ ਪਛਾਣ ਨੂੰ ਖੋਰਨ 'ਤੇ ਤੁਲੀਆਂ ਹੋਈਆਂ ਹਨ। ਸੁਆਲ ਤਾਂ ਇਹ ਹੈ ਕਿ ਅਸੀਂ ਰਹਿਤ, ਇਖਲਾਕੀ ਸੁੱਚਤਾ, ਸੁਰਮਗਤੀ ਤੇ ਮੀਰੀ ਦਾ ਨਿਆਰਾ ਤੇ ਪਿਆਰਾ ਸਿਧਾਂਤ, ਸ਼ਬਦ ਗੁਰੂ ਪਹਿਰੇ ਦੇ ਅਧੀਨ ਦੁਨੀਆਂ ਦੇ ਸਭਨਾਂ ਸੁਆਰਥਾਂ ਤੋਂ ਅਛੋਹ ਅਤੇ ਉਚੇਰਾ ਕਿਵੇਂ ਰੱਖੀਏ ?

ਸਿੱਖਾਂ ਦਾ ਚੰਗਾ ਅਕਸ ਦਿਨੋ-ਦਿਨ ਘਟਦਾ ਜਾ ਰਿਹਾ ਹੈ। ਉਹ ਅਯਾਸ਼ੀ ਵਿਚ ਖੁਭਦੇ ਜਾ ਰਹੇ ਹਨ। ਦੂਜੀ ਗੱਲ ਜਿਹੜੀ ਸਿੱਖਾਂ ਲਈ ਚਿੰਤਾ ਦਾ ਵਿਸ਼ਾ ਹੈ, ਉਹ ਇਹ ਹੈ ਕਿ ਪੰਜਾਬ ਦੀ ਸਿੱਖ ਜਵਾਨੀ ਨਸ਼ਿਆਂ ਦੀ ਲਪੇਟ ਵਿਚ ਆ ਗਈ ਹੈ। ਇੰਜ ਕਹਿ ਲਓ ਕਿ ਸਿੱਖ ਕੌਮ ਨਸ਼ਿਆਂ ਵਿਚ ਖੁਦਕੁਸ਼ੀ ਕਰ ਰਹੀ ਹੈ। ਹਰ ਪਿੰਡ ਵਿਚ ਨਸ਼ੇੜੀਆਂ ਤੇ ਨਸ਼ਿਆਂ ਦੇ ਸਮੱਗਲਰਾਂ ਦੀ ਦਹਿਸ਼ਤ ਹੈ। ਸਿਆਸੀ ਲੀਡਰਾਂ ਦੇ ਥਾਪੜੇ ਨਾਲ ਇਹ ਸਮਾਜ ਦਾ ਮਾਹੌਲ ਗੰਧਲਾ ਕਰ ਰਹੇ ਹਨ। ਨਸ਼ਿਆਂ ਵਿਚ ਗਰਕੇ ਇਹ ਸਿੱਖ ਨੌਜਵਾਨ ਜੁਰਮ ਦੀ ਦੁਨੀਆਂ 'ਚ ਸ਼ਾਮਿਲ ਹੋ ਜਾਂਦੇ ਹਨ। ਪੰਜਾਬ ਵਿਚ ਵਧ ਰਹੀਆਂ ਜੁਰਮ ਦੀਆਂ ਘਟਨਾਵਾਂ ਇਸ ਗੱਲ ਦੀਆਂ ਗਵਾਹ ਹਨ।

ਅਜੋਕੇ ਸਮੇਂ ਸਿੱਖ ਅਮੀਰ ਹੁੰਦੇ ਜਾ ਰਹੇ ਹਨ, ਗੁਰਦੁਆਰੇ ਵੀ ਸੋਹਣੇ ਬਣ ਰਹੇ ਹਨ ਪਰ ਸਿੱਖੀ ਗਾਇਬ ਹੁੰਦੀ ਜਾ ਰਹੀ ਹੈ। ਸਿੱਖੀ ਸਿਦਕ ਹੁਣ ਦਿਖਾਈ ਨਹੀਂ ਦਿੰਦਾ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋ ਜਾਵੇ, ਸਿੱਖਾਂ ਦਾ ਕੋਈ ਮਜ਼ਾਕ ਉਡਾ ਲਵੇ ਜਾਂ ਕਿਸੇ ਪ੍ਰਾਂਤ ਵਿੱਚ ਸਿੱਖਾਂ 'ਤੇ ਫਿਰਕੂ ਹਮਲਾ ਹੋ ਜਾਵੇ, ਜਿਵੇਂ ਕਿ ਹੁਣ ਗੁਜਰਾਤ ਵਿੱਚ ਸਿੱਖ ਕਿਸਾਨਾਂ ਨਾਲ ਵਾਪਰਿਆ ਹੈ, ਪਰ ਸਿੱਖਾਂ 'ਤੇ ਇਸ ਦਾ ਕੋਈ ਅਸਰ ਨਹੀਂ ਹੁੰਦਾ। ਸਿੱਖ ਜੱਥੇਬੰਦੀਆਂ, ਸ਼੍ਰੋਮਣੀ ਕਮੇਟੀ ਤੇ ਪੰਥਕ ਲੀਡਰਾਂ ਦਾ ਪ੍ਰਤੀਕਰਮ ਸਿਰਫ਼ ਅਖ਼ਬਾਰਾਂ ਵਿੱਚ ਬਿਆਨਬਾਜ਼ੀ ਤੱਕ ਹੀ ਸੀਮਤ ਰਹਿੰਦਾ ਹੈ। ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹੀ ਸਿੱਖ ਸਮੱਸਿਆਵਾਂ ਨਾਲ ਨਾਤਾ ਤੋੜ ਚੁੱਕਿਆ ਹੈ। ਇਸ ਲਈ ਉਸ ਤੋਂ ਕਿਸੇ ਵੀ ਤਰ੍ਹਾਂ ਦੀ ਪੰਥਕ ਹਿੱਤਾਂ ਵਿੱਚ ਆਸ ਰੱਖਣੀ ਫ਼ਜ਼ੂਲ ਹੈ।

ਇਨ੍ਹਾਂ ਗੰਭੀਰ ਸਥਿਤੀਆਂ ਨੂੰ ਦੇਖਦੇ ਹੋਏ ਕਈ ਸਿੱਖ ਵਿਦਵਾਨ ਸੋਚਦੇ ਹਨ ਕਿ ਸਿੱਖਾਂ ਦਾ ਹੁਣ ਅੰਤਿਮ ਦੌਰ ਆ ਗਿਆ ਹੈ। ਹਰ ਕੋਈ ਪੁੱਛਦਾ ਹੈ ਕਿ ਕੀ ਬਣੇਗਾ ਸਿੱਖ ਕੌਮ ਦਾ ? ਇਸ ਦਾ ਭਵਿੱਖ ਕੀ ਹੈ ? ਕੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਲਗਾਇਆ ਹੋਇਆ ਸਿੱਖੀ ਦਾ ਬੂਟਾ ਹੁਣ ਆਖਰੀ ਸਾਹਾਂ 'ਤੇ ਹੈ ? ਕਿਤੇ ਇਸ ਦਾ ਹਾਲ ਮਹਾਰਾਣਾ ਪ੍ਰਤਾਪ ਦੀ ਔਲਾਦ ਵਰਗਾ ਤਾਂ ਨਹੀਂ ਹੋਵੇਗਾ ਜਿਹੜੇ ਪੰਜਾਬ ਦੀਆਂ ਗਲੀਆਂ ਦੇ ਵਿਚ ਬਾਲਟੀਆਂ ਨੂੰ ਥੱਲੇ ਲਾਉਣ ਦਾ ਹੋਕਾ ਦੇ ਕੇ ਜੁਝਾਰੂ ਕੌਮਾਂ ਤੋਂ ਘਸਿਆਰੇ ਬਣੇ ਹੋਏ ਸਿਰਫ ਆਪਣੀ ਰੋਜ਼ੀ-ਰੋਟੀ ਤੱਕ ਸੀਮਿਤ ਹਨ। ਥਾਂ ਟਿਕਾਣਾ ਵੀ ਕੋਈ ਨਹੀਂ, ਸਿਰਫ ਟੱਪਰੀਵਾਸੀ ਬਣੇ ਹੋਏ ਹਨ। ਪੁੱਛੀਏ ਤਾਂ ਬੜੇ ਦਾਅਵੇ ਨਾਲ ਕਹਿੰਦੇ ਹਨ ਕਿ ਅਸੀਂ ਮਹਾਰਾਣਾ ਪ੍ਰਤਾਪ ਦੀ ਔਲਾਦ ਹਾਂ। ਕਿਤੇ ਸਿੱਖਾਂ 'ਤੇ ਇਹੋ ਜਿਹਾ ਦੌਰ ਤਾਂ ਨਹੀਂ ਆ ਜਾਵੇਗਾ ਕਿ ਉਨ੍ਹਾਂ ਵਿਚ ਮਹਾਰਾਣਾ ਪ੍ਰਤਾਪ ਦੀ ਔਲਾਦ ਵਾਂਗ ਚੜ੍ਹਦੀ ਕਲਾ ਦਾ ਅੰਸ਼ ਹੀ ਮੁੱਕ ਜਾਵੇ।

ਤੁਸੀਂ ਆਖੋਗੇ ਕਿ ਸਿੱਖ ਇੰਨੇ ਅਮੀਰ ਨੇ, ਹਰੇਕ ਖੇਤਰ ਵਿਚ ਮੱਲਾਂ ਮਾਰਦੇ ਜਾ ਰਹੇ ਨੇ, ਕੈਨੇਡਾ ਵਿਚ ਐਮ.ਪੀ. ਬਣੇ ਹੋਏ ਹਨ, ਇੰਗਲੈਂਡ ਦੀ ਰਾਜਨੀਤੀ ਵਿਚ ਵੀ ਚੰਗੇ ਮਾਅਰਕੇ ਮਾਰ ਰਹੇ ਹਨ। ਇਸੇ ਤਰ੍ਹਾਂ ਆਸਟਰੇਲੀਆ, ਹਾਂਗਕਾਂਗ, ਅਮਰੀਕਾ, ਕੈਨੇਡਾ ਪਤਾ ਨਹੀਂ ਕਿੰਨੇ ਦੇਸ਼ਾਂ ਵਿਚ ਸਿੱਖਾਂ ਨੇ ਆਪਣਾ ਨਾਂ ਚਮਕਾਇਆ ਹੈ। ਇਹ ਤਾਂ ਸਿੱਖਾਂ ਦੀ ਚੜ੍ਹਦੀ ਕਲਾ ਹੋਈ ਤਾਂ ਮਹਾਰਾਣਾ ਪ੍ਰਤਾਪ ਦੀ ਔਲਾਦ ਵਰਗਾ ਹਸ਼ਰ ਕਿਵੇਂ ਹੋ ਸਕਦਾ ਹੈ ?

ਗੱਲ ਇਹ ਨਹੀਂ ਕਿ ਸਿੱਖ ਅਮੀਰ ਹੋ ਗਏ ਜਾਂ ਥੋੜ੍ਹਚਿਰੀ ਰਾਜਨੀਤਕ ਤਾਕਤ ਵਿਚ ਆ ਗਏ ਤਾਂ ਸਮੁੱਚੀ ਕੌਮ ਦੀ ਚੜ੍ਹਦੀ ਕਲਾ ਹੋ ਗਈ। ਮਸਲਾ ਤਾਂ ਇਹ ਹੈ ਕਿ ਸਿੱਖਾਂ ਵਿਚ ਗੁਰੂ ਦੀ ਵਿਚਾਰਧਾਰਾ, ਗੁਰੂ ਦਾ ਸੂਹਜ ਗਾਇਬ ਹੋ ਗਿਆ ਹੈ। ਇਸੇ ਲਈ ਉਨ੍ਹਾਂ ਵਿੱਚ ਸਮਾਜ ਦੀ ਅਗਵਾਈ ਕਰਨ ਦੀ ਸ਼ਕਤੀ ਨਹੀਂ। ਇਹੀ ਕਾਰਣ ਹੈ ਕਿ ਭਾਰਤ ਤੇ ਵਿਦੇਸ਼ਾਂ ਵਿੱਚ ਸਿੱਖਾਂ 'ਤੇ ਨਸਲੀ ਤੇ ਫ਼ਿਰਕੂ ਹਮਲੇ ਹੋ ਰਹੇ ਹਨ। ਵਿਦੇਸ਼ਾਂ ਵਿੱਚ ਸਿੱਖਾਂ ਨੂੰ ਜਿਹਾਦੀ ਜਾਂ ਬਿਨ ਲਾਦੇਨ ਦੇ ਸਮੱਰਥਕ ਸਮਝਿਆ ਜਾ ਰਿਹਾ ਹੈ। ਅਮਰੀਕਾ ਵਿੱਚ ਇਸੇ ਕਰਕੇ ਨਸਲਵਾਦੀ ਗੋਰਿਆਂ ਵੱਲੋਂ ਕਈ ਵਾਰ ਹਮਲੇ ਕੀਤੇ ਜਾ ਚੁੱਕੇ ਹਨ। ਸਿੱਖ ਆਪਣੇ ਬਚਾਅ ਦੇ ਲਈ ਭੇਖ ਦੀ ਨੀਤੀ ਅਪਨਾ ਕੇ ਹਾਲ-ਦੁਹਾਈ ਪਾ ਰਹੇ ਹਨ ਕਿ ਅਸੀਂ ਸਿੱਖ ਹਾਂ ਤੇ ਸਾਡਾ ਇਸਲਾਮ ਨਾਲ ਕੋਈ ਸਬੰਧ ਨਹੀਂ ਹੈ। ਅਸੀਂ ਅੱਤਵਾਦੀ ਨਹੀਂ, ਸ਼ਾਂਤੀ ਪਸੰਦ ਹਾਂ। ਪਰ ਫਿਰ ਵੀ ਉਨ੍ਹਾਂ ਉੱਪਰ ਨਸਲੀ ਹਮਲੇ ਬੰਦ ਨਹੀਂ ਹੋ ਰਹੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪ੍ਰਵਾਸੀ ਸਿੱਖ ਸੰਸਥਾਵਾਂ ਹਾਲੇ ਤੱਕ ਵਿਸ਼ਵ ਦੇ ਲੋਕਾਂ ਨੂੰ ਨਹੀਂ ਦੱਸ ਸਕੀਆਂ ਕਿ ਸਿੱਖ ਧਰਮ ਦਾ ਮਨੋਰਥ ਕੀ ਹੈ, ਸਿੱਖ ਕੌਣ ਹਨ ਤੇ ਸਿੱਖਾਂ ਦੀ ਬਾਕੀ ਧਰਮਾਂ ਦੇ ਲੋਕਾਂ ਨਾਲੋਂ ਕੀ ਵੱਖਰੀ ਪਛਾਣ ਹੈ ? ਵੱਡੀ ਗੱਲ ਇਹ ਹੈ ਕਿ ਅਸੀਂ ਗੁਰੂਆਂ ਦੀ ਵਿਚਾਰਧਾਰਾ ਸਰਬੱਤ ਦੇ ਭਲੇ ਨੂੰ ਪ੍ਰੋਜੈਕਟ ਕਰਕੇ ਨਸਲਵਾਦ ਵਿਰੁੱਧ ਵਿਸ਼ਵ ਪੱਧਰ 'ਤੇ ਲਹਿਰ ਹੀ ਨਹੀਂ ਤੋਰ ਸਕੇ, ਜਿਸ ਕਾਰਨ ਸਾਨੂੰ ਵਿਸ਼ਵ ਪੱਧਰ 'ਤੇ ਜ਼ਲੀਲ ਹੋਣਾ ਪੈ ਰਿਹਾ ਹੈ। ਇਨ੍ਹਾਂ ਘਟਨਾਵਾਂ ਤੋਂ ਪ੍ਰਤੱਖ ਹੈ ਕਿ ਸ਼੍ਰੋਮਣੀ ਕਮੇਟੀ ਤੇ ਪੰਥਕ ਸੰਸਥਾਵਾਂ ਦੀ ਅਗਵਾਈ ਕਰਨ ਵਾਲੀ ਲੀਡਰਸ਼ਿਪ ਗਿਆਨਵਾਨ ਨਹੀਂ ਹੈ ਤੇ ਨਾ ਹੀ ਗੁਰੂ ਨੂੰ ਪ੍ਰਨਾਈ ਹੋਈ ਹੈ। ਇੱਥੋਂ ਤੱਕ ਕਿ ਉਨ੍ਹਾਂ ਵਿੱਚ ਕੌਮ ਦੀ ਅਗਵਾਈ ਕਰਨ ਦੀ ਯੋਗਤਾ ਨਹੀਂ ਹੈ। ਜੇਕਰ ਇਹ ਯੋਗਤਾ ਹੁੰਦੀ, ਤਾਂ ਸਿੱਖ ਕੌਮ ਕਦੇ ਨਿਘਾਰ ਵੱਲ ਨਾ ਜਾਂਦੀ।

ਰਾਜਨੀਤਕ ਲੀਡਰਾਂ ਨੂੰ ਵੀ ਇਹ ਗੱਲ ਪੱਲੇ ਬੰਨ ਲੈਣੀ ਚਾਹੀਦੀ ਹੈ ਕਿ ਜੇਕਰ ਸਿੱਖਾਂ ਦੀ ਵਿਚਾਰਧਾਰਾ ਇਸੇ ਤਰ੍ਹਾਂ ਮਰਦੀ ਰਹੀ ਤਾਂ ਉਨ੍ਹਾਂ ਦੇ ਰਾਜ-ਪਾਟ ਦੇ ਦਿਨ ਵੀ ਪੁੱਗ ਜਾਣਗੇ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਵੋਟਾਂ ਦੇ ਲਈ ਸਿੱਖ ਸਿਧਾਂਤਾਂ ਦਾ ਬਲੀਦਾਨ ਨਾ ਦੇਣ ਅਤੇ ਗੁਰੂਆਂ ਦੀ ਚਿਣਗ ਸਿੱਖਾਂ ਵਿਚ ਬਹਾਲ ਰੱਖਣ ਦੇ ਲਈ ਜੱਦੋ-ਜਹਿਦ ਕਰਨ।

ਨਮੋਸ਼ੀ ਵਾਲੀ ਗੱਲ ਇਹ ਹੈ ਕਿ ਸਾਡੇ ਵਿਚ ਪੰਥ ਵਾਲੀ ਗੱਲ ਨਹੀਂ ਰਹਿ ਗਈ। ਪੰਥ ਦਾ ਅਰਥ ਸਮੂਹ ਸਿੱਖਾਂ ਵਿਚ ਗੁਰਮਤਿ ਸਿਧਾਂਤਾਂ ਅਨੁਸਾਰ ਏਕਤਾ ਹੈ। ਇਸ ਏਕਤਾ ਦਾ ਪ੍ਰਦਰਸ਼ਨ ਨਵੀਂ ਸਦੀ ਵਿਚ ਦੇਖਣ ਨੂੰ ਨਹੀਂ ਮਿਲ ਰਿਹਾ। ਸਾਡਾ ਭਾਈਚਾਰਾ ਕਿਤੇ ਵੀ ਵਸਿਆ ਹੋਇਆ ਹੈ, ਉਸ ਦੇ ਪ੍ਰਚਾਰਕ ਤੇ ਗ੍ਰੰਥੀ ਪ੍ਰਭਾਵਹੀਣ, ਅਨਪੜ੍ਹ ਹਨ ਜੋ ਸੰਗਤਾਂ ਨੂੰ ਪਖੰਡਾਂ ਅਤੇ ਅੰਧ-ਵਿਸ਼ਵਾਸਾਂ ਵਾਲੀਆਂ ਸਾਖੀਆਂ, ਕਹਾਣੀਆਂ ਸੁਣਾ ਕੇ ਗੁਰੂ ਦੀ ਵਿਚਾਰਧਾਰਾ ਤੋਂ ਉਲਟ ਬ੍ਰਾਹਮਣਵਾਦ ਵੱਲ ਧਕੇਲ ਰਹੇ ਹਨ ਅਤੇ ਆਧੁਨਿਕ ਯੁੱਗ ਦੇ ਸੰਦਰਭ ਵਿੱਚ ਗੁਰਮਤਿ ਅਨੁਸਾਰ ਸੇਧ ਦੇਣ ਤੋਂ ਅਸਮੱਰਥ ਹਨ। ਇਹੀ ਕਾਰਨ ਹੈ ਕਿ ਗੁਰਦੁਆਰਿਆਂ ਵਿੱਚ ਅਖੰਡ ਪਾਠਾਂ ਦੀ ਲੜੀ ਚੱਲ ਰਹੀ ਹੈ, ਕਰਾਮਾਤੀ ਤੇ ਚਮਤਕਾਰੀ ਕਹਾਣੀਆਂ ਸੁਣਾਈਆਂ ਜਾ ਰਹੀਆਂ ਹਨ। ਇਸੇ ਪ੍ਰਭਾਵ ਅਧੀਨ ਹੀ ਸਿੱਖ ਅੰਧ-ਵਿਸ਼ਵਾਸੀ ਬਿਰਤੀ ਅਧੀਨ ਡੇਰਾਵਾਦ, ਮੂਰਤੀ, ਸਰਪ, ਦੇਵ ਪੂਜਾ ਕਰ ਰਹੇ ਹਨ। ਇੱਥੋਂ ਤੱਕ ਕਿ ਦੁਸਹਿਰਾ, ਦੀਵਾਲੀ, ਕੰਜਕਾਂ ਤੇ ਮਨਮਤੀ ਤੇ ਕਰਮਕਾਂਡੀ ਤਿਉਹਾਰ ਆਦਿ ਪੂਜ ਕੇ ਸਨਾਤਨੀ ਪਰੰਪਰਾ ਦਾ ਹਿੱਸਾ ਬਣ ਰਹੇ ਹਨ। ਜੇਕਰ ਗੁਰਬਾਣੀ ਦੀ ਸ਼ੁੱਧ ਤੇ ਵਿਗਿਆਨਕ ਵਿਆਖਿਆ ਕੀਤੀ ਹੁੰਦੀ, ਤਾਂ ਸਿੱਖ ਸਮਾਜ ਇਸ ਅਧੋਗਤੀ ਵਿੱਚ ਨਹੀਂ ਸੀ ਜਾਣਾ ਤੇ ਨਾ ਹੀ ਗੁਰੂਆਂ ਦੀ ਵਿਚਾਰਧਾਰਾ ਨਾਲੋਂ ਟੁੱਟਣਾ ਸੀ। ਅੱਜ ਸਿੱਖ ਪੰਥ ਵਿੱਚ ਜਾਤਾਂ, ਧੜਿਆਂ ਦੀ ਵੰਡ ਦਾ ਕਾਰਣ ਹੀ ਇਹੀ ਹੈ ਕਿ ਸਿੱਖਾਂ ਵਿੱਚ ਗੁਰੂਆਂ ਦੀ ਵਿਚਾਰਧਾਰਾ ਦਾ ਸੁਨੇਹਾ ਨਹੀਂ ਜਾ ਰਿਹਾ।

ਸਿੱਖਾਂ ਦਾ ਚੰਗਾ ਅਕਸ ਦਿਨੋ-ਦਿਨ ਘਟਦਾ ਜਾ ਰਿਹਾ ਹੈ। ਉਹ ਅਯਾਸ਼ੀ ਵਿਚ ਖੁਭਦੇ ਜਾ ਰਹੇ ਹਨ। ਦੂਜੀ ਗੱਲ ਜਿਹੜੀ ਸਿੱਖਾਂ ਲਈ ਚਿੰਤਾ ਦਾ ਵਿਸ਼ਾ ਹੈ, ਉਹ ਇਹ ਹੈ ਕਿ ਪੰਜਾਬ ਦੀ ਸਿੱਖ ਜਵਾਨੀ ਨਸ਼ਿਆਂ ਦੀ ਲਪੇਟ ਵਿਚ ਆ ਗਈ ਹੈ। ਇੰਜ ਕਹਿ ਲਓ ਕਿ ਸਿੱਖ ਕੌਮ ਨਸ਼ਿਆਂ ਵਿਚ ਖੁਦਕੁਸ਼ੀ ਕਰ ਰਹੀ ਹੈ। ਹਰ ਪਿੰਡ ਵਿਚ ਨਸ਼ੇੜੀਆਂ ਤੇ ਨਸ਼ਿਆਂ ਦੇ ਸਮੱਗਲਰਾਂ ਦੀ ਦਹਿਸ਼ਤ ਹੈ। ਸਿਆਸੀ ਲੀਡਰਾਂ ਦੇ ਥਾਪੜੇ ਨਾਲ ਇਹ ਸਮਾਜ ਦਾ ਮਾਹੌਲ ਗੰਧਲਾ ਕਰ ਰਹੇ

ਬਾਕੀ ਸਫ਼ਾ 28 'ਤੇ

## Classified

### ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਧਿਆਨ ਹਿੱਤ

**ਅੰਤਰਰਾਸ਼ਟਰੀ ਵਿਦਿਆਰਥੀਆਂ ਵਾਸਤੇ ਆਨ ਲਾਈਨ NCLEX ਕਲਾਸਾਂ**

**ਪੰਜਾਬੀ ਜਾਂ ਅੰਗਰੇਜੀ ਕਿਸੇ ਵੀ ਭਾਸ਼ਾ ਵਿਚ ਕਲਾਸਾਂ ਲਓ**

**ਸਮੇਂ ਦੀ ਕੋਈ ਪਾਬੰਦੀ ਨਹੀਂ, ਕਿਸੇ ਵੀ ਦਿਨ, ਕਿਸੇ ਵੀ ਟਾਈਮ**

ਹੋਰ ਜਾਣਕਾਰੀ ਲਈ ਸੰਪਰਕ ਕਰੋ :

ਈਮੇਲ: successonnclex@gmail.com

ਜਾਂ ਕਾਲ ਕਰੋ:

**612-849-5258**

### ATTENTION

**International Students**

**Online NCLEX Classes for International Students**

**Available in English & Punjabi**

**Flexible Days and Time**

For more information

Email: successonnclex@gmail.com

**Call: 612-849-5258**

### ਵਰ ਦੀ ਲੋੜ

ਜੱਟ ਸਿੱਖ 25 ਸਾਲਾ 5’11” ਲੰਬੀ ਲੜਕੀ ਲਈ ਯੋਗ ਦਸਤਾਰਧਾਰੀ। ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਲੜਕੀ ਨੇ ਨਵੀਂ ਦਿੱਲੀ ‘ਚ ਕਾਨਵੈਂਟ ਸਕੂਲ ਤੋਂ ਪੜ੍ਹਾਈ ਕਰਕੇ ਐਮ ਕਾਮ ਕੀਤੀ ਹੈ ਅਤੇ ਚਾਰਟਡ ਅਕਾਂਊਟੈਂਟ ਹੈ ਆਈਲਟਸ 6.5 ਬੈਂਡਜ਼ ਨਾਲ ਪਾਸ। ਪਰਿਵਾਰ ਅਮਰੀਕਾ ਅਤੇ ਕੈਨੇਡਾ ਵਿਚ ਸੈੱਟ ਹੈ। ਇਨ੍ਹਾਂ ਨੰਬਰ ਦੇ ਫੋਨ ਜਾਂ ਵਟਸਐਪ ਕਰ ਸਕਦੇ ਹੋ: 530-300-5115 ਜਾਂ +919958919217

### ਵਰ ਦੀ ਜ਼ਰੂਰਤ

ਰਾਮਦਾਸੀਆ ਸਿੱਖ ਉਮਰ 25 ਸਾਲ ਕੱਦ 5’-3’, ਐਮ. ਬੀ.ਬੀ.ਐਸ. ਜੋ ਕਿ ਚੰਡੀਗੜ੍ਹ (ਭਾਰਤ) ਵਿਚ ਇਸ ਵੇਲੇ ’ਚ ਮੈਕਸ ਹਸਪਤਾਲ ਵਿਚ ਡਾਕਟਰ ਵਜੋਂ ਕੰਮ ਕਰ ਰਹੀ ਹੈ, ਲਈ ਅਮਰੀਕਾ ਜਾਂ ਕੈਨੇਡਾ ਵਿਚ ਸੈਟਲ ਯੋਗ ਵਰ ਦੀ ਜ਼ਰੂਰਤ ਹੈ।

ਸੰਪਰਕ ਕਰੋ : +1-323-695-1170

Email: baloch.pup2k@hotmail.com,
varindersingh54@gmail.com

### Indian Restaurant for Rent

Highly profitable Indian restaurant in Glendale with consistent Sales and profit grossing over 600K yearly. Low rent Current owners for 13 years retiring.

Contact : 818-472-3927


## ਸਿੱਖ ਕਿਉਂ ਰੁਲਦੇ ਜਾਂਦੇ ਨੀ

ਹਨ। ਨਸ਼ਿਆਂ ਵਿਚ ਗਰਕੇ ਇਹ ਸਿੱਖ ਨੌਜਵਾਨ ਜੁਰਮ ਦੀ ਦੁਨੀਆਂ ’ਚ ਸ਼ਾਮਿਲ ਹੋ ਜਾਂਦੇ ਹਨ। ਪੰਜਾਬ ਵਿਚ ਵਧ ਰਹੀਆਂ ਜੁਰਮ ਦੀਆਂ ਘਟਨਾਵਾਂ ਇਸ ਗੱਲ ਦੀਆਂ ਗਵਾਹ ਹਨ। ਨਸ਼ਿਆਂ ਤੋਂ ਨੌਜਵਾਨਾਂ ਨੂੰ ਦੂਰ ਰੱਖਣ ਬਾਰੇ ਆਮ ਸਿੱਖਾਂ ਨੂੰ ਵਿਚਾਰ ਕਰਨੀ ਪਏਗੀ ਤੇ ਜਥੇਬੰਦਕ ਹੋ ਕੇ ਇਨ੍ਹਾਂ ਕੁਰੀਤੀਆਂ ਖ਼ਿਲਾਫ਼ ਸੰਘਰਸ਼ ਕਰਨਾ ਪਵੇਗਾ।

ਪੰਜਾਬ ਦਾ ਵਿੱਦਿਆ ਖੇਤਰ ਤਬਾਹ ਹੋ ਕੇ ਰਹਿ ਗਿਆ ਹੈ। ਬੇਰੁਜ਼ਗਾਰੀ ਤੇਜ਼ੀ ਨਾਲ ਵਧ ਰਹੀ ਹੈ, ਜੋ ਸਿੱਖ ਨੌਜਵਾਨ ਵਰਗ ਲਈ ਨਸ਼ਿਆਂ ਦਾ ਕਾਰਨ ਬਣ ਰਹੀ ਹੈ। ਇਹੀ ਢਹਿੰਦੀ ਕਲਾ ਸਿੱਖ ਨੌਜਵਾਨ ਵਰਗ ਨੂੰ ਜਰਾਇਮ-ਪੇਸ਼ਾ ਬਣਨ ਵੱਲ ਪ੍ਰੇਰ ਰਹੀ ਹੈ। ਇਸੇ ਕਾਰਨ ਪੰਜਾਬ ਵਿਚ ਬਲਾਤਕਾਰ, ਹਿੰਸਾ, ਗੁੰਡਾਗਰਦੀ ਦੀਆਂ ਘਟਨਾਵਾਂ ਵਧ ਰਹੀਆਂ ਹਨ। ਜਦੋਂ ਕੌਮ ਆਪਣੇ ਨਿਸ਼ਾਨੇ ਤੋਂ ਥਿੜਕ ਜਾਵੇ, ਜੰਗ ਹਾਰਨ ਤੋਂ ਬਾਅਦ ਲੀਡਰਸ਼ਿਪ ਕੋਈ ਸੇਧ ਨਾ ਦੇ ਸਕੇ ਤਾਂ ਉਹੀ ਕੁਝ ਬਣਦਾ ਹੈ ਜੋ ਅੱਜ ਸਿੱਖ ਕੌਮ ਨਾਲ ਬਣ ਰਿਹਾ ਹੈ।

ਸਭ ਤੋਂ ਅਹਿਮ ਸੰਕਟ ਹੈ ਕਿ ਸਿੱਖ ਸਮਾਜ ਉੱਪਰ ਧਨਾਢ ਲੋਕਾਂ ਦਾ ਕਬਜ਼ਾ ਹੋ ਚੁੱਕਾ ਹੈ, ਜਿਸ ਨੂੰ ਬਾਬੇ ਨਾਨਕ ਦੀ ਭਾਸ਼ਾ ਵਿੱਚ ਮਲਕ ਭਾਗੋ ਕਿਹਾ ਜਾ ਸਕਦਾ ਹੈ। ਇਹ ਲੋਕ ਸਿੱਖ ਕੌਮ ਦੀਆਂ ਅਹਿਮ ਸੰਸਥਾਵਾਂ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਅਕਾਲ ਤਖ਼ਤ ਸਾਹਿਬ, ਵੱਡੇ ਗੁਰੂ-ਘਰਾਂ ’ਤੇ ਕਾਬਜ਼ ਹਨ, ਜਿੱਥੋਂ ਕਿ ਸਿੱਖ ਹਿੱਤਾਂ ਤੇ ਭਵਿੱਖ ਲਈ ਫ਼ੈਸਲੇ ਲਏ ਜਾਂਦੇ ਹਨ। ਹੁਣ ਸਿੱਖਾਂ ਲਈ ਗੁਰੂਆਂ ਦੀ ਵਿਚਾਰਧਾਰਾ ’ਤੇ ਪਹਿਰਾ ਦੇ ਕੇ ਆਦਰਸ਼ਵਾਦੀ ਸਮਾਜ ਦੀ ਸਿਰਜਣਾ ਕਰਨਾ ਏਜੰਡਾ ਨਹੀਂ ਰਿਹਾ। ਦਸਮ ਗ੍ਰੰਥ, ਰਾਗਮਾਲਾ, ਰਹਿਤ ਮਰਿਯਾਦਾ, ਗੁਰਦੁਆਰਿਆਂ ਦੀ ਸੁੰਦਰਤਾ, ਮਾਇਆ ਦਾ ਅਡੰਬਰ ਹੀ ਕੌਮ ਦਾ ਏਜੰਡਾ ਬਣਾ ਦਿੱਤਾ ਗਿਆ ਹੈ। ਗੁਰਦੁਆਰਿਆਂ ਉੱਪਰ ਵੀ ਇਨ੍ਹਾਂ ਧਨਾਢਾਂ ਦਾ ਕਬਜ਼ਾ ਹੋ ਚੁੱਕਾ ਹੈ ਤੇ ਕਿਰਤੀ ਵਰਗ ਦੇ ਭਾਈਚਾਰੇ ਨੂੰ ਸਿੱਖੀ ਸੰਕਲਪ ਤੋਂ ਪਰ੍ਹੇ ਧੱਕ ਦਿੱਤਾ, ਜਿਸ ਕਰਕੇ ਕਿਰਤੀ ਸਿੱਖ ਵਰਗ ਡੇਰਿਆਂ ਦੀ ਸ਼ਕਤੀ ਤੇ ਸ਼ਰਧਾਲੂ ਬਣ ਰਿਹਾ ਹੈ। ਇਹੀ ਕਾਰਣ ਹੈ ਕਿ ਸਿੱਖ ਕੌਮ ਦੀ ਸ਼ਕਤੀ ਦਿਨੋਂ-ਦਿਨ ਕਮਜ਼ੋਰ ਹੋ ਰਹੀ ਹੈ ਤੇ ਡੇਰਾਵਾਦ ਸਿੱਖ ਕੌਮ ਲਈ ਕਿਰਤੀ ਵਰਗ ਦੀ ਸ਼ਕਤੀ ਕਾਰਨ ਸਿਰਫ਼ ਚੈਲਿੰਜ ਹੀ ਨਹੀਂ ਬਣ ਰਿਹਾ, ਲਲਕਾਰ ਵੀ ਰਿਹਾ ਹੈ। ਸਿੱਖ ਕੌਮ ਦੀ ਘਟ ਰਹੀ ਤਾਕਤ ਕਾਰਨ ਉਸ ਦੀ ਰਾਜਨੀਤਕ ਸ਼ਕਤੀ ਵੀ ਗੁਆਚ ਰਹੀ ਹੈ। ਇਸ ਸਮੇਂ ਸਾਡੇ ਸਾਹਮਣੇ ਤਿੰਨ ਮਸਲੇ ਗੰਭੀਰ ਹਨ- ਗ਼ਰੀਬੀ, ਭੁੱਖਮਰੀ ਤੇ ਨਸਲਵਾਦ। ਇਨ੍ਹਾਂ ਦੇ ਹੱਲ ਲਈ ਜਿੰਨਾ ਚਿਰ ਤੱਕ ਅਸੀਂ ਗੁਰੂਆਂ ਦੀ ਵਿਚਾਰਧਾਰਾ ਅਨੁਸਾਰ ਸੰਘਰਸ਼ਸ਼ੀਲ ਨਹੀਂ ਹੁੰਦੇ, ਉੱਨਾ ਚਿਰ ਤੱਕ ਅਸੀਂ ਖੁਆਰ ਹੁੰਦੇ ਰਹਾਂਗੇ। ਯਾਦ ਰੱਖਣਾ ਚਾਹੀਦਾ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਿੱਖ ਪੰਥ ਦਾ ਏਜੰਡਾ ਨਸਲਵਾਦ ਤੇ ਕੁਰੱਪਟ ਰਾਜਾਸ਼ਾਹੀ ਵਿਰੁੱਧ ਵਿਦਰੋਹ ਤੇ ਸੰਘਰਸ਼, ਸੇਵਾ ਰਾਹੀਂ ਗ਼ਰੀਬੀ ਤੇ ਭੁੱਖਮਰੀ ਦੀ ਮੁਕਤੀ ਲਈ ਪ੍ਰਤੀਬੱਧ ਹੋਣਾ, ਰਿਹਾ ਹੈ। ਇਸੇ ਤਹਿਤ ਹੀ ਸਿੱਖ ਪੰਥ ਵਰਗੀ ਕ੍ਰਾਂਤੀਕਾਰੀ ਲਹਿਰ ਦੀ ਉਸਾਰੀ ਹੋਈ ਸੀ ਤੇ ਖਾਲਸਾ ਰਾਜ ਵਿੱਚ ਤਬਦੀਲ ਹੋਈ ਸੀ। ਗੁਰੂ ਨਾਨਕ ਸਾਹਿਬ ਜਪੁਜੀ ਸਾਹਿਬ ਦੇ ਆਰੰਭ ਵਿੱਚ ਜੀਵਨ ਮੁਕਤੀ ਦੇ ਸੁਚੱਜੇ ਸਮਾਜ ਤੇ ਚੰਗੇ ਮਨੁੱਖ ਦੀ ਘਾੜਤ ਲਈ ਇਕ ਸੁਆਲ ਪਾਉਂਦੇ ਨ ‘ਕਿਵ ਸਚਿਆਰਾ ਹੋਈਐ ਕਿ ਕੂੜੇ ਤੁਟੈ ਪਾਲਿ॥’ ਤੇ ਆਪ ਹੀ ਉੱਤਰ ਦਿੰਦੇ ਹਨ, ‘ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ।’ ਇਸ ਦਾ ਅਰਥ ਇਹੀ ਹੈ ਕਿ ਜੇਕਰ ਸਿੱਖ ਕੌਮ ਨੇ ਇਸ ਸੰਸਾਰ ਵਿੱਚ ਆਪਣੀ ਹੋਂਦ ਬਰਕਰਾਰ ਰੱਖਣੀ ਹੈ ਤੇ ਖਾਲਸਾ ਪੰਥ ਦਾ ਵਿਕਾਸ ਕਰਦਿਆਂ ‘ਖਾਲਸਾ ਰਾਜ’ ਹਾਸਲ ਕਰਨਾ ਹੈ ਤਾਂ ਹਰੇਕ ਸਿੱਖ ਨੂੰ ਸੱਚਾਈ ਦਾ ਇਹ ਮਾਰਗ ਅਪਨਾ ਕੇ ਲੁੱਟ ਖਸੁੱਟ, ਚਰਿੱਤਰਹੀਣਤਾ, ਅੰਧ-ਵਿਸ਼ਵਾਸ ਤੇ ਮਾਨਸਿਕ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਸੰਘਰਸ਼ਸ਼ੀਲ ਹੋਣਾ ਪਵੇਗਾ। ਸੋ ਇਸ ਲਈ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਅਮਲੀ ਰੂਪ ਵਿੱਚ ਜੀਵਨ ਦਾ ਅੰਗ ਬਣਾ ਕੇ ਕਰਮਕਾਂਡੀ ਤੇ ਮੂਰਤੀ ਪੂਜਕ ਬਾਬਿਆਂ ਤੋਂ ਮੁਕਤ ਹੋਣਾ ਪਵੇਗਾ। ਰਾਜਨੀਤੀ ਨੂੰ ਲੁਟੇਰਿਆਂ ਤੇ ਅਪਰਾਧੀਆਂ ਤੋਂ ਮੁਕਤ ਕਰਨ ਦੇ ਲਈ ਲੋਕ ਸੰਘਰਸ਼ ਕਰਨਾ ਪਵੇਗਾ। ਗੁਰਧਾਮਾਂ ਤੇ ਸਿੱਖ ਸੰਸਥਾਵਾਂ ਨੂੰ ਕੁਰੱਪਟ ਤੇ ਚਰਿੱਤਰਹੀਣ ਪ੍ਰਬੰਧਕਾਂ ਤੋਂ ਆਜ਼ਾਦ ਕਰਵਾਉਣਾ ਪਵੇਗਾ। ਫਿਰਕਾਪ੍ਰਸਤਾਂ ਦੀਆਂ ਸ਼ਾਤਰਾਨਾ ਚਾਲਾਂ ਨੂੰ ਸਮਝਦਿਆਂ ਹੋਇਆਂ ਲੋਕਾਂ ਨੂੰ ਦਲੀਲ ਨਾਲ ਆਪਣੇ ਨਾਲ ਸਹਿਮਤ ਕਰਨਾ ਪਵੇਗਾ, ਘੱਟ ਗਿਣਤੀਆਂ ਤੇ ਦਲਿਤਾਂ ਨਾਲ ਹੋ ਰਹੀਆਂ ਵਧੀਕੀਆਂ ਵਿਰੁੱਧ ਆਵਾਜ਼ ਬੁਲੰਦ ਕਰਨੀ ਪਵੇਗੀ। ਆਪਣੇ ਹੱਕਾਂ ਦੀ ਪ੍ਰਾਪਤੀ ਤੇ ਉਨ੍ਹਾਂ ਨਾਲ ਜੁੜੀਆਂ ਮੰਗਾਂ ਦੀ ਪ੍ਰਾਪਤੀ ਲਈ ਸਦਾ ਯਤਨਸ਼ੀਲ ਰਹਿਣਾ ਪਵੇਗਾ। ਇਹ ਯਾਦ ਰੱਖ ਲੈਣਾ ਚਾਹੀਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਏਨਾ ਮਜ਼ਬੂਤ ਹੈ ਕਿ ਜੇਕਰ ਉਸ ਉੱਪਰ ਅਸੀਂ ਪਹਿਰਾ ਦੇਈਏ ਤਾਂ ਸਾਡੀ ਕੋਈ ਵੀ ਜੜ੍ਹ ਨਹੀਂ ਪੁੱਟ ਸਕੇਗਾ।

ਸੋ, ਇਸ ਮੰਤਵ ਲਈ ਕਿਰਤੀ ਤੇ ਗਰੀਬ ਸਿੱਖਾਂ ਨੂੰ ਸਿੱਖ ਭਾਈਚਾਰੇ ਦੀ ਸ਼ਕਤੀ ਤੇ ਤਾਕਤ ਬਣਾਉਣਾ ਪਵੇਗਾ। ਅੰਧ-ਵਿਸ਼ਵਾਸਾਂ, ਕਰਮ-ਕਾਂਡਾਂ ’ਚੋਂ ਨਿਕਲ ਕੇ ਸੱਚ ਆਚਾਰ ਨਾਲ ਜੁੜਨਾ ਪਵੇਗਾ ਤੇ ਜਾਤ-ਪਾਤ, ਰੰਗ-ਭੇਦ ਦੇ ਮਸਲਿਆਂ ਤੋਂ ਪਾਰ ਹੋ ਕੇ ਸੋਚਣਾ ਪਵੇਗਾ। ਇਹ ਮਸਲੇ ਹਥਿਆਰਾਂ ਦੀ ਸ਼ਕਤੀ ਜਾਂ ਲਹਿਰ ਨਾਲ ਹੱਲ ਨਹੀਂ ਹੋਣ ਵਾਲੇ। ਇਸ ਸੰਬੰਧ ਵਿੱਚ ਸਾਨੂੰ ਗੁਰਮਤਿ ਦੇ ਆਧਾਰ ’ਤੇ ਸੰਵਾਦ ਤੇ ਜਾਗ੍ਰਿਤੀ ਲਹਿਰ ਦੀ ਲੋੜ ਹੈ, ਜੋ ਕਿ ਸਿੱਖ ਸਮਾਜ ਨੂੰ ਗੁਰਮਤਿ ਮਾਡਲ ਨਾਲ ਅਮਲੀ ਤੌਰ ’ਤੇ ਜੋੜੇ।

## ਵਿਦੇਸ਼ੀ ਵਿਆਹਾਂ ਦੇ ਨਾਮ ’ਤੇ ਹੋ ਰਹੇ ਨੇ ਵਪਾਰ

ਵਰ੍ਹਿਆਂ ਵਿਚ ਪ੍ਰਵਾਸੀ ਭਾਰਤੀ ਲਾੜਿਆਂ ਵੱਲੋਂ ਕੀਤੀਆਂ ਗਈਆਂ ਧੋਖੇਬਾਜ਼ੀਆਂ ਦੀ ਗਿਣਤੀ ਵਿਚ ਹੋਰ ਸੂਬਿਆਂ ਦੇ ਮੁਕਾਬਲੇ ਜ਼ਿਆਦਾ ਇਜ਼ਾਫਾ ਹੋਇਆ ਹੈ।

ਇਹ ਵੀ ਜ਼ਿਕਰਯੋਗ ਹੈ ਕਿ ਧੋਖਾ ਦੇਣ ਵਾਲੇ ਐੱਨ. ਆਰ. ਆਈ. ਲਾੜਿਆਂ ਵਿੱਚੋਂ ਉਨ੍ਹਾਂ ਦੀ ਗਿਣਤੀ ਜ਼ਿਆਦਾ ਹੈ, ਜਿਹੜੇ ਅਮਰੀਕਾ ਵਿਚ ਵਸੇ ਹੋਏ ਹਨ। ਪਤਾ ਲੱਗਾ ਹੈ ਕਿ ਅਮਰੀਕਾ-ਵਾਸੀ ਐੱਨ. ਆਰ. ਆਈ. ਲਾੜਿਆਂ ਨੇ ਪਿਛਲੇ ਸਮੇਂ ਵਿਚ ਦਿੱਲੀ ਤੇ ਹੋਰਨਾਂ ਸੂਬਿਆਂ ਵਿਚ ਆ ਕੇ ਭਾਰਤੀ ਲੜਕੀਆਂ ਨਾਲ ਵਿਆਹ ਕੀਤਾ, ਉਨ੍ਹਾਂ ਨੂੰ ਅਮਰੀਕਾ ਲੈ ਗਏ, ਪਰ ਉੱਥੇ ਜਾ ਕੇ ਉਨ੍ਹਾਂ ਦੇ ਨਾਲ ਮਾੜਾ ਵਿਵਹਾਰ ਕੀਤਾ। ਕਈ ਮਾਮਲਿਆਂ ਵਿਚ ਭਾਰਤੀ ਲਾੜੀਆਂ ਨੂੰ ਘਰੇਲੂ ਨੌਕਰਾਣੀ ਬਣਾ ਕੇ ਰੱਖ ਲਿਆ ਗਿਆ ਅਤੇ ਕੁਝ ਲੜਕੀਆਂ ਨਾਲ ਸਿਰਫ਼ ਇਸ ਕਰਕੇ ਵਿਆਹ ਕੀਤਾ ਗਿਆ, ਤਾਂ ਕਿ ਉਹ ਪਹਿਲੇ ਵਿਆਹ ਤੋਂ ਪੈਦਾ ਹੋਏ ਬੱਚਿਆਂ ਦਾ ਪਾਲਣ-ਪੋਸ਼ਣ ਕਰ ਸਕਣ।

ਕੁਝ ਮਾਮਲੇ ਤਾਂ ਅਜਿਹੇ ਵੀ ਸਾਹਮਣੇ ਆਏ, ਜਦੋਂ ਲੜਕੀਆਂ ਨੂੰ ਐੱਨ. ਆਰ. ਆਈ. ਲੜਕੇ ਵਿਆਹ ਕਰਨ ਤੋਂ ਬਾਅਦ ਆਪਣੇ ਨਾਲ ਲੈ ਕੇ ਨਹੀਂ ਗਏ। ਅਮਰੀਕੀ ਐੱਨ. ਆਰ. ਆਈ. ਲਾੜਿਆਂ ਦੇ ਬਾਅਦ ਆਸਟਰੇਲੀਆ, ਕੈਨੇਡਾ, ਬ੍ਰਿਟੇਨ ਵਿਚ ਵਸੇ ਭਾਰਤੀ ਮੂਲ ਦੇ ਲਾੜਿਆਂ ਦਾ ਨੰਬਰ ਆਉਂਦਾ , ਜਿਨ੍ਹਾਂ ਨੇ ਭਾਰਤੀ ਲੜਕੀਆਂ ਨਾਲ ਵਿਆਹ ਦੇ ਮਾਮਲੇ ਵਿਚ ਕਈ ਮੁਸ਼ਕਲਾਂ ਪੈਦਾ ਕੀਤੀਆਂ। ਇਨ੍ਹਾਂ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਭਾਰਤੀ ਔਰਤਾਂ ਚੰਗੇ ਜੀਵਨ ਦੀ ਇੱਛਾ ਵਿਚ ਪ੍ਰਵਾਸੀ ਭਾਰਤੀਆਂ ਨਾਲ ਵਿਆਹ ਤੋਂ ਬਾਅਦ ਹੋਣ ਵਾਲੇ ਧੋਖਿਆਂ ਕਾਰਨ ਬੁਰੀ ਤਰ੍ਹਾਂ ਪੀੜਤ ਰਹੀਆਂ ਹਨ।

ਅਜਿਹੇ ਮਾਮਲਿਆਂ ਦੀ ਵੱਡੇ ਪੱਧਰ ’ਤੇ ਜਾਂਚ ਲਈ ਬਣਾਈ ਗੋਇਲ ਸੰਮਤੀ ਨੇ ਐੱਨ. ਆਰ. ਆਈ. ਲਾੜਿਆਂ ਨਾਲ ਵਿਆਹੀਆਂ ਪੀੜਤ ਭਾਰਤੀ ਲੜਕੀਆਂ ਦੇ ਦੁਖਾਂਤ ਦਾ ਅਧਿਐਨ ਕਰਕੇ ਸਾਲ 20 16 ਵਿਚ ਆਪਣੀ ਰਿਪੋਰਟ ਸਰਕਾਰ ਨੂੰ ਦਿੱਤੀ ਸੀ, ਜਿਸ ਵਿਚ ਪਤਨੀ ਦੇ ਨਾਲ ਜ਼ਿਆਦਤੀ ਕਰਨ ਵਾਲੇ ਐੱਨ. ਆਰ. ਆਈ. ਲਾੜਿਆਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਲਈ ਸਿਫਾਰਸ਼ ਕੀਤੀ ਗਈ ਸੀ। ਇੱਥੇ ਜ਼ਿਕਰਯੋਗ ਹੈ ਕਿ ਪ੍ਰਵਾਸੀ ਭਾਰਤੀ ਲਾੜੇ ਇਸ ਗੱਲ ਨੂੰ ਲੈ ਕੇ ਨਿਸ਼ਚਿੰਤ ਰਹਿੰਦੇ ਹਨ ਕਿ ਉਹ ਆਪਣੀ ਭਾਰਤੀ ਪਤਨੀ ਦੇ ਨਾਲ ਕਿਹੋ ਜਿਹਾ ਵੀ ਸਲੂਕ ਕਰਨ, ਭਾਰਤ ਸਰਕਾਰ ਉਨ੍ਹਾਂ ਦੇ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਕਰ ਸਕਦੀ। ਸਾਮਾਜਿਕ ਦਬਾਅ ਕਾਰਨ ਅਜਿਹੇ ਜ਼ਿਆਦਾਤਰ ਮਾਮਲਿਆਂ ਨੂੰ ਆਪਸੀ ਸਹਿਮਤੀ ਨਾਲ ਦਬਾ ਦਿੱਤਾ ਜਾਂਦਾ ਸੀ। ਰਾਸ਼ਟਰੀ ਮਹਿਲਾ ਕਮਿਸ਼ਨ ਨੂੰ ਮਿਲ ਰਹੀਆਂ ਸ਼ਿਕਾਇਤਾਂ ਤੋਂ ਸਪੱਸ਼ਟ ਹੈ ਕਿ ਵੱਧਦੀ ਜਾਗ੍ਰਿਤੀ ਕਾਰਨ ਇਹ ਮੱਸਲੇ ਹੁਣ ਕਾਨੂੰਨ ਦੇ ਘੇਰੇ ਵਿਚ ਆਉਣ ਲੱਗ ਪਏ ਹਨ।

ਗੋਇਲ ਕਮੇਟੀ ਨੇ ਸੁਝਾਅ ਦਿੱਤਾ ਸੀ ਕਿ ਭਾਰਤ ਤੋਂ ਵਿਆਹ ਕਰਕੇ ਪਤਨੀ ਨੂੰ ਵਿਦੇਸ਼ ਲਿਜਾਣ ਤੋਂ ਬਾਅਦ ਉਸ ਨਾਲ ਬਦਸਲੂਕੀ ਕਰਨ ਵਾਲੇ ਐੱਨ. ਆਰ. ਆਈ. ਲਾੜੇ ਦਾ ਪਾਸਪੋਰਟ ਰੱਦ ਕਰਕੇ ਉਸ ਨੂੰ ਭਾਰਤ ਵਾਪਸ ਭੇਜਿਆ ਜਾਣਾ ਚਾਹੀਦਾ ਹੈ। ਇਸ ਲਈ ਕਾਨੂੰਨੀ ਪ੍ਰਬੰਧ ਕੀਤੇ ਜਾਣੇ ਅਤਿਅੰਤ ਜ਼ਰੂਰੀ ਹਨ। ਉਂਝ ਤਾਂ ਪਾਸਪੋਰਟ ਐਕਟ ਦੀ ਧਾਰਾ 10 (3) ਵਿਚ ਪਹਿਲਾਂ ਤੋਂ ਹੀ ਇਹ ਪ੍ਰਬੰਧ ਹੈ ਕਿ ਕਿਸੇ ਵੀ ਮਾਮਲੇ ਵਿਚ ਐੱਫ. ਆਈ. ਆਰ. ਦਰਜ ਹੋਣ ’ਤੇ ਜਾਂ ਅਦਾਲਤ ਤੋਂ ਨਿਰਦੇਸ਼ ਮਿਲਣ ’ਤੇ ਐੱਨ. ਆਰ. ਆਈ. ਲਾੜੇ ਦਾ ਪਾਸਪੋਰਟ ਜ਼ਬਤ ਕੀਤਾ ਜਾ ਸਕਦਾ ਹੈ, ਪਰ ਇਸ ਕਾਨੂੰਨੀ ਵਿਵਸਥਾ ਦਾ ਸ਼ਾਇਦ ਹੀ ਕਦੇ ਇਸਤੇਮਾਲ ਹੋਇਆ ਹੋਵੇ। ਇਸ ਦਾ ਕਾਰਨ ਇਹ ਹੈ ਕਿ ਕਈ ਵਾਰ ਨਾ ਤਾਂ ਦੋਸ਼ੀ ਦੇ ਪਾਸਪੋਰਟ ਦੇ ਵੇਰਵੇ ਪ੍ਰਾਪਤ ਹੁੰਦੇ ਹਨ ਤੇ ਨਾ ਹੀ ਉਸ ਦਾ ਪਤਾ ਸਹੀ ਤਰ੍ਹਾਂ ਲੱਗਦਾ ਹੈ। ਇਹੀ ਕਾਰਨ ਹੈ ਕਿ ਗੋਇਲ ਸੰਮਤੀ ਨੇ ਐੱਨ. ਆਰ. ਆਈ. ਵਿਆਹ ਦੇ ਮਾਮਲਿਆਂ ਵਿਚ ਹਰ ਵਿਆਹ ਦੀ ਜ਼ਰੂਰੀ ਰਜਿਸਟਰੇਸ਼ਨ ਕਰਨ ਤੇ ਪਾਸਪੋਰਟ, ਕੰਮ ਵਾਲੀ ਥਾਂ, ਰਹਿਣ ਦਾ ਪੂਰਾ ਪਤਾ ਦਿੱਤੇ ਬਿਨਾਂ ਵਿਆਹ ਦੀ ਰਜਿਸਟਰੇਸ਼ਨ ਨਾ ਕਰਨ ਦੀ ਸਲਾਹ ਦਿੱਤੀ ਸੀ।

ਗੋਇਲ ਸੰਮਤੀ ਦੇ ਸੁਝਾਵਾਂ ਤੋਂ ਪਹਿਲਾਂ ਇਸ ਮਾਮਲੇ ਵਿਚ ਖ਼ੁਦ ਸਰਕਾਰ ਨੇ ਵੀ ਕੁਝ ਪਹਿਲਕਦਮੀ ਕੀਤੀ ਸੀ। ਜਿਵੇਂ, ਸਾਲ 2015 ਵਿਚ ਭਾਰਤ ਸਰਕਾਰ ਨੇ ਪ੍ਰਵਾਸੀ ਭਾਰਤੀ ਲਾੜਿਆਂ ਦੀ ਧੋਖੇਬਾਜ਼ੀ ਦੀਆਂ ਸ਼ਿਕਾਰ ਭਾਰਤੀ ਲਾੜੀਆਂ ਦੇ ਧੋਖਿਆਂ ਦੀ ਇੱਕ ਉੱਚ ਪੱਧਰੀ ਸਾਂਝੀ ਕਮੇਟੀ ਬਣਾਈ ਸੀ, ਜਿਸ ਨੂੰ ਇਸ ਸਬੰਧ ਵਿਚ ਇੱਕ ਅਜਿਹੀ ਮਜ਼ਬੂਤ ਵਿਵਸਥਾ ਬਣਾਉਣ ਦਾ ਕਾਰਜ ਸੌਂਪਿਆ ਗਿਆ ਸੀ ਤਾਂ ਜੋ ਵਿਦੇਸ਼ਾਂ ਵਿਚ ਤੰਗ-ਪਰੇਸ਼ਾਨ ਹੋ ਰਹੀਆਂ ਭਾਰਤੀ ਔਰਤਾਂ ਦੀਆਂ ਸਮੱਸਿਆਵਾਂ ਦਾ ਹੱਲ ਕਰੇ। ਇਸ ਤੰਤਰ ਵਿਚ ਉਨ੍ਹਾਂ ਵਿਚੋਲਿਆਂ ਤੇ ਆਨਲਾਈਨ ਵੈੱਬਸਾਈਟਾਂ ’ਤੇ ਵੀ ਨਮਦਾ ਕੱਸਣ ਦਾ ਪ੍ਰਬੰਧ ਕੀਤਾ ਗਿਆ ਸੀ, ਜੋ ਵਿਦੇਸ਼ ਵਿਚ ਵਿਆਹ ਕਰਵਾਉਣ ਦੇ ਨਾਂ ’ਤੇ ਖ਼ੁਦ ਤਾਂ ਚਾਂਦੀ ਕੁੱਟਦੀਆਂ ਹਨ, ਪਰ ਧੋਖੇਬਾਜ਼ੀ ਹੋਣ ਦੀ ਹਾਲਤ ਵਿਚ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਲੈਂਦੀਆਂ ਹਨ।

ਇਸ ਤੋਂ ਇਲਾਵਾ ਸਰਕਾਰ ਨੇ ਵਿਦੇਸ਼ ਮਾਮਲਿਆਂ, ਗ੍ਰਹਿ, ਵਿਧੀ ਅਤੇ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਦੇ ਅਧਿਕਾਰੀਆਂ ਨਾਲ ਮਿਲ ਕੇ ਇੱਕ ਨਿਯਮ ਵਿਵਸਥਾ ਬਣਾਉਣ ਦੀ ਪਹਿਲ ਕੀਤੀ ਸੀ ਤਾਂ ਜੋ ਅਜਿਹੀਆਂ ਔਰਤਾਂ ਨੂੰ ਨਿਆਂ ਦਿਵਾਇਆ ਜਾ ਸਕੇ। ਇਸ ਲਈ ਸਰਕਾਰ ਨੇ 47 ਸਾਲ ਪੁਰਾਣੇ ਵਿਦੇਸ਼ੀ ਵਿਆਹ ਨਿਯਮ 1969 ਦੇ ਸੰਬੰਧ ਫਰੋਲੇ ਸਨ, ਜਿਸ ਵਿਚ ਪ੍ਰਵਾਸੀ ਲਾੜਿਆਂ ਨਾਲ ਵਿਆਹੀਆਂ ਗਈਆਂ ਔਰਤਾਂ ਨੂੰ ਹੋਣ ਵਾਲੀਆਂ ਮੁਸ਼ਕਲਾਂ ਦੀ ਸਥਿਤੀ ਵਿਚ ਸਰਕਾਰ ਵੱਲੋਂ ਸਹਾਇਤਾ ਕਰਨ ਦਾ ਪ੍ਰਬੰਧ ਹੈ। ਇਸ ਐਕਟ ਦੀ ਧਾਰਾ 14 ਦੇ ਤਹਿਤ ਵਿਆਹ ਸਰਟੀਫਿਕੇਟ ਰਜਿਸਟਰ ਵਿਚ ਬਕਾਇਦਾ ਪਤੀ-ਪਤਨੀ ਦੇ ਨਾਲ ਤਿੰਨ ਗਵਾਹਾਂ ਦੇ ਦਸਤਖ਼ਤ ਜ਼ਰੂਰੀ ਹਨ, ਜਿਨ੍ਹਾਂ ਨੂੰ ਵਿਆਹ ਅਧਿਕਾਰੀ ਵੱਲੋਂ ਮਾਨਤਾ ਦਿੱਤੀ ਗਈ ਹੈ। ਜਦੋਂ ਤੋਂ ਵਿਆਹ ਕਰਵਾਉਣਾ ਇੱਕ ਵਪਾਰ ਬਣ ਗਿਆ ਹੈ ਤੇ ਲੜਕੀਆਂ ਵਿਚ ਵਿਦੇਸ਼ ਵਿਚ ਵਸਣ ਦੀ ਇੱਛਾ ਵਧੀ ਹੈ, ਇਸ਼ਤਿਹਾਰਾਂ ਰਾਹੀਂ ਹੋਣ ਵਾਲੇ ਵਿਆਹਾਂ ਦੀ ਗਿਣਤੀ ਵਿਚ ਵੀ ਇਜਾਫਾ ਹੋਇਆ ਹੈ। ਅਕਸਰ ਅਜਿਹੇ ਰਿਸ਼ਤਿਆਂ ਵਿਚ ਪੂਰੀ ਛਾਣ-ਬੀਣ ਨਹੀਂ ਹੋ ਸਕਦੀ। ਕਿਉਂਕਿ ਸਾਰਾ ਮਾਮਲਾ ਪੈਸੇ, ਵਿਦੇਸ਼ ਵਿਚ ਵੱਧ ਤਨਖ਼ਾਹ ਵਾਲੀ ਨੌਕਰੀ ਤੇ ਐੱਨ. ਆਰ. ਆਈ. ਲਾੜੇ ਦੀ ਖ਼ਾਹਿਸ਼ ਨਾਲ ਜੁੜਿਆ ਹੁੰਦਾ ਹੈ, ਅਜਿਹੇ ਵਿਚ ਧੋਖਿਆਂ ਦੀ ਸੰਭਾਵਨਾ ਹੁੰਦੀ ਹੈ, ਕਿਉਂਕਿ ਮਾਂ-ਬਾਪ ਬਰੀਕੀ ਨਾਲ ਜਾਂਚ ਕਰਨ ਤੋਂ ਅਸਮਰੱਥ ਰਹਿੰਦੇ ਹਨ।

ਮਾਂ-ਬਾਪ ਨੂੰ ਵੀ ਚਾਹੀਦਾ ਹੈ ਕਿ ਉਹ ਪਰਦੇਸੀ ਲਾੜਿਆਂ ਦੀ ਪੂਰੀ ਤਫਤੀਸ਼ ਕਰਨ। ਲੋਕਾਂ ਨੂੰ ਬਗ਼ੈਰ ਤਫਤੀਸ਼ ਦੇ ਪਰਦੇਸ ਵਿਚ ਰਿਸ਼ਤੇ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਭਾਵੇਂ ਭਾਰਤੀ ਵਿਦੇਸ਼ ਮੰਤਰਾਲੇ ਦਾਅਵਾ ਕਰਦਾ ਹੈ ਕਿ ਉਹ ਵਿਦੇਸ਼ ਵਿਚ ਵਸੇ ਭਾਰਤੀਆਂ ਨਾਲ ਵਿਆਹ ਦੇ ਮਾਮਲਿਆਂ ਵਿਚ ਧੋਖੇਬਾਜ਼ੀਆਂ ਕਾਰਨ ਭਾਰਤੀ ਲਾੜੀਆਂ ਨੂੰ ਬਚਾਉਣ ਲਈ ਕਈ ਉਪਾਅ ਕਰਦਾ ਹੈ, ਪਰ ਅਜਿਹੀਆਂ ਘਟਨਾਵਾਂ ਦੀ ਪ੍ਰਭਾਵੀ ਰੋਕਥਾਮ ਨਹੀਂ ਹੋ ਸਕੀ। ਸਾਡਾ ਸਮਾਜ ਵੀ ਇਸਤਰੀਆਂ ਨੂੰ ਲੈ ਕੇ ਸਾਮੰਤਵਾਦੀ ਨਜ਼ਰੀਏ ਤੋਂ ਮੁਕਤ ਨਹੀਂ ਹੋ ਸਕਿਆ ਤੇ ਉਸ ਨੂੰ ਪਦਾਰਥ ਤੋਂ ਵਧ ਕੁਝ ਵੀ ਨਹੀਂ ਸਮਝਿਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਵਿਆਹਾਂ ਦੇ ਨਾਮ ’ਤੇ ਉਸ ਦਾ ਮੁਲ ਪੈ ਰਿਹਾ ਹੈ ਤੇ ਸਰਕਾਰਾਂ ਵੱਲੋਂ ਵੀ ਕੋਈ ਠੋਸ ਕਾਰਵਾਈ ਨਹੀਂ ਹੋ ਰਹੀ। ਭਾਵੇਂ ਅਸੀਂ ਸੰਸਾਰੀਕਰਨ ਯੁੱਗ ਵਿਚ ਪਹੁੰਚ ਗਏ ਹਾਂ, ਪਰ ਸਾਡੇ ਵਿਚ ਮਾਨਵੀ ਪੱਖ ਤੋਂ ਕੋਈ ਸੁਧਾਰ ਨਹੀਂ ਆਇਆ। ਇਸਤਰੀ ਨਾਲ ਧੋਖੇਬਾਜ਼ੀ ਸਾਡੇ ਸਮਾਜ ਦਾ ਨੈਤਿਕ ਸੰਕਟ ਹੈ, ਜਿਸ ਕਾਰਨ ਪੰਜਾਬੀਆਂ ਦਾ ਨਾਮ ਬਦਨਾਮ ਹੋ ਰਿਹਾ ਹੈ। ਜਿੱਥੇ ਮਾਂ ਬਾਪ ਨੂੰ ਸੋਚ ਸਮਝ ਕੇ ਰਿਸ਼ਤਾ ਕਰਨ ਦੀ ਲੋੜ ਹੈ, ਉੱਥੇ ਭਾਰਤ ਸਰਕਾਰ ਨੂੰ ਵੀ ਕਰੜੀ ਕਾਰਵਾਈ ਕਰਨ ਦੀ ਜ਼ਰੂਰਤ ਹੈ ਤੇ ਵਿਦੇਸ਼ ਵਿਚ ਬੈਠੀਆਂ ਧਾਰਮਿਕ ਤੇ ਸਾਮਾਜਿਕ ਸੰਸਥਾਵਾਂ ਨੂੰ ਵੀ ਅਜਿਹੇ ਲੋਕਾਂ ’ਤੇ ਕਾਰਵਾਈ ਕਰਨ ਦੀ ਜ਼ਰੂਰਤ ਹੈ।

## ਜੌਰਜੀਆ ਸੂਬੇ ਵਿਚ ਭੂਤਰੇ ਬੰਦੂਕਧਾਰੀ ਵਲੋਂ ਪਰਮਜੀਤ ਸਿੰਘ ਦੀ ਗੋਲੀਆਂ ਮਾਰ ਕੇ ਹਤਿਆ

ਉੱਤੇ ਇੱਕ ਹੋਰ ਸਟੋਰ ਤੋਂ ਪੈਸੇ ਲੁੱਟ ਕੇ ਉੱਥੇ ਕੰਮ ਕਰਦੇ ਪਾਰਥੀ ਪਟੇਲ ਨੂੰ ਗੋਲੀਆਂ ਮਾਰੀਆਂ ਜਿਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਦਾਖ਼ਲ ਕਰਵਾਇਆ ਗਿਆ।

ਪਰਮਜੀਤ ਸਿੰਘ ਦੇ ਭਰਾ ਭਰਾ ਕੁਲਵੰਤ ਸਿੰਘ, ਜਿਸਦੇ ਅਪਣੇ ਕਈ ਸਟੋਰ ਹਨ, ਨੇ ਦਸਿਆ ਕਿ ਉਸਦਾ ਭਰਾ 8 ਕੁ ਸਾਲ ਪਹਿਲਾਂ ਇੱਥੇ ਆਇਆ ਸੀ। ਪਰਮਜੀਤ ਸਿੰਘ ਅਮਰੀਕਾ 'ਚ ਆਪਣੀ ਮਾਤਾ ਜਸਵੀਰ ਕੌਰ, ਪਤਨੀ ਸੋਨੀਆ ਅਤੇ ਦੋ ਬੇਟਿਆਂ ਨਾਲ ਰਹਿ ਰਿਹਾ ਸੀ। ਉਸ ਦੇ ਪਿਤਾ ਸਾਬਕਾ ਫੌਜੀ ਕਰਨੈਲ ਸਿੰਘ ਦੀ 20 ਕੁ ਸਾਲ ਪਹਿਲਾਂ ਹੀ ਸੜਕ ਹਾਦਸੇ ਵਿੱਚ ਮੌਤ ਹੋ ਚੁੱਕੀ ਸੀ।

ਮ੍ਰਿਤਕ ਦੇ ਭਰਾ ਨੇ ਦੱਸਿਆ ਕਿ ਪਰਮਜੀਤ ਸਿੰਘ ਬੀਤੇ ਹਫ਼ਤੇ ਮੰਗਲਵਾਰ ਨੂੰ ਜਦੋਂ ਆਪਣੇ ਸਟੋਰ 'ਤੇ ਕੰਮ ਕਰ ਰਿਹਾ ਸੀ ਤਾਂ ਅਣਪਛਾਤੇ ਵਿਅਕਤੀ ਨੇ ਉਸ ਉੱਤੇ ਗੋਲੀਆਂ ਚਲਾਈਆਂ ਜਿਸ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਵਾਰਦਾਤ ਮਗਰੋਂ ਹਮਲਾਵਰ ਮੌਕੇ ਤੋਂ ਭੱਜ ਗਿਆ ਅਤੇ ਅੱਗੇ ਜਾ ਕੇ ਗੁਜਰਾਤੀ ਦੇ ਸਟੋਰ 'ਤੇ ਵੀ ਗੋਲੀ ਚਲਾ ਦਿੱਤੀ, ਜਿਸ 'ਚ ਉੱਥੇ ਕਲਰਕ ਵਜੋਂ ਕੰਮ ਕਰਦਾ 30 ਸਾਲਾ ਪਾਰਥੀ ਪਟੇਲ ਜ਼ਖ਼ਮੀ ਹੋ ਗਿਆ।

ਪਿੱਛੋਂ ਪੰਜਾਬ ਦੇ ਪੰਜਾਬ ਦੇ ਪਟਿਆਲਾ ਜਿਲ੍ਹੇ ਦੇ ਪਿੰਡ ਪਿੱਪਲ ਮੰਗੋਲੀ ਦੇ ਜੰਮਪਲ ਤੇ ਪਰਵਾਸੀ ਭਾਰਤੀ ਪਰਮਜੀਤ ਸਿੰਘ ਦੀ ਅਣਪਛਾਤੇ ਹਮਲਾਵਰ ਵੱਲੋਂ ਚਲਾਈ ਗੋਲੀ ਵਿਚ ਹੋਈ ਮੌਤ ਬਾਅਦ ਵਿਚਲੇ ਉਸਦੇ ਪਿੰਡ 'ਚ ਭਾਰੀ ਸੋਗ ਛਾ ਗਿਆ।

## ਸੌਦਾ ਸਾਧ ਨੇ ਕਰਵਾਇਆ ਸੀ ਮੌੜ ਬੰਬ ਧਮਾਕਾ ?

ਮੁਲਜ਼ਮ ਦੀ ਪੈੜ ਨੱਪ ਲਈ ਹੈ। ਦੋ-ਤਿੰਨ ਦਿਨਾਂ ਵਿੱਚ ਪੁਲੀਸ ਵੱਲੋਂ ਮੌੜ ਧਮਾਕੇ ਦੇ ਭੇਤ ਖੋਲ੍ਹੇ ਜਾਣ ਦੀ ਸੰਭਾਵਨਾ ਹੈ।

ਵਿਸ਼ੇਸ਼ ਜਾਂਚ ਟੀਮ ਵੱਲੋਂ ਪਹਿਲਾਂ ਫ਼ਾਜ਼ਿਲਕਾ ਇਲਾਕੇ ਵਿੱਚ ਸ਼ੱਕੀ ਮੁਲਜ਼ਮ ਗੁਰਤੇਜ ਸਿੰਘ ਉਰਫ਼ ਕਾਲਾ ਦੀ ਪੈੜ ਨੱਪੀ ਗਈ ਅਤੇ ਉਸ ਮਗਰੋਂ ਪੁਲੀਸ ਦੀ ਟੀਮ ਹਰਿਆਣਾ ਚਲੀ ਗਈ ਹੈ। ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਨੇ ਕੁਝ ਦਿਨ ਪਹਿਲਾਂ ਖੁਲਾਸਾ ਕੀਤਾ ਸੀ ਕਿ ਪੁਲੀਸ ਜਲਦੀ ਮੌੜ ਧਮਾਕੇ ਨੂੰ ਸੁਲਝਾ ਲਵੇਗੀ। ਭਾਵੇਂ ਹਾਲੇ ਗੁਰਤੇਜ ਸਿੰਘ ਕਾਲਾ ਪੁਲੀਸ ਦੇ ਹੱਥ ਨਹੀਂ ਲੱਗਿਆ ਪ੍ਰੰਤੂ ਪੁਲੀਸ ਟੀਮ ਦੀ ਪਹੁੰਚ ਉਸ ਦੇ ਨੇੜੇ ਤੱਕ ਪੁੱਜ ਗਈ ਦੱਸੀ ਜਾਂਦੀ ਹੈ।

ਵੇਰਵਿਆਂ ਅਨੁਸਾਰ ਤਲਵੰਡੀ ਸਾਬੋ ਅਦਾਲਤ ਵਿੱਚ ਬਿਆਨ ਕਲਮਬੰਦ ਕਰਾਉਣ ਵਾਲੇ ਚਾਰ ਗਵਾਹਾਂ ਨੇ ਮੌੜ ਧਮਾਕੇ ਵਿੱਚ ਵਰਤੀ ਮਾਰੂਤੀ ਕਾਰ ਡੇਰਾ ਸਿਰਸਾ ਦੀ ਵਰਕਸ਼ਾਪ ਵਿੱਚ ਤਿਆਰ ਹੋਣ ਅਤੇ ਰੰਗ ਰੋਗਨ ਹੋਣ ਦਾ ਖੁਲਾਸਾ ਕੀਤਾ ਸੀ, ਜਿਸ ਦੇ ਆਧਾਰ 'ਤੇ ਪੁਲੀਸ ਨੇ ਡੇਰਾ ਸਿਰਸਾ ਦੀ ਵਰਕਸ਼ਾਪ ਦੇ ਇੰਚਾਰਜ ਗੁਰਤੇਜ ਸਿੰਘ ਉਰਫ਼ ਕਾਲਾ, ਜੋ ਹਰਿਆਣਾ ਦੇ ਪਿੰਡ ਅਲੀਕੇ ਦਾ ਵਸਨੀਕ ਹੈ, ਨੂੰ ਮੌੜ ਕੇਸ ਵਿੱਚ ਨਾਮਜ਼ਦ ਕਰ ਦਿੱਤਾ ਸੀ।

ਸੂਤਰਾਂ ਨੇ ਦੱਸਿਆ ਕਿ ਪੁਲੀਸ ਨੇ ਗੁਰਤੇਜ ਕਾਲੇ ਦੀ ਲੋਕੇਸ਼ਨ ਮੁਤਾਬਿਕ ਉਸ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਪੁਲੀਸ ਟੀਮ ਨੇ ਪਹਿਲਾਂ ਫ਼ਾਜ਼ਿਲਕਾ ਦਾ ਇਲਾਕਾ ਛਾਣਿਆ ਅਤੇ ਉਸ ਮਗਰੋਂ ਪੁਲੀਸ ਸਿਰਸਾ ਜਾ ਪੁੱਜੀ । ਪੁਲੀਸ ਨੇ ਗੁਰਤੇਜ ਕਾਲਾ ਦੇ ਰਿਸ਼ਤੇਦਾਰਾਂ 'ਤੇ ਵੀ ਦਬਾਅ ਬਣਾਇਆ ਹੋਇਆ ਸੀ ਅਤੇ ਨਾਲੋ-ਨਾਲ ਉਸ ਨਾਲ ਸਬੰਧਿਤ ਫੋਨ ਨੰਬਰ ਵੀ ਟਰੇਸ ਕੀਤੇ ਗਏ ਹਨ

ਪੰਜਾਬ ਪੁਲੀਸ ਨੇ ਹਰਿਆਣਾ 'ਚੋਂ ਚਾਰ ਵਿਅਕਤੀ ਹਿਰਾਸਤ ਵਿੱਚ ਲਏ ਜਿਨ੍ਹਾਂ 'ਚੋਂ ਦੋ ਡੇਰਾ ਸਿਰਸਾ ਦੀ ਵਰਕਸ਼ਾਪ ਦੇ ਪੇਂਟਰ ਤੇ ਡੈਂਟਰ ਦੱਸੇ ਜਾ ਰਹੇ ਹਨ। ਮੁਲਜ਼ਮਾਂ ਦੀ ਪਛਾਣ ਹਰਪ੍ਰੀਤ ਸਿੰਘ, ਸੁਨੀਲ ਕੁਮਾਰ, ਕ੍ਰਿਸ਼ਨ ਕੁਮਾਰ (ਵਾਸੀ ਹਰਿਆਣਾ) ਤੇ ਹਰਮੇਲ ਸਿੰਘ (ਵਾਸੀ ਗੰਗਾਨਗਰ) ਵਜੋਂ ਹੋਈ ਹੈ।

ਸੂਤਰਾਂ ਅਨੁਸਾਰ ਇਸ ਬੰਬ ਧਮਾਕੇ ਲਈ ਵਰਤੀ ਗਈ ਕਾਰ ਨੂੰ ਡੇਰਾ ਸਿਰਸਾ ਦੀ ਵੀਆਈਪੀ ਵਰਕਸ਼ਾਪ ਵਿੱਚ ਰੰਗ ਹੋਇਆ ਸੀ, ਜਿਸ ਦੀ ਡੇਰੇ ਦੀ ਵਰਕਸ਼ਾਪ ਦੇ ਡੈਂਟਰ ਤੇ ਪੇਂਟਰ ਨੇ ਪੁਲੀਸ ਕੋਲ ਪੁਸ਼ਟੀ ਕੀਤੀ ਹੈ। ਧਮਾਕੇ ਵਾਲੀ ਕਾਰ ਵਿੱਚ ਵਰਤੀ ਗਈ ਬੈਟਰੀ ਵੀ ਸਿਰਸਾ ਤੋਂ ਖਰੀਦੀ ਗਈ ਸੀ।

ਡੀਆਈਜੀ ਰਣਬੀਰ ਖੱਟੜਾ ਦੀ ਅਗਵਾਈ 'ਚ ਟੀਮ ਇਕ ਹਫ਼ਤੇ ਤੋਂ ਬਠਿੰਡਾ-ਮਾਨਸਾ 'ਚ ਗੇੜੇ ਮਾਰ ਰਹੀ ਸੀ। ਸੂਤਰਾਂ ਅਨੁਸਾਰ ਧਮਾਕੇ ਵਿੱਚ ਵਰਤੀ ਗਈ ਮਾਰੂਤੀ ਕਾਰ ਦਾ ਅਸਲ ਰੰਗ ਲਾਲ (ਮੈਰੂਨ) ਸੀ, ਜਿਸ ਨੂੰ ਚਿੱਟਾ ਪੇਂਟ ਕੀਤਾ ਗਿਆ ਸੀ। ਡੀਆਈਜੀ ਖੱਟੜਾ 7 ਫਰਵਰੀ ਨੂੰ ਦੁਪਹਿਰ ਵੇਲੇ ਥਾਣਾ ਮੌੜ ਵਿੱਚ ਡੈਂਟਰ ਤੇ ਪੇਂਟਰ ਨੂੰ ਲੈ ਕੇ ਪੁੱਜੇ, ਜਿਨ੍ਹਾਂ ਨੇ ਥਾਣੇ 'ਚ ਖੜ੍ਹੀ ਕਾਰ ਖੁਰਚ ਕੇ ਹੇਠਾਂ ਤੋਂ ਲਾਲ ਰੰਗ ਕੱਢ ਕੇ ਦਿਖਾਇਆ ਸੀ। ਥਾਣਾ ਮੌੜ ਦੇ ਮੁਖੀ ਮਨੋਜ ਕੁਮਾਰ ਨੇ ਕਿਹਾ ਕਿ ਡੀਆਈਜੀ ਤਾਂ ਕਿਸੇ ਹੋਰ ਕੇਸ ਸਬੰਧੀ ਥਾਣੇ ਆਏ ਸਨ। ਸੂਤਰਾਂ ਅਨੁਸਾਰ ਡੇਰੇ ਦੀ ਵੀਆਈਪੀ ਵਰਕਸ਼ਾਪ 'ਚ ਡੇਰਾ ਮੁਖੀ ਦੀਆਂ ਗੱਡੀਆਂ ਮੋਡੀਫਾਈ ਹੁੰਦੀਆਂ ਸਨ। ਪੁਲੀਸ ਨੇ ਸਿਰਸਾ ਤੋਂ ਕੱਲ੍ਹ ਇੱਕ ਹੋਰ ਵਿਅਕਤੀ ਹਿਰਾਸਤ ਵਿੱਚ ਲਿਆ ਹੈ। ਫੜੇ ਗਏ ਵਿਅਕਤੀਆਂ 'ਚ ਇੱਕ ਇਲੈਕਟ੍ਰਿਸ਼ਨ ਵੀ ਹੈ। ਸੂਤਰਾਂ ਮੁਤਾਬਕ ਸਿਰਸਾ ਦੇ ਇੱਕ ਬੈਟਰੀਆਂ ਵਾਲੇ ਦੁਕਾਨਦਾਰ ਤੋਂ ਤਫ਼ਤੀਸ਼ ਅੱਗੇ ਤੁਰੀ ਹੈ। ਉਸ ਨੇ ਮਾਨਸਾ ਜ਼ਿਲ੍ਹੇ ਦੇ ਇੱਕ ਵਿਅਕਤੀ ਨਾਲ ਤੰਦ ਜੋੜੀ, ਜੋ ਡੇਰਾ ਵਰਕਸ਼ਾਪ ਵਿੱਚ ਦੋ ਵਾਰ ਗੇੜਾ ਮਾਰ ਕੇ ਆਇਆ ਸੀ।

**ਚਾਰ ਜਣਿਆਂ ਦੇ ਬਿਆਨ ਕਲਮਬੰਦ**

ਪੁਲੀਸ ਨੇ ਤਲਵੰਡੀ ਸਾਬੋ ਦੇ ਜੁਡੀਸ਼ਲ ਮੈਜਿਸਟਰੇਟ ਫਸਟ ਕਲਾਸ ਦੀ ਅਦਾਲਤ ਵਿੱਚ ਮੌੜ ਬੰਬ ਕਾਂਡ ਸਬੰਧੀ ਚਾਰ ਜਣਿਆਂ ਨੂੰ ਪੇਸ਼ ਕੀਤਾ ਅਤੇ ਧਾਰਾ 164 ਤਹਿਤ ਉਨ੍ਹਾਂ ਦੇ ਬਿਆਨ ਕਲਮਬੰਦ ਕਰਾਏ। ਇਨ੍ਹਾਂ 'ਚੋਂ ਦੋ ਨੇ ਮਾਨਸਾ ਜ਼ਿਲ੍ਹੇ ਦੇ ਵਸਨੀਕ ਤੇ ਡੇਰਾ ਮੁਖੀ ਦੇ ਵਿਸ਼ੇਸ਼ ਸਕਿਉਰਿਟੀ ਗਾਰਡ 'ਤੇ ਉਂਗਲ ਉਠਾਈ ਹੈ।

**ਸਾਧ ਦਾ ਸਾਬਕਾ ਗੰਨਮੈਨ ਵੀ ਸ਼ੱਕ ਦੇ ਘੇਰੇ**

ਸੂਤਰਾਂ ਮੁਤਾਬਕ ਡੇਰਾ ਮੁਖੀ ਦੇ ਸਾਬਕਾ ਗੰਨਮੈਨ ਦੀ ਜਾਂਚ 'ਚ ਸਰਗਰਮ ਭੂਮਿਕਾ ਰਹੀ ਹੈ। ਪੁਲੀਸ ਨੇ ਡੇਰਾ ਮੁਖੀ ਦੇ ਪੁਰਾਣੇ ਗੰਨਮੈਨ ਨੂੰ ਮੁਖ਼ਬਰ ਕੀਤਾ ਹੋਇਆ ਸੀ, ਜਿਸ ਨੂੰ ਕੁਝ ਸਮਾਂ ਪਹਿਲਾਂ ਹੀ ਬਹਾਲ ਕੀਤਾ ਗਿਆ ਹੈ। ਇਸੇ ਗੰਨਮੈਨ ਨੇ ਅਮਰੀਕ ਤੇ ਕਾਲਾ ਸਿੰਘ ਦੀ ਨਿਸ਼ਾਨਦੇਹੀ ਕੀਤੀ ਹੈ। ਜਾਂਚ ਦੌਰਾਨ ਸਾਬਕਾ ਮੰਤਰੀ ਹਰਮਿੰਦਰ ਜੱਸੀ ਦੇ ਸਾਬਕਾ ਗੰਨਮੈਨ ਅਤੇ ਮੌਜੂਦਾ ਏਐਸਆਈ ਮੱਖਣ ਸਿੰਘ 'ਤੇ ਵੀ ਸ਼ੱਕ ਦੀ ਉਂਗਲ ਉੱਠੀ ਸੀ। ਮੱਖਣ ਸਿੰਘ ਪਿਛਲੀਆਂ ਚੋਣਾਂ ਵਿੱਚ ਜੱਸੀ ਖ਼ਿਲਾਫ਼ ਪ੍ਰਚਾਰ ਕਰਦਾ ਰਿਹਾ ਹੈ। ਚੋਣਾਂ ਦੌਰਾਨ ਮੱਖਣ ਸਿੰਘ ਦੀ ਮੋਬਾਈਲ ਲੋਕੇਸ਼ਨ ਹਲਕਾ ਮੌੜ ਦੀ ਰਹੀ ਹੈ।

## ਗਰਮਦਲੀਆਂ ਸਿਰ ਥੋਪੀ ਜਾ ਰਹੀ ਜ਼ੁੰਮੇਵਾਰੀ

ਰਹੀ ਹੈ। ਬਠਿੰਡਾ ਪੁਲੀਸ ਨੇ ਬੰਬ ਕਾਂਡ ਦਾ ਤਫ਼ਤੀਸ਼ੀ ਅਫਸਰ ਹੁਣ ਥਾਣਾ ਦਿਆਲਪੁਰਾ ਦੇ ਦਲਬੀਰ ਸਿੰਘ ਨੂੰ ਬਣਾਇਆ ਹੈ ਜੋ ਸਾਈਬਰ ਕਰਾਈਮ ਦਾ ਮਾਹਿਰ ਹੈ।

ਡੀਆਈਜੀ ਰਣਬੀਰ ਸਿੰਘ ਖੱਟੜਾ ਨੇ ਕਿਹਾ ਕਿ ਮੌੜ ਧਮਾਕੇ ਦੀ ਜਾਂਚ ਆਖ਼ਰੀ ਪੜਾਅ 'ਤੇ ਹੈ ਅਤੇ ਜਲਦੀ ਅਹਿਮ ਖ਼ੁਲਾਸੇ ਕੀਤੇ ਜਾਣਗੇ। ਜਦੋਂ ਡੇਰਾ ਸਿਰਸਾ ਬਾਰੇ ਪੁੱਛਿਆ ਤਾਂ ਉਹ ਟਾਲ-ਮਟੋਲ ਕਰ ਗਏ ਅਤੇ ਫੜੇ ਗਏ ਵਿਅਕਤੀਆਂ ਦੇ ਨਾਂ ਦੱਸਣ ਤੋਂ ਵੀ ਇਨਕਾਰ ਕਰ ਦਿੱਤਾ। ਸ੍ਰੀ ਖੱਟੜਾ ਨੇ ਤਖ਼ਤ ਦਮਦਮਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਮਗਰੋਂ ਜਥੇਦਾਰ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ।

## 'ਮੈਂ ਤੇ ਮੇਰੀ ਜਾਨ' ਦੀਆਂ ਪਈਆਂ ਧੁੰਮਾਂ

ਸਤਿੰਦਰ ਸਰਤਾਜ ਅਪਣੇ ਯੂ.ਕੇ. ਟੂਰ ਦੌਰਾਨ ਦੀ ਸ਼ੁਰੂਆਤ 25 ਫਰਵਰੀ ਨੂੰ ਗਰੇਵਸੈਂਡ ਦੇ ਵੁੱਡਵਿਲ ਥੀਏਟਰ ਤੋਂ ਕਰੇਗਾ। ਉਸਦੇ ਅਗਲੇ ਪ੍ਰੋਗਰਾਮ ਦਾ ਵੇਰਵਾ ਇਸ ਤਰ੍ਹਾਂ ਹੈ: 1ਮਾਰਚ-ਇਮਪਾਇਰ ਥੀਏਟਰ, ਸੰਦਰਲੈਂਡ, 3 ਮਾਰਚ-ਸਿਫਨੀ ਹਾਲ, ਬਰਮਿੰਘਮ, 4 ਮਾਰਚ-ਡੈਮੋਂਫੋਰਟ, ਲਾਈਸੈਸਟਰ, 9 ਮਾਰਚ-ਗਰੈਂਡ ਥੀਏਟਰ, ਵੁੱਲਰਹੰਪਟਨ ਅਤੇ 11 ਮਾਰਚ-ਦ ਐਸਐਸਈ ਅਰੀਨਾ, ਲੰਡਨ।

ਖ਼ਾਸ ਗੱਲ ਇਹ ਕਿ ਸਰਤਾਜ ਦੇ ਯੂ.ਕੇ. ਟੂਰ ਦੇ ਪ੍ਰੋਗਰਾਮਾਂ ਦੀ ਸਰੋਤਿਆਂ ਵਲੋਂ ਤੀਬਰਤਾ ਨਾਲ ਉਡੀਕ ਕੀਤੀ ਜਾ ਰਹੀ ਤੇ ਟਿਕਟਾਂ ਦੀ ਦਿਨੋਂ ਦਿਨ ਵੱਧ ਰਹੀ ਮੰਗ ਦੇ ਮਦੇਨਜ਼ਰ ਪ੍ਰਬੰਧਕਾਂ ਨੂੰ ਸਾਰੇ ਸ਼ੋਅ ਸੋਲਡ ਆਉਣ ਹੋਣ ਦੀ ਉਮੀਦ ਹੈ।

## ਸਿਰਦਾਰ ਕਪੂਰ ਸਿੰਘ ਸਿੱਖ ਚਿੰਤਨ ਦੀ ਵਿਲੱਖਣਤਾ ਦਾ ਵਿਆਖਿਆਕਾਰ

ਵਿਚੋਂ (ਕੁਐਂਟਮ ਜੰਪ ਵਿਚੋਂ), ਇਹ ਉੱਭਰਦੀ ਹੈ। ਇਉਂ ਸਿੱਖ-ਗੁਰੂ ਸਾਹਿਬ ਦਾ ਚਿਤਵਿਆ ਸਿੱਖ ਇਕ ਕੁਐਂਟਰੀ ਲੀਪ ਹੈ- ਮਾਦੇ ਦੀ ਸਪਿਰਟ ਬਣੀ ਛਾਲ ਹੈ ਜੋ ਕਿ ਕੇਵਲ ਮਾਦੇ ਦੇ ਕਾਰਣ ਸ਼ਾਸ਼ਤ ਜਾਂ ਵਿਕਾਸਵਾਦੀ ਨਿਯਮਾਂ ਅਨੁਸਾਰ ਨਹੀਂ ਸਮਝੀ ਜਾ ਸਕਦੀ।

ਇਹ ਸਪਿਰਟ ਬਣਿਆ ਬੰਦਾ-ਸਿੱਖ, ਭਵਿੱਖ ਦੇ ਇਕ ਨਵੇਂ, ਪੁਨਰ-ਜਮੇ, ਸਮਤਾ ਭਰਪੂਰ, ਅਨੰਤ ਰੂਹ ਵਾਲੇ ਵਿਸ਼ਵ ਭਾਈਚਰੇ ਦਾ ਸਿਰਜਣਹਾਰ ਹੈ। ਇਸ ਵਿਚ ਮਨੁੱਖ ਜ਼ਾਤੀ ਦੇ ਸਭ ਸੁੰਦਰ ਅਨੁਭਵਾਂ ਦਾ ਸੁਮੇਲ ਹੈ ਇਸ ਲਈ ਸਿੱਖ ਅਤੇ ਸਿੱਖੀ ਉਤਰ-ਵੈਦਿਕ ਅਤੇ ਉਤਰ-ਉਪਨਿਸ਼ਦਕ ਹੈ। ਇਸ ਉੱਤੇ ਕੋਈ ਹਿੰਦੂ ਨਿਯਮ, ਕਾਨੂੰਨ, ਹਿੰਦੂ ਗ੍ਰੰਥਾਂ ਦਾ ਕੋਈ ਆਦੇਸ਼ ਲਾਗੂ ਨਹੀਂ ਹੁੰਦਾ। ਸਿਰਦਾਰ ਜੀ ਸਿੱਖ ਅਤੇ ਸਿੱਖੀ ਨੂੰ ਨਵੇਂ ਵਿਸ਼ਵ ਦਾ ਸੁਪਨਾ ਮੰਨਦੇ ਸਨ। ਮਨੁੱਖ ਜਾਤੀ ਲਈ, ਸਿੱਖੀ, ਗੁਰੂ ਸਾਹਿਬਾਨ ਦਾ ਸਿਰਜਿਆ ਹੋਇਆ ਇਕ, ਯੂਟੋਪੀਆ ਹੈ। ਇਕ ਸਾਕਾਰ ਕੀਤਾ ਹੋਇਆ ਨਵ-ਵਿਸ਼ਵ, ਜਿਸ ਵਿਚ ਅਨੰਤ ਸੰਭਾਵਨਾਵਾਂ ਹਨ। ਉਨ੍ਹਾਂ ਨੇ ਸਪੱਸ਼ਟ ਤੌਰ ਤੇ ਕਿਹਾ ਹੈ ਕਿ ਸਿੱਖੀ ਵਿਚ ਧਾਰਮਿਕ ਕੱਟੜਤਾ ਦੀ ਕੋਈ ਥਾਂ ਨਹੀਂ, ਇਸ ਲਈ ਸਿੱਖੀ "ਥਿਉਕਰੇਟਿਕ" ਨਹੀਂ। ਹਰ ਪ੍ਰਕਾਰ ਦੀ ਤੰਗ ਦਿਲੀ ਤੋਂ ਮੁਕਤ ਇਹ ਨਵੀਂ ਸ਼ਕਤੀ ਵਾਲਾ ਮਾਰਗ ਅਤੇ ਇਸ ਉੱਤੇ ਚੱਲਣ ਵਾਲਾ ਸਿੱਖ ਆਪਣੇ ਆਪ ਵਿਚ ਨੈਤਿਕ ਅਨੁਸਰਣ ਅਤੇ ਜੀਵਨ ਦੀ ਇਕ ਮਿਸਾਲ ਹੈ।

ਗੁਰੂ ਸਾਹਿਬਾਨ ਦਾ ਚਿਤਵਿਆ ਅਤੇ ਸਾਕਾਰ ਕੀਤਾ ਸਿੱਖ, ਆਪਣੀ ਪਰਮਤਾ ਕਾਰਣ,ਸਿਰਦਾਰ ਜੀ ਅਨੁਸਾਰ, ਨੀਟਸ਼ੇ ਦੇ "ਉਪਰਮਨੁੱਖ" (ਓਵਰਮੈਨ) ਦਾ ਖਿਆਲ ਲਿਆਉਂਦਾ ਹੈ, ਪਰ ਇਹ ਹਰ ਪ੍ਰਕਾਰ ਦੇ ਟੋਟੈਲੀਟੇਰੀਅਨ ਚਰਿੱਤਰ ਤੋਂ ਮੁਕਤ ਹੋਵੇਗਾ। ਸਿਰਦਾਰ ਜੀ ਦੀ ਵਿਆਖਿਆ ਦੇ ਹੋਰ ਕਾਫੀ ਪੱਖ ਹਨ ਪਰ ਉਨ੍ਹਾਂ ਦੀ ਸਾਡੇ ਲਈ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਉਹ ਸਿੱਖ ਅਤੇ ਸਿੱਖੀ ਨੂੰ ਇਕ ਆਵੇਸ਼, ਕ੍ਰਿਸ਼ਮਾ ਅਤੇ ਮਨੁੱਖਤਾ ਲਈ ਸੁਪਨ-ਵਿਸ਼ਵ ਦਾ ਜਲਵਾ ਸਮਝ ਕੇ ਆਪਣੇ ਖ਼ੂਨ ਵਿਚ ਜਿਉਂਦੇ ਰਹੇ। ਉਨ੍ਹਾਂ ਦੇ ਦਿਲ, ਦਿਮਾਗ ਅਤੇ ਅਭਿਆਸ ਵਿਚ ਸਿੱਖੀ ਦੇ ਇਸ ਸੁਪਨੇ ਨੂੰ ਯੋਗ, ਰਾਜ ਅਤੇ ਸਮਾਜ ਰਾਹੀਂ ਨਿਰੰਤਰ ਸੱਚ ਬਣਾਉਣ ਲਈ ਆਖ਼ਰੀ ਦਮ ਤੱਕ ਜੋਸ਼ ਕਾਇਮ ਰਿਹਾ। ਉਨ੍ਹਾਂ ਨੇ ਆਪਣੇ ਜੀਵਨ ਵਿਚ ਮਾੜੇ ਮੋਟੇ ਸਮਝੌਤੇ ਕੀਤੇ ਹੋਣਗੇ, ਪਰ ਮਨੁੱਖਤਾ ਲਈ ਸਿੱਖੀ ਦੇ ਜਵਾਨ ਸੁਪਨੇ ਨੂੰ ਹਰ ਖਿਣ ਦ੍ਰਿਸ਼ਟ ਬਣਾਉਣ ਲਈ ਕਦੇ ਕੋਈ ਸਮਝੌਤਾ ਨਾ ਕੀਤਾ। ਭਾਈ ਗੁਰਦਾਸ ਤੋਂ ਪਿਛੋਂ ਸਾਡੇ ਇਸ ਇਕੋ-ਇਕ ਪ੍ਰਮਾਇਕ ਵਿਆਖਿਆਕਾਰ ਨੂੰ ਪ੍ਰਣਾਮ ਕਰਕੇ ਮੈਂ ਕੁਝ ਕੁ ਰਿਣ ਅਦਾ ਕਰ ਰਿਹਾ ਹਾਂ।

( ਸਿੱਖ ਸਿਆਸਤ 'ਚੋਂ ਧੰਨਵਾਦ ਸਹਿਤ)

## ਨੌਜਵਾਨਾਂ ਨੂੰ ਸਮਾਜਿਕ ਕੁਰੀਤੀਆਂ ਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਗੱਤਕਾ ਖੇਡ ਨੂੰ ਪ੍ਰਫੁੱਲਤ ਕਰਨ ਦੀ ਲੋੜ: ਹਰਜੀਤ ਸਿੰਘ ਗਰੇਵਾਲ

'ਤੇ ਵਿਕਸਤ ਕਰਨ ਸਬੰਧੀ ਕੀਤੇ ਜਾ ਰਹੇ ਉਪਰਾਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਵਿਰਾਸਤੀ ਖੇਡ ਨੂੰ ਘਰ-ਘਰ ਦੀ ਖੇਡ ਬਣਾਉਣ ਲਈ ਸਮੂਹ ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ, ਸਭਾਵਾਂ ਤੋਂ ਪੂਰਨ ਸਹਿਯੋਗ ਦੀ ਮੰਗ ਕੀਤੀ ਤਾਂ ਜੋ ਇਸ ਖੇਡ ਦੀ ਮਕਬੂਲੀਅਤ ਵਿੱਚ ਹੋਰ ਵਾਧਾ ਕੀਤਾ ਜਾ ਸਕੇ।

ਉਘੇ ਲੋਕ ਗਾਇਕ ਪੰਮੀ ਬਾਈ ਨੇ ਨੌਜਵਾਨਾਂ ਨੂੰ ਸਿੱਖ ਵਿਰਸੇ, ਸਵੈ-ਰੱਖਿਆ ਅਤੇ ਰਹੁ-ਰੀਤਾਂ ਨਾਲ ਜੋੜਨ ਲਈ ਨੈਸ਼ਨਲ ਗੱਤਕਾ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਦੇ ਜ਼ਮਾਨੇ ਵਿੱਚ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਆਏ ਲੜਕੇ-ਲੜਕਿਆਂ ਨੂੰ ਇਹ ਵਿਰਾਸਤੀ ਖੇਡ ਅਪਨਾਉਣੀ ਚਾਹੀਦੀ ਹੈ ਤਾਂ ਜੋ ਵਿਸਰ ਰਹੀ ਇਸ ਪੁਰਾਤਨ ਖੇਡ ਨੂੰ ਅਗਲੀਆਂ ਪੀੜ੍ਹੀਆਂ ਲਈ ਸਾਂਭਿਆ ਜਾ ਸਕੇ। ਉਨਾਂ ਕਿਹਾ ਕਿ ਹਰ ਵਿਦਿਆਰਥੀ ਨੂੰ ਖੇਡਾਂ ਅਤੇ ਕਲਾਤਮਕ ਰੁਚੀਆਂ ਵਿੱਚ ਜਰੂਰ ਭਾਗ ਲੈਣਾ ਚਾਹੀਦਾ ਹੈ।

ਇਸ ਮੌਕੇ ਪ੍ਰਿੰਸੀਪਲ ਉਂਕਾਰ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਹਰਜੀਤ ਸਿੰਘ ਗਰੇਵਾਲ ਵੱਲੋਂ ਸਿੱਖ ਵਿਰਸੇ ਦੀ ਸੰਭਾਲ ਅਤੇ ਗੱਤਕਾ ਖੇਡ ਦੀ ਪ੍ਰਫੁੱਲਤਾ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਿਰਸੇ ਅਤੇ ਵਿਰਾਸਤ ਨੂੰ ਸਾਂਭਣ ਅਤੇ ਆਪਣੀ ਸਵੈ-ਰੱਖਿਆ ਲਈ ਗੱਤਕੇ ਦੀ ਖੇਡ ਨਾਲ ਜੁੜ ਕੇ ਨਸ਼ਿਆਂ ਤੋਂ ਦੂਰ ਰਹਿਣ। ਉਨਾ ਅਖਿਆ ਕਿ ਨੌਜਵਾਨਾਂ ਦੀ ਉਸਾਰੂ ਸ਼ਕਤੀ ਨੂੰ ਸਹੀ ਦਿਸ਼ਾ ਵੱਲ ਮੋੜ ਕੇ ਪੰਜਾਬ ਦੀ ਤਰੱਕੀ ਲਈ ਵਿਦਿਆ ਅਤੇ ਖੇਡਾਂ ਵੱਲ ਲਾਉਣਾ ਅੱਜ ਸਮੇਂ ਦੀ ਲੋੜ ਹੈ। ਇਸ ਮੌਕੇ ਉਨ੍ਹਾਂ ਖਿਡਾਰੀਆਂ ਨੂੰ ਆਖਿਆ ਕਿ ਉਹ ਖੇਡ ਭਾਵਨਾ ਨਾਲ ਖੇਡਦੇ ਹੋਏ ਵਧੀਆ ਪ੍ਰਦਰਸ਼ਨੀ ਦਿਖਾਕੇ ਆਪਣਾ ਅਤੇ ਆਪਣੇ ਰਾਜ ਦਾ ਨਾਮ ਉਚਾ ਚੁੱਕਣ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਦੇ ਉਪ ਚੇਅਰਮੈਨ ਅਵਤਾਰ ਸਿੰਘ ਗੱਤਕਾ ਕੋਚ ਸਕੱਤਰ ਉਦੈ ਸਿੰਘ, ਵਿੱਤ ਸਕੱਤਰ ਬਲਜੀਤ ਸਿੰਘ ਸੈਣੀ, ਸੰਯੁਕਤ ਸਕੱਤਰ ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ ਸਰਰੌਦੀ, ਹਰਜੀਤ ਸਿੰਘ ਗਿੱਲ ਬਠਿੰਡਾ, ਸਕੂਲ ਦੇ ਪ੍ਰਿੰਸੀਪਲ ਦਰਸ਼ਨ ਖਾਨ, ਅਮਰੀਕ ਸਿੰਘ ਕਣਕਵਾਲ, ਕੋਚ ਦਵਿੰਦਰ ਸਿੰਘ ਢਿੱਲੋਂ ਤੇ ਪ੍ਰੋ. ਸੁਖਜੀਤ ਸਿੰਘ ਸੁੱਖੀ ਹਾਜ਼ਰ ਸਨ।

## ਅਮਰੀਕਾ ਦੇ ਸਕੂਲਾਂ ਵਿਚ ਹਿੰਸਾ ਦੀਆਂ ਘਟਨਾਵਾਂ ਲਗਾਤਾਰ ਵਧੀਆਂ

ਇਸ ਦੇ ਲਈ ਅਮਰੀਕਾ ਦਾ 'ਗੰਨ ਕਲਚਰ' ਵੀ ਜ਼ਿੰਮੇਵਾਰ ਹੈ, ਜਿਸ ਦੇ ਤਹਿਤ ਅਮਰੀਕਾ ਵਿਚ ਲੋਕਾਂ ਨੂੰ ਅਸਲਾ ਆਸਾਨੀ ਨਾਲ ਮਿਲ ਜਾਂਦਾ ਹੈ ਤੇ ਨਾਬਾਲਗ ਵੀ ਹਥਿਆਰ ਪ੍ਰਾਪਤ ਕਰਨ ਵਿਚ ਸਫਲ ਹੋ ਜਾਂਦੇ ਹਨ।

ਇਸ ਦੇ ਸਿੱਟੇ ਵਜੋਂ ਅਮਰੀਕਾ ਵਿਚ ਕਾਨੂੰਨ-ਵਿਵਸਥਾ ਦੀ ਬਹੁਤ ਵੱਡੀ ਸਮੱਸਿਆ ਪੈਦਾ ਹੋ ਗਈ ਹੈ ਅਤੇ ਉਥੇ ਇਹ ਵਾਕ ਬਹੁਤ ਪ੍ਰਸਿੱਧ ਹੈ ਕਿ ਅਮਰੀਕਾ ਵਿਚ ਓਨੇ ਲੋਕ ਅੱਤਵਾਦੀਆਂ ਦੇ ਹਮਲਿਆਂ ਵਿਚ ਨਹੀਂ ਮਰਦੇ, ਜਿੰਨੇ ਲੋਕਾਂ ਦੀ ਮੌਤ ਆਪਣੇ ਲੋਕਾਂ ਦੇ ਹੱਥੋਂ ਹੋ ਜਾਂਦੀ ਹੈ। ਭਾਰਤ ਵਿਚ ਜਿਸ ਤਰ੍ਹਾਂ ਵਿਰੋਧੀਆਂ 'ਤੇ ਹਮਲੇ ਕਰਨ ਲਈ ਚਾਕੂਆਂ-ਛੁਰਿਆਂ ਦਾ ਇਸਤੇਮਾਲ ਹੁੰਦਾ ਹੈ, ਉਸੇ ਤਰ੍ਹਾਂ ਅਮਰੀਕਾ ਵਿਚ ਛੋਟੀਆਂ-ਵੱਡੀਆਂ ਬੰਦੂਕਾਂ ਦਾ ਇਸਤੇਮਾਲ ਹੁੰਦਾ ਹੈ।

ਅਸਲ ਵਿਚ ਅਮਰੀਕਾ ਅੰਦਰ ਮਜ਼ਬੂਤ ਹਥਿਆਰ ਲਾਬੀ ਦਾ ਪ੍ਰਭਾਵ ਇੰਨਾ ਜ਼ਿਆਦਾ ਹੈ ਕਿ ਉਥੇ ਹਥਿਆਰਾਂ ਦੀ ਵਿਕਰੀ ਤੇ ਖਰੀਦ ਦੀ ਇਕ ਦੌੜ ਜਿਹੀ ਲੱਗੀ ਹੋਈ ਹੈ, ਜਿਸ ਵਿਚ ਵੱਡੇ-ਛੋਟੇ ਕਿਸੇ ਵੀ ਉਮਰ ਵਰਗ ਦਾ ਕੋਈ ਬੰਧਨ ਵੀ ਨਹੀਂ ਹੈ।

ਉਥੇ ਵੱਖ-ਵੱਖ ਸੂਬਿਆਂ ਵਿਚ ਹਥਿਆਰਾਂ 'ਤੇ ਕੰਟਰੋਲ ਸਬੰਧੀ ਵੱਖ-ਵੱਖ ਨਿਯਮ ਤੇ ਕਾਨੂੰਨ ਹਨ ਪਰ ਇਹ ਬਹੁਤ ਸਰਲ ਹੋਣ ਕਾਰਨ ਹਥਿਆਰਾਂ ਦਾ ਲਾਇਸੈਂਸ ਹਾਸਿਲ ਕਰਨਾ ਮੁਸ਼ਕਲ ਨਹੀਂ ਰਿਹਾ, ਜਿਸ ਕਾਰਨ ਘਰ-ਘਰ ਵਿਚ ਹਥਿਆਰ ਪਹੁੰਚ ਗਏ ਹਨ।

ਲਿਹਾਜ਼ਾ ਜਦੋਂ ਤਕ ਅਮਰੀਕਾ ਵਿਚ ਲੋਕਾਂ ਨੂੰ ਹਥਿਆਰ ਆਸਾਨੀ ਨਾਲ ਮਿਲਦੇ ਰਹਿਣਗੇ ਤੇ ਹਥਿਆਰਾਂ ਦੀ ਵਿਕਰੀ ਦੇ ਨਿਯਮਾਂ-ਕਾਨੂੰਨਾਂ ਵਿਚ ਤਬਦੀਲੀ ਨਹੀਂ ਹੋਵੇਗੀ, ਉਦੋਂ ਤਕ ਅਮਰੀਕੀ ਸਕੂਲਾਂ ਵਿਚ ਹਿੰਸਾ ਦੀ ਖੇਡ ਵੀ ਇਸੇ ਤਰ੍ਹਾਂ ਚਲਦੀ ਰਹੇਗੀ।

## ਪਾਕਿ ਨੇ ਦਹਿਸ਼ਤੀ ਜਥੇਬੰਦੀਆਂ ਵਿਰੁਧ ਸਿਕੰਜਾ ਕਸਣ ਵਾਸਤੇ ਕਾਨੂੰਨ ਵਿੱਚ ਕੀਤੀਆਂ ਸੋਧਾਂ

ਅਲ ਅਖ਼ਤਰ ਟਰੱਸਟ ਅਤੇ ਅਲ ਰਾਸ਼ਿਦ ਟਰੱਸਟ 'ਤੇ ਵੀ ਪਏਗਾ। 2008 ਦੇ ਮੁੰਬਈ ਦਹਿਸ਼ਤੀ ਹਮਲੇ ਦਾ ਮੁੱਖ ਸਰਗਨਾ ਸਈਦ, ਜਮਾਤ-ਉਦ-ਦਾਵਾ ਖ਼ੈਰਾਤੀ ਸੰਸਥਾ ਦਾ ਮੁਖੀ ਹੈ ਅਤੇ ਮੰਨਿਆ ਜਾਂਦਾ ਹੈ ਕਿ ਲਸ਼ਕਰ-ਏ-ਤੋਇਬਾ ਵੀ ਉਸ ਦਾ ਹੀ ਹਿੱਸਾ ਹੈ। ਅਤਿਵਾਦ ਵਿਰੋਧੀ ਐਕਟ 1997 'ਚ ਸੋਧ ਵਰਗੇ ਕਦਮ ਨਾਲ ਸੰਯੁਕਤ ਰਾਸ਼ਟਰ ਪਾਬੰਦੀਸ਼ੁਦਾ ਸੂਚੀ ਅਤੇ ਕੌਮੀ ਦਹਿਸ਼ਤੀ ਗੁੱਟਾਂ ਅਤੇ ਦਹਿਸ਼ਤਗਰਦਾਂ ਵਿਚਕਾਰਲਾ ਫਰਕ ਦੂਰ ਹੋ ਜਾਂਦਾ ਹੈ। ਅਖ਼ਬਾਰ ਨੇ ਕਿਹਾ ਕਿ ਅਮਰੀਕਾ ਅਤੇ ਭਾਰਤ ਵੱਲੋਂ ਪਾਕਿਸਤਾਨ ਨੂੰ ਕੌਮਾਂਤਰੀ ਮਨੀ ਲਾਂਡਰਿੰਗ ਅਤੇ ਦਹਿਸ਼ਤੀ ਫੰਡਿੰਗ ਦੀ ਕਾਲੀ ਸੂਚੀ 'ਚ ਰੱਖਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪਾਕਿਸਤਾਨ ਨੂੰ ਐਫਏਟੀਐਫ ਦੀ ਕਾਲੀ ਸੂਚੀ 'ਚ ਫਰਵਰੀ 2012 ਤੋਂ ਤਿੰਨ ਸਾਲਾਂ ਲਈ ਰੱਖਿਆ ਗਿਆ ਸੀ।

## ਕਲਮਾਂ ਵਾਲਿਓ

**ਮਲਕੀਤ ਸੋਹਲ**

ਉੱਠੋ ਜਾਗੋ ! ਹੋਸ਼ ਕਰੋ, ਕਲਮਾਂ ਵਾਲਿਓ।
ਜਾਲਮ ਤੋਂ ਨਾ ਡਰੋ, ਕਲਮਾਂ ਵਾਲਿਓ।

ਜਿਹੜੀਆਂ ਸਰਕਾਰਾਂ ਜ਼ੁਲਮ ਕਰਦੀਆਂ
ਉਨ੍ਹਾਂ ਦੀ ਹਾਮੀ ਨਾ ਭਰੋ ਕਲਮਾਂ ਵਾਲਿਓ।

ਗਰੀਬ ਦੀ ਕੁੱਲੀ ਨੂੰ ਫੂਕਦੇ ਜਿਹੜੇ
ਅਜਿਹਾ ਦੁੱਖ ਨਾ ਜਰੋ ਕਲਮਾਂ ਵਾਲਿਓ।

ਪੂੰਜੀਵਾਦ ਦੀ ਗਰਦਸ਼ ਹੈ ਚੜ੍ਹਦੀ ਰਹੀ
ਦੁਸ਼ਮਣ ਤੋਂ ਨਾ ਹਰੋ ਕਲਮਾਂ ਵਾਲਿਓ।

ਜ਼ਿੰਦਗੀ ਦੇ ਅਰਥ ਜੇ ਸਮਝੇ ਨਾ ਕਾਤਿਲ
ਉਨ੍ਹਾਂ ਖਾਤਰ ਨਾ ਮਰੋ ਕਲਮਾਂ ਵਾਲਿਓ।

ਜਨੂਨੀਂ ਕਚਹਿਰੀ 'ਚ ਦੰਗੇ ਤੇ ਨਫ਼ਰਤ
ਬਰੂਦ ਬਣ ਕੇ ਤਾਂ ਵਰ੍ਹੋ ਕਲਮਾਂ ਵਾਲਿਓ।

ਸੋਹਲ" ਫੁੱਲਾਂ ਨੂੰ ਕੋਈ ਅੱਗ ਵਿਚ ਸਾੜੇ
ਉਸ ਪੈਰੀਂ ਸੀਸ ਨਾ ਧਰੋ ਕਲਮਾਂ ਵਾਲਿਓ।

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sadelok.com

SUNPREME
Premium Bifacial Thin Film Solar

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

# KHALSA INSURANCE AGENCY, INC.




**Khalsa Insurance Agency is among TOP 50 agencies** of Blue Cross in USA.

COVERED CALIFORNIA

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

Call Now for the Lowest Health Insurance Premiums available Some Households qualify for FREE HEALTHCARE

408-272-2500

OBAMACARE IS COVERED CALIFORNIA IS THE AFFORDABLE CARE ACT IS THE California Health Benefit Exchange IS *Your destination for affordable health care*

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com